Monthly

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

THE PUNJAB HERALD

www.thepunjabherald.com.au

The Punjab Herald

WEB DESIGN
LOGO DESIGN
POSTER
FLYER ETC.



Phone 0437-641-033
+1-604-657-9215 (WhatsApp)
saverdollar@gmail.com

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy Edition - (79) Oct. 2020, Sydney, Canberra, Coffs Harbour & Melbourne, Phone - 0437641033 Fax - (02) 96221789, Email - thepunjabherald1@gmail.com

## Big changes being made in Australian Citizenship Test




English Pages: 31 - 40

Read the details on page 9

SINGH TRUCK DRIVING SCHOOL



Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

TULI JEWELLERS

yours forever



The Glittering Symbol of
Power & Strength

Design, Manufacture & Remodel

22ct., 18ct., 9ct. (Yellow & white Gold), Diamond & Gold Jewellery, Opals, Pearls & Silver Jewellery, Birth Stones, Gems
Engagement Rings & Bridal Jewellery, Astrological Advice, Insurance 'n' Evaluation, Gifts 'n' Baby Showering

Custom Made Jewellery

TULI JEWELLERS PTY. LTD.
79, Marion Street Harris Park - 2150, Ph: 9635 5994 Mob: 0422 401 199

International Visa Advisers
Migration & Education Advisers

Migration Services
• 482 TSS Visa
• Partner Visa
• Business Visa
• 186 ENS Visa
• 500 Student Visa
• Parent Visa
• 491 & 494 Regional Area Visas
Education Services
Free Admission Services in Any College/ University in Australia

HARJINDER CHOUHAN
0403 430 987
MARN : 0956110
QEAC : D034
GURBINDER BRAR
0451011878
QEAC : 0837

E: info@visaadvisers.com.au | www.visaadvisers.com.au
Sydney
1 Boys Avenue Blacktown NSW 2148
(Ground Floor - Altitude Tower) T :02 8814 8888
Melbourne
Level 21, North Tower 459 Collins St.
Email: brar@visaadvisers.com.au

# ਹਾਥਰਸ ਮਾਮਲੇ ਵਿੱਚ ਅਲਾਹਾਬਾਦ ਹਾਈਕੋਰਟ ਦਾ ਦਲੇਰਾਨਾ ਦਖਲ

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਦਿੱਤੇ ਨਾਅਰੇ "ਬੇਟੀ ਬਚਾਓ ਬੇਟੀ ਪੜਾਓ" ਦਾ ਦੇਸ਼ ਦੇ ਕੁਝ ਹਿੱਸਿਆਂ ਖਾਸ ਕਰ ਕੇ ਉੱਤਰ ਪਰਦੇਸ ਵਿੱਚ ਮਜਾਕ ਬਣਾ ਕੇ ਰੱਖ ਦਿੱਤਾ ਗਿਆ ਹੈ। ਦੇਸ਼ ਦੇ ਸਭ ਤੋਂ ਵੱਡੇ ਭਾਜਪਾ ਸ਼ਾਸ਼ਤ ਰਾਜ ਉੱਤਰ ਪ੍ਰਦੇਸ਼ ਵਿੱਚ ਆਏ ਦਿਨ ਇਸ ਨਾਅਰੇ ਅੰਦਰਲੀ ਮੂਲ ਭਾਵਨਾ ਨੂੰ ਤਾਰ ਤਾਰ ਕੀਤਾ ਜਾ ਰਿਹਾ ਹੈ। ਜਿਸ ਤਰ੍ਹਾਂ ਉੱਤਰ ਪ੍ਰਦੇਸ਼ ਅੰਦਰ ਉੱਪਰੋਥਲੀ ਦਲਿਤ ਸਮਾਜ ਦੀਆਂ ਬੱਚੀਆਂ ਨਾਲ ਸ਼ਰਮਨਾਕ ਘਟਨਾਵਾਂ ਵਾਪਰ ਰਹੀਆਂ ਹਨ ਉਸ ਨਾਲ਼ ਪੂਰੇ ਵਿਸ਼ਵ ਵਿੱਚ ਕੇਂਦਰ ਅਤੇ ਰਾਜ ਸਰਕਾਰ ਦੀ ਕਿਰਕਿਰੀ ਹੋ ਰਹੀ ਹੈ। ਇਸ ਘਟਨਾ ਨੇ 2016 ਵਿਚ ਵਾਪਰੇ ਨਿਰਭੈਆ ਕੇਸ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਉੱਤਰ ਪ੍ਰਦੇਸ਼ ਵਿਚ ਅਮਨ ਕਨੂੰਨ ਦੀ ਹਾਲਤ ਦਾ ਬਹੁਤ ਮੰਦਾ ਹਾਲ ਹੈ। ਆਏ ਦਿਨ ਕਤਲਾਂ ਅਤੇ ਬਲਾਤਕਾਰਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪੀ ਐਮ ਦਾ ਸੱਜਾ ਹੱਥ ਮੰਨੇ ਜਾਂਦੇ ਉੱਤਰ ਪਰਦੇਸ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਦੇ ਚੁਸਤ ਦਰੁਸਤ ਪ੍ਰਸ਼ਾਸ਼ਨ ਦੇਣ ਦੇ ਵਾਅਦੇ ਅਤੇ ਦਾਅਵੇ ਹਵਾ ਹਵਾਈ ਸਾਬਤ ਹੋ ਰਹੇ ਹਨ।ਜਿਸ ਤਰ੍ਹਾਂ ਇਸ ਸੰਵੇਦਨਸ਼ੀਲ ਮਾਮਲੇ ਨੂੰ ਹੱਲ ਕਰਦੇ ਸਮੇਂ ਯੂ ਪੀ ਪੁਲਿਸ ਨੇ ਗੈਰ ਜ਼ੁੰਮੇਵਾਰਾਨਾ ਰਵਈਆ ਅਖਤਿਆਰ ਕੀਤਾ ਉਸ ਨੇ ਹਰ ਅੱਖ ਨੂੰ ਨਮ ਕਰ ਦਿੱਤਾ ਹੈ। ਮਾਮਲੇ ਦੀ ਗੰਭੀਰਤਾ ਦਾ ਅੰਦਾਜਾ ਇਥੋਂ ਲਾਇਆ ਜਾ ਸਕਦਾ ਹੈ ਕਿ ਇਲਾਹਾਬਾਦ ਹਾਈਕੋਰਟ ਨੂੰ ਇਸ ਘਟਨਾ ਦਾ ਖੁਦ ਨੋਟਿਸ ਲੈਣਾ ਪਿਆ ਹੈ। ਇਲਾਹਾਬਾਦ ਹਾਈਕੋਰਟ ਨੇ ਨੋਟਿਸ ਵਿੱਚ ਕਿਹਾ ਹੈ ਕਿ ," ਮਾਮਲਾ ਸਰਵਜਨਕ ਮਹੱਤਵ ਅਤੇ ਸਰਵਜਨਕ ਹਿਤ ਦਾ ਹੈ ਕਿਉਂ ਕਿ ਇਸ ਵਿੱਚ ਰਾਜ ਦੇ ਅਧਿਕਾਰੀਆਂ ਦੁਆਰਾ ਜਿਆਦਤੀ ਦਾ ਦੋਸ਼ ਸ਼ਾਮਲ ਹੈ। ਇਸ ਕਾਰਨ ਨਾ ਕੇਵਲ ਮਿਰਤਿਕ ਪੀੜਤਾ ਬਲਕਿ ਉਸ ਦੇ ਪਰਿਵਾਰਿਕ ਮੈਂਬਰਾਂ ਦੇ ਮਾਨਵ ਅਤੇ ਮੌਲਿਕ ਅਧਿਕਾਰਾਂ ਦਾ ਉਲੰਘਣ ਹੁੰਦਾ ਹੈ"। ਜਸਟਿਸ ਰਾਜਨ ਰਾਏ ਅਤੇ ਜਸਟਿਸ ਜਸਪ੍ਰੀਤ ਸਿੰਘ ਨੇ ਕਿਹਾ ਕਿ," ਜਿਸ ਤਰ੍ਹਾਂ ਦਿਖ ਰਿਹਾ ਹੈ ਕਿ ਅਪਰਾਧ ਕਰਨ ਵਾਲਿਆਂ ਦੁਆਰਾ ਮਿਰਤਕਾ ਨਾਲ ਬਹੁਤ ਕਰੂਰਤਾ ਵਰਤੀ ਗਈ ਸੀ ਅਤੇ ਉਸ ਤੋਂ ਬਾਅਦ ਕੀ ਹੋਇਆ, ਅਗਰ ਇਹ ਸੱਚ ਹੈ ਤਾਂ ਪਰਿਵਾਰ ਦੇ ਦੁੱਖ ਵਿੱਚ ਵਾਧਾ ਕਰਨ ਵਾਲਾ ਅਤੇ ਉਹਨਾਂ ਦੇ ਜਖਮਾਂ ਉੱਤੇ ਨਮਕ ਛਿੜਕਣ ਵਾਲਾ ਹੈ"। ਇਹਨਾਂ ਦੋਹਾਂ ਜੱਜਾਂ ਦੀ ਬੈਂਚ ਨੇ ਮਾਮਲੇ ਦਾ ਖੁਦ ਨੋਟਿਸ ਲੈਂਦਿਆਂ ਕੋਰਟ ਦੇ ਸੀਨੀਅਰ ਰਜਿਸਟਰਾਰ ਨੂੰ ਆਦੇਸ਼ ਦਿੱਤਾ ਹੈ ਕਿ,"ਗਰਿਮਾ ਪੂਰਨ ਅੰਤਿਮ ਸੰਸਕਾਰ" ਦੇ ਨਾਮ ਤਹਿਤ ਜਨ ਹਿੱਤ ਸ਼ਿਕਾਇਤ ਦਾਇਰ ਕੀਤੀ ਜਾਵੇ ਜਿਸ ਦੀ ਸੁਣਵਾਈ 12 ਸਤੰਬਰ ਨੂੰ ਹੋਵੇਗੀ। ਅਦਾਲਤ ਨੇ ਕਿਹਾ ਹੈ ਕਿ ਇਹ ਤਹਿ ਕੀਤਾ ਜਾਣਾ ਚਾਹੀਦਾ ਹੈ ਕਿ ਰਾਤ 2 ਵਜੇ ਤੋਂ ਬਾਅਦ ਪੀੜਤਾ ਦਾ ਜਲਦ ਬਾਜੀ ਵਿੱਚ ਦਾਹ ਸੰਸਕਾਰ ਕਰਨਾ ਸੰਵਿਧਾਨ ਦੀ ਧਾਰਾ 21 ਅਧੀਨ ਜੀਵਨ ਦੇ ਮੌਲਿਕ ਅਧਿਕਾਰ ਦਾ ਉਲੰਘਣ ਤਾਂ ਨਹੀਂ ਹੈ। ਦੇਰ ਰਾਤ ਜਲਦਬਾਜ਼ੀ ਵਿਚ ਕੀਤੇ ਸੰਸਕਾਰ ਨੂੰ ਲੈ ਕੇ ਅਦਾਲਤ ਨੇ ਸ਼ੱਕ ਪ੍ਰਗਟ ਕੀਤਾ ਹੈ ਕਿ ਇਹ ਸਭ ਕੁੱਝ ਅਧਿਕਾਰੀਆਂ ਨੇ ਲੜਕੀ ਦੀ ਆਰਥਿਕ ਹੈਸੀਅਤ ਕਰਕੇ ਕੀਤਾ ਹੈ।ਇਸ ਮਾਮਲੇ ਵਿੱਚ ਅਦਾਲਤ ਨੇ ਉੱਤਰ ਪ੍ਰਦੇਸ਼ ਦੇ ਵਧੀਕ ਸਕੱਤਰ (ਗਰਿਹ), ਡੀ ਜੀ ਪੀ, ਏ ਡੀ ਜੀ ਪੀ (ਕਨੂੰਨ ਵਿਵਸਥਾ), ਹਾਥਰਸ ਦੇ ਜ਼ਿਲਾ ਮਜਿਸਟਰੇਟ ਅਤੇ ਜਿਲ੍ਹਾ ਪੁਲਿਸ ਮੁਖੀ ਨੂੰ ਤਲਬ ਕੀਤਾ ਹੈ। ਉਹਨਾਂ ਨੂੰ ਅਦਾਲਤ ਦੇ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਅਤੇ ਪੜਤਾਲ ਵਿੱਚ ਹੋਈ ਪ੍ਰਗਤੀ ਵਾਰੇ ਰੀਪੋਰਟ ਕਰਨ ਲਈ ਆਦੇਸ਼ ਦਿੱਤਾ ਹੈ। ਦੂਜੇ ਪਾਸੇ ਅਦਾਲਤ ਨੇ ਪੀੜਤਾ ਦੇ ਮਾਤਾ ਪਿਤਾ ਅਤੇ ਭਾਈ ਭੈਣ ਆਦਿ ਨੂੰ ਵੀ ਅਦਾਲਤ ਸਾਹਮਣੇ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਹਨ ਤਾਂ ਕਿ ਉਹਨਾਂ ਦੀ ਬੇਟੀ ਦੇ ਸੰਸਕਾਰ ਵਾਰੇ ਉਹਨਾਂ ਦਾ ਪੱਖ ਸੁਣਿਆ ਜਾ ਸਕੇ ਅਤੇ ਅਦਾਲਤ, ਪ੍ਰਸ਼ਾਸ਼ਨ ਵਲੋਂ ਪੇਸ਼ ਕੀਤੇ ਜਾਣ ਵਾਲੇ ਤੱਥਾਂ ਦੀ ਜਾਂਚ ਕਰ ਸਕੇ।ਹਾਥਰਸ ਦੇ ਜਿਲ੍ਹਾ ਜੱਜ ਨੂੰ ਇਹ ਨਿਸਚਿਤ ਕਰਨ ਦੇ ਆਦੇਸ਼ ਦਿੱਤੇ ਗਏ ਹਨ ਕਿ ਸੁਣਵਾਈ ਦੇ ਦਿਨ ਪੀੜਤਾ ਦੇ ਪਰਿਵਾਰ ਵਾਲੇ ਅਦਾਲਤ ਵਿੱਚ ਮੌਜੂਦ ਰਹਿਣ। ਦੇਖਿਆ ਜਾਵੇ ਤਾਂ ਸ਼ੁਰੂ ਤੋਂ ਲੈ ਕੇ ਇਸ ਕੇਸ ਤੇ ਪੁਲਿਸ ਅਧਿਕਾਰੀਆਂ ਵਲੋਂ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਪਹਿਲਾਂ ਪੁਲਿਸ ਇਸ ਮਾਮਲੇ ਦੀ ਐਫ ਆਈ ਆਰ ਦਰਜ ਕਰਨ ਵਿਚ ਆਨਾ ਕਾਨੀ ਕਰਦੀ ਰਹੀ ਜੋ ਕਿ ਕਨੂੰਨਨ ਜੁਰਮ ਹੈ। ਇਸ ਤੋਂ ਬਾਅਦ ਉਸ ਲੜਕੀ ਨੂੰ ਜਾਣ ਬੁਝ ਕੇ ਮੈਡੀਕਲ ਸਹਾਇਤਾ ਦੇਣ ਵਿਚ ਦੇਰੀ ਕੀਤੀ ਗਈ। ਜਦੋਂ ਲੜਕੀ ਨੇ ਦਿੱਲੀ ਦੇ ਸਫਦਰਗੰਜ ਹਸਪਤਾਲ ਵਿੱਚ ਦਮ ਤੋੜ ਦਿੱਤਾ ਤਾਂ ਜਲਦਬਾਜ਼ੀ ਵਿੱਚ ਪੁਲੀਸ ਨੇ ਉਸ ਦੀ ਲਾਸ਼ ਦਾ ਸੰਸਕਾਰ ਕਰ ਦਿੱਤਾ। ਇਸ ਸਮੇਂ ਲੜਕੀ ਦੇ ਪਰਿਵਾਰ ਨੂੰ ਲਾਸ਼ ਦੇ ਨੇੜੇ ਨਹੀਂ ਆਉਣ ਦਿੱਤਾ ਗਿਆ। ਜਿਉਂਦੇ ਜੀਅ ਤਾਂ ਉਸ ਨਾਲ ਜੋ ਹੋਇਆ ਸੋ ਹੋਇਆ, ਮਰਨ ਉਪਰੰਤ ਵੀ ਉਸ ਦਾ ਤਿਰਸਕਾਰ ਕੀਤਾ ਗਿਆ। ਪ੍ਰਸ਼ਾਸ਼ਨ ਦੇ ਇਸ ਗੈਰ ਮਾਨਵੀ ਵਤੀਰੇ ਨੂੰ ਦੇਖ ਕੇ ਪੂਰੇ ਦੇਸ਼ ਅੰਦਰ ਰੋਸ ਦੀ ਇੱਕ ਲਹਿਰ ਫੈਲ ਗਈ। ਇਸੇ ਦੌਰਾਨ ਪੁਲਿਸ ਦੇ ਏ ਡੀ ਜੀ ਪੀ ਰੈਂਕ ਦੇ ਇੱਕ ਪੁਲਿਸ ਅਧਿਕਾਰੀ ਨੇ ਬਿਆਨ ਦੇ ਮਾਰਿਆ ਕਿ ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਲੜਕੀ ਨਾਲ ਬਲਾਤਕਾਰ ਨਹੀਂ ਹੋਇਆ ਕਿਉ ਕਿ ਰਿਪੋਰਟ ਵਿੱਚ ਸੀਮਨ ਨਾ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਪੁਲਿਸ ਅਧਿਕਾਰੀ ਨੇ ਇਹ ਬਿਆਨ ਹਾਈਕੋਰਟ ਵਲੋਂ ਮਾਮਲੇ ਦਾ ਸਵੈ ਨੋਟਿਸ ਲੈਣ ਤੋਂ ਬਾਅਦ ਦਿੱਤਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਬਿਆਨ ਦੇਣ ਸਮੇਂ ਇਸ ਉੱਚ ਪੁਲਿਸ ਅਧਿਕਾਰੀ ਨੂੰ ਨਵੇਂ ਕਨੂੰਨ ਦੀ ਰੌਸ਼ਨੀ ਵਿਚ ਬਲਾਤਕਾਰ ਦੀ ਸੋਧੀ ਹੋਈ ਪਰਿਭਾਸ਼ਾ ਦੀ ਜਾਣਕਾਰੀ ਨਹੀਂ ਸੀ ? ਅਸਲ ਵਿਚ ਇਹ ਬਿਆਨ ਵੀ ਉਸੇ ਕੜੀ ਦਾ ਹਿੱਸਾ ਹੈ ਜਿਸ ਦਾ ਇਸਤੇਮਾਲ ਇਸ ਸ਼ਰਮਨਾਕ ਅਪਰਾਧ ਨੂੰ ਦਬਾਉਣ ਲਈ ਕੀਤਾ ਜਾ ਰਿਹਾ ਹੈ।ਦੂਜੇ ਪਾਸੇ ਪੀੜਤਾ ਦੀ ਪੋਸਟ ਮਾਰਟਮ ਰਿਪੋਰਟ ਵਿਚ ਸਾਫ ਲਿਖਿਆ ਹੈ ਕਿ ਉਸ ਦੀ ਰੀੜ ਦੀ ਹੱਡੀ ਵਿੱਚ ਫਰੈਕਚਰ ਸੀ ਅਤੇ ਉਸ ਦਾ ਗਲਾ ਦਬਾਇਆ ਗਿਆ ਸੀ। ਇਹ ਰਿਪੋਰਟ ਦਿੱਲੀ ਦੇ ਸਫਦਰਗੰਜ ਹਸਪਤਾਲ ਵਲੋਂ ਹੀ ਤਿਆਰ ਕੀਤੀ ਗਈ ਹੈ ਜਿਥੇ ਪੀੜਤਾ ਦੀ ਮੌਤ ਹੋਈ। ਵਰਮਾ ਰਿਪੋਰਟ ਤੇ ਅਧਾਰਤ ਬਲਾਤਕਾਰ ਦੀ ਸੋਧੀ ਹੋਈ ਕਨੂੰਨੀ ਪਰਿਭਾਸ਼ਾ ਅਨੁਸਾਰ ਲੜਕੀ ਨਾਲ ਵਾਪਰੀ ਘਟਨਾ ਕਿਸੀ ਤਰਾਂ ਵੀ ਬਲਾਤਕਾਰ ਦੇ ਘੇਰੇ ਚੋਂ ਬਾਹਰ ਨਹੀਂ ਰੱਖੀ ਜਾ ਸਕਦੀ। 2 ਦਿਨ ਪਹਿਲਾਂ ਉੱਤਰ ਪਰਦੇਸ ਸਰਕਾਰ ਨੇ ਐਸ ਪੀ ਰੈਂਕ ਦੇ ਅਧਿਕਾਰੀ ਵਿਕਰਾਂਤ ਵੀਰ ਸਮੇਤ 5 ਪੁਲਿਸ ਅਧਿਕਾਰੀਆਂ ਨੂੰ ਸਸਪੈਂਡ ਕਰ ਕੇ ਮਾਮਲੇ ਦੀ ਜਾਂਚ ਕਰਨ ਦਾ ਜ਼ੁੰਮਾ ਸੀ ਬੀ ਆਈ ਨੂੰ ਸੌਂਪ ਦਿੱਤਾ ਹੈ। ਇਸ ਮਾਮਲੇ ਵਿੱਚ ਪੀੜਤ ਧਿਰ ਦਾ ਸਾਥ ਦੇ ਰਹੇ ਲੋਕ, ਉੱਤਰ ਪਰਦੇਸ ਸਰਕਾਰ ਅਤੇ ਪ੍ਰਸ਼ਾਸਨ ਦੀ ਥਾਂ ਅਲਾਹਾਬਾਦ ਹਾਈਕੋਰਟ ਤੋਂ ਇਨਸਾਫ ਦੀ ਉਮੀਦ ਕਰ ਰਹੇ ਹਨ। ਭਾਰਤ ਵਿੱਚ ਅਦਾਲਤਾਂ ਦੀ ਢਿੱਲੀ ਕਾਰਗੁਜ਼ਾਰੀ ਦੇ ਬਾਵਜੂਦ ਵੀ ਲੋਕਾਂ ਦਾ ਨਿਆਂ ਪਾਲਿਕਾ ਉੱਤੇ ਭਰੋਸਾ ਬਰਕਰਾਰ ਹੈ।

*ਹਰਜਿੰਦਰ ਸਿੰਘ ਗੁਲਪੁਰ*
*ਮੈਲਬੌਰਨ(ਆਸਟ੍ਰੇਲੀਆ)*
*0061411218801*

DREAMZ TO REALITY LOANS

Dreamz to Reality Loans

RAJESH BHATIA
MORTGAGE BROKER
0430 821 823



HOME LOAN EXPERT

Specialised in...

* Home Loans
* Investment Property Loans
* Land & Construction Loans
* Refinancing
* Debt Consolidation
* Car, Business & Personal loans
* Risk Insurances

SAVING FOR FIRST HOME BUYERS
UPTO $50,000*

Take Advantage of
1. Home Builder Grant $25,000
2. Frist Home Owner Grant $10,000
3. Stamp duty exemptions
*T & C Apply

bankwest nab ANZ citibank Westpac FASTLEND ING BANK SUNCORP BANK CommonwealthBank Heritage Bank st.george LIBERTY BANK pepper money Virgin money

CASHBACK
REFINANCE UPTO $4000
*T & C Apply

SPECIAL INTEREST RATE*
* CONDITIONS APPLY.

OWNER OCCUPIED RATES
1.99% fixed for 3 years, Principal & Interest Re-payments
2.19% Variable rate, Principal & Interest Re-payments*

INVESTMENT RATE
2.49% fixed for 2 years Principal & Interest Re-payments

E : raj@dtrloans.com.au
W: dtrloans.com.au
Address : 1/15 Flushcombe Road Blacktown NSW 2148

FAST Accredited Member
FBAA

Rajesh Bhatia is a credit representative (CRN 486345) of BLSSA Pty Ltd (ACL No: 381237)



CHOOSE YOUR LAND, BUILD YOUR DREAM HOME

ATTENTION FIRST HOME BUYERS & INVESTORS



BOX HILL
RIVERSTONE
SCHOFIELDS
MARSDEN PARK
ROUSE HILL
COLEBEE
ORAN PARK
AUSTRAL
LEPPINGTON
GREGORY HILLS

INVEST IN BOOMING SUBURBS

HOME & LAND PACKAGES



CONTACT FOR MORE ENQUIRES

SANJAY SAKI - 0432 838 919

Waratah Estate Agents

AGENCY OF THE YEAR
2018 & 2019 SCHOFIELDS
2018 & 2020 MARSDEN PARK




# Prominwnt Social Activist Swami Agnivesh Passed Away



Swami Agnivesh, an internationally acclaimed activist and a multifaceted personality, died on 11 Sep. 2020. He will be remembered as a monk, who was an Arya Samaj leader with a secular outlook, a messiah of the downtrodden, a crusader against bonded labour and a rationalist who questioned blind faith and dogmas, a conscientious political thinker and a reputed author.

He was born as Vepa Shyam Rao on Sep. 1939 in Andhra Pradesh. On graduating in Law and Commerce, he taught in Kolkata's St. X'aviours college. On becoming full time Arya Samaj member, he renounced worldly possessions in 1970, became a monk and later founded World Council of Arya Samaj. He joined JP's movement against authoritarian government of Mrs. Indira Gandhi and was jailed for 14 months during Emergency. He was elected to Haryana assembly in 1977 and served as Education Minister before resigning for espousing the cause of industrial workers killed in police firing at Fridabad.

He worked against bonded labour through his BADHUA MUKTI MORCHA. Recognizing his work, he was appointed chairman of UN Voluntary Trust Fund on contemporary Forms of Slavery; He was awarded Right to Livelihood Prize i.e. Alternative Nobel Peace Prize in 2004.

PM Manmohan Singh's UPA Govt appointed him interlocutor for peace talks with Naxalites in Chhatisgarh. He was instrumental in securing the release of abducted cops from Naxlites. It was the mass movement led by him against the Sati. That commission of Sati (Prevention) Act 1987 was passed and in Haryana a Total prohibition of Liquor was introduced for two years.

On the other hand the Swami had to contend with orthodox elements who opposed his advocacy for opening Jagannath Temple at Puri for all faiths rather than restricting it for Hindus only besides his scepticism for reverence of ice –formed symbol of Lord Siva in Amarnath shrine. He stressed that he never criticised spirit of religion, but opposed only orthodox dogmas and those who used religion for political gains. But he regretted the Arya Samaj founder Swami Dyanand Saraswati's derogatory remarks about GuruNanak. For his secular views, a frenzied mob of alleged BJP's youth wing assaulted him at Littipura (Jharkhand) in July 2018 dubbing him anti Hindu and sympathetic Charitian Missionaries.

In literary field Swami Agnivesh authored a number of books such as: Religion, Revolution and Marxism; Vaidik Samajwad, Harvest of Hate: Gujrat Under Siege; Religion, Spirituality and Social Action- New Agenda for Humanity; Hinduism in New Age. He was also Editor in chief of Rajdharma (1968-78) and Karuti Dharmi (1989-91).

***Wing Cdr Kuldip Singh***

# ਅਮਰੀਕੀ ਅਦਾਲਤ ਨੇ ਟਰੰਪ ਦੇ ਐੱਚ-1ਬੀ ਵੀਜ਼ੇ 'ਤੇ ਪਾਬੰਦੀ ਬਾਰੇ ਫ਼ੈਸਲੇ 'ਤੇ ਰੋਕ ਲਗਾਈ




ਵਾਸ਼ਿੰਗਟਨ : ਇਸ ਸਾਲ ਜੂਨ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਐੱਚ-1 ਬੀ ਵੀਜ਼ਾ 'ਤੇ ਪਾਬੰਦੀ ਲਈ ਜਾਰੀ ਕੀਤੇ ਆਦੇਸ਼ ਨੂੰ ਸੰਘੀ ਜੱਜ ਨੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਰਾਸ਼ਟਰਪਤੀ ਪਾਬੰਦੀ ਲਗਾਉਣ ਦੇ ਸੰਵਿਧਾਨਕ ਅਧਿਕਾਰ ਤੋਂ ਪਰੇ ਚਲੇ ਗਏ ਹਨ। ਇਹ ਹੁਕਮ ਕੈਲੀਫੋਰਨੀਆ ਦੇ ਉੱਤਰੀ ਜ਼ਿਲ੍ਹੇ ਦੇ ਜ਼ਿਲ੍ਹਾ ਜੱਜ ਜੈਫਰੀ ਵ੍ਹਾਈਟ ਨੇ ਜਾਰੀ ਕੀਤਾ।

# ਅਮਰੀਕਾ 'ਚ ਰਹਿੰਦੇ 42 ਲੱਖ ਭਾਰਤੀਆਂ ਵਿੱਚੋਂ 6.5 ਫ਼ੀਸਦ ਗਰੀਬੀ ਰੇਖਾ ਤੋਂ ਹੇਠਾਂ, ਬਹੁਗਿਣਤੀ ਪੰਜਾਬੀਆਂ ਤੇ ਬੰਗਾਲੀਆਂ ਦੀ



ਵਾਸ਼ਿੰਗਟਨ : ਅਮਰੀਕਾ ਵਿਚ ਰਹਿੰਦੇ 42 ਲੱਖ ਭਾਰਤੀ-ਅਮਰੀਕੀ ਵਿਚੋਂ ਲਗਪਗ 6.5 ਪ੍ਰਤੀਸ਼ਤ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਅਤੇ ਕੋਵਿਡ-19 ਮਹਾਮਾਰੀ ਕਾਰਨ ਇਸ ਭਾਈਚਾਰੇ ਵਿੱਚ ਗਰੀਬੀ ਵਧਣ ਦਾ ਖਦਸ਼ਾ ਹੈ। ਇਹ ਤੱਥ ਤਾਜ਼ਾ ਖੋਜ ਵਿਚ ਸਾਹਮਣੇ ਆਇਆ ਹੈ। ਜੌਨ ਹੌਪਕਿੰਸ ਵਿੱਚ ਸਥਿਤ ਪਾਲ ਨੀਟਜ਼ ਸਕੂਲ ਆਫ਼ ਐਡਵਾਂਸਡ ਇਂਟਰਨੈਸ਼ਨਲ ਸਟੱਡੀਜ਼ ਦੇ ਦੇਵੇਸ਼ ਕਪੂਰ ਅਤੇ ਜਸ਼ਨ ਬਾਜਵਾਤ ਵੱਲੋਂ ਕੀਤੀ ਖੋਜ ਦੇ ਨਤੀਜੇ 'ਭਾਰਤ-ਅਮਰੀਕੀ ਆਬਾਦੀ ਵਿੱਚ ਗਰੀਬੀ' ਵਿਸ਼ੇ 'ਤੇ ਵੀਰਵਾਰ ਨੂੰ ਜਾਰੀ ਕੀਤੇ ਗਏ। ਸ੍ਰੀ ਕਪੂਰ ਨੇ ਕਿਹਾ ਕਿ ਬੰਗਾਲੀ ਅਤੇ ਪੰਜਾਬੀ ਬੋਲਣ ਵਾਲੇ ਭਾਰਤੀ ਅਮਰੀਕੀਆਂ ਵਿੱਚ ਗਰੀਬੀ ਵਧੇਰੇ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ ਇਕ ਤਿਹਾਈ ਕੋਲ ਕੰਮ ਨਹੀਂ ਤੇ ਤਕਰੀਬਨ 20 ਪ੍ਰਤੀਸ਼ਤ ਕੋਲ ਅਮਰੀਕਾ ਦੀ ਨਾਗਰਿਕਤਾ ਵੀ ਨਹੀਂ ਹੈ।

# ਟਰੰਪ-ਬਾਇਡਨ ਬਹਿਸ ਦੇ ਸਿੱਟਿਆਂ 'ਤੇ ਵੰਡੇ ਗਏ ਭਾਰਤੀ-ਅਮਰੀਕੀ





ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਨ੍ਹਾਂ ਦੇ ਡੈਮੋਕਰੈਟ ਵਿਰੋਧੀ ਜੋਅ ਬਾਇਡਨ ਵਿਚਾਲੇ ਪਹਿਲੀ ਬਹਿਸ ਦੇ ਭਾਰਤੀ-ਅਮਰੀਕੀ ਭਾਈਚਾਰਾ ਵੱਖ-ਵੱਖ ਸਿੱਟੇ ਕੱਢ ਰਿਹਾ ਹੈ ਤੇ ਵੰਡਿਆ ਗਿਆ ਹੈ। ਟਰੰਪ ਦੇ ਹਮਾਇਤੀ ਕਹਿ ਰਹੇ ਹਨ ਕਿ ਉਨ੍ਹਾਂ 'ਲੋਕਾਂ ਨੂੰ ਜਿੱਤ ਲਿਆ ਹੈ।' ਜਦਕਿ ਬਾਇਡਨ ਹਮਾਇਤੀ ਕਹਿ ਰਹੇ ਹਨ ਕਿ ਡੈਮੋਕਰੈਟ ਉਮੀਦਵਾਰ ਨੇ ਸਫ਼ਲਤਾ ਨਾਲ ਖ਼ੁਦ ਨੂੰ ਬਿਆਨ ਕਰ ਦਿੱਤਾ ਹੈ ਕਿ ਕਿਉਂ ਉਹ ਅਗਲੇ ਚਾਰ ਸਾਲ ਲਈ ਵਾਈਟ ਹਾਊਸ ਵਿਚ ਬੈਠਣ ਦੇ ਹੱਕਦਾਰ ਹਨ।

ਭਾਰਤੀ ਅਮਰੀਕੀ ਅਟਾਰਨੀ ਹਰਮੀਤ ਕੇ. ਢਿੱਲੋਂ ਨੇ ਬਹਿਸ ਕਰਵਾਉਣ ਵਾਲੇ ਫੌਕਸ ਨਿਊਜ਼ ਦੇ ਕ੍ਰਿਸ ਵੈਲੈਸ 'ਤੇ ਪੱਖਪਾਤੀ ਹੋਣ ਦਾ ਦੋਸ਼ ਲਾਇਆ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਦੌਰਾਨ ਕਿਹਾ ਕਿ ਸੁਪਰੀਮ ਕੋਰਟ ਦੇ ਜੱਜ ਲਈ ਕਿਸੇ ਨੂੰ ਨਾਮਜ਼ਦ ਕਰਨ ਦਾ ਉਨ੍ਹਾਂ ਨੂੰ ਪੂਰਾ ਹੱਕ ਹੈ। ਜਦਕਿ ਰਾਸ਼ਟਰਪਤੀ ਦੇ ਅਹੁਦੇ ਲਈ ਉਨ੍ਹਾਂ ਦੇ ਵਿਰੋਧੀ ਡੈਮੋਕਰੈਟ ਉਮੀਦਵਾਰ ਜੋਅ ਬਾਇਡਨ ਨੇ ਜ਼ੋਰ ਦੇ ਕੇ ਕਿਹਾ ਕਿ ਤਿੰਨ ਨਵੰਬਰ ਦੀਆਂ ਚੋਣਾਂ ਦੇ ਜੇਤੂ ਨੂੰ ਇਹ ਕਰਨਾ ਚਾਹੀਦਾ ਹੈ। ਟਰੰਪ ਤੇ ਬਾਇਡਨ ਵਿਚਾਲੇ ਅੱਜ ਆਹਮੋ-ਸਾਹਮਣੇ ਪਹਿਲੀ ਬਹਿਸ ਹੋਈ। ਕਲੀਵਲੈਂਡ, ਓਹਾਈਓ ਵਿਚ ਤਿੱਖੀ ਬਹਿਸ ਦੌਰਾਨ ਕੋਵਿਡ, ਨਸਲਵਾਦ, ਅਰਥਚਾਰੇ ਤੇ ਜਲਵਾਯੂ ਤਬਦੀਲੀ ਦੇ ਮੁੱਦੇ ਵੀ ਉੱਭਰੇ। ਬਾਇਡਨ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਨਾਮਜ਼ਦਗੀ ਵਿਚ ਅਮਰੀਕੀ ਲੋਕਾਂ ਦੀ ਸਲਾਹ ਵੀ ਸ਼ਾਮਲ ਹੋਣੀ ਚਾਹੀਦੀ ਹੈ। ਇਹ ਉਦੋਂ ਹੋਵੇਗੀ ਜਦ ਉਹ ਸੈਨੇਟਰਾਂ ਤੇ ਰਾਸ਼ਟਰਪਤੀ ਲਈ ਵੋਟ ਪਾਉਣਗੇ। ਬਾਇਡਨ ਨੇ ਕਿਹਾ ਕਿ ਇਸ ਵੇਲੇ ਅਸੀਂ ਚੋਣਾਂ ਦੇ ਵਿਚਾਲੇ ਹਾਂ। ਇਹ ਪਹਿਲਾਂ ਹੀ ਸ਼ੁਰੂ ਹੋ ਚੁੱਕੀਆਂ ਹਨ।

# ਟਰੰਪ ਨੇ ਐਮੀ ਨੂੰ ਸੁਪਰੀਮ ਕੋਰਟ ਦੀ ਜੱਜ ਵਜੋਂ ਕੀਤਾ ਨਾਮਜ਼ਦ, ਸੱਤ ਬੱਚਿਆਂ ਦੀ ਮਾਂ ਹੈ ਐਮੀ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੁਪਰੀਮ ਕੋਰਟ ਦੀ ਜੱਜ ਰੂਥ ਬਾਡੇਰ ਗਿੰਸਬਰਗ ਦੀ ਮੌਤ ਨਾਲ ਖਾਲੀ ਹੋਏ ਅਹੁਦੇ ਲਈ ਜੱਜ ਐਮੀ ਕੋਨਏ ਬੈਰੇਟ ਨੂੰ ਨਾਮਜ਼ਦ ਕੀਤਾ ਹੈ। ਬੈਰੇਟ ਇਸ ਸਮੇਂ 7ਵੀਂ ਸਰਕਟ ਕੋਰਟ ਆਫ਼ ਅਪੀਲਜ਼ ਵਿੱਚ ਜੱਜ ਹੈ। ਟਰੰਪ ਨੂੰ ਇਸ ਅਹੁਦੇ ਲਈ 2017 ਵਿੱਚ ਉਨ੍ਹਾਂ ਨੂੰ ਨਾਮਜ਼ਦ ਕੀਤਾ ਸੀ। ਟਰੰਪ ਨੇ ਵ੍ਹਾਈਟ ਹਾਊਸ ਰੋਜ਼ ਗਾਰਡਨ ਵਿਚ ਐਲਾਨ ਕੀਤਾ, "ਅੱਜ ਮੈਨੂੰ ਮਾਣ ਹੈ ਕਿ ਮੈਂ ਆਪਣੇ ਦੇਸ਼ ਦੀ ਸਭ ਤੋਂ ਜ਼ਹੀਨ ਅਤੇ ਕਨੂੰਨੀ ਦੀ ਪੂਰੀ ਜਾਣਕਾਰੀ ਰੱਖਣ ਵਾਲੀ ਹਸਤੀ ਨੂੰ ਸੁਪਰੀਮ ਕੋਰਟ ਦੀ ਜੱਜ ਨਾਮਜ਼ਦ ਕਰਦਾ ਹਾਂ।" ਰਾਸ਼ਟਰਪਤੀ ਦੀ ਸਿਫਾਰਸ਼ ਤੋਂ ਬਾਅਦ ਬੈਰੇਟ ਦੇ ਨਾਮ ਨੂੰ ਸੈਨੇਟ ਤੋਂ ਮਨਜ਼ੂਰੀ ਮਿਲਣੀ ਜ਼ਰੂਰੀ ਹੈ। ਉਹ ਪਤੀ ਅਤੇ ਸੱਤ ਬੱਚਿਆਂ ਨਾਲ ਇੰਡੀਆਨਾ ਰਾਜ ਵਿਚ ਰਹਿੰਦੀ ਹੈ।

# ਅਮਰੀਕਾ ਦੇ ਰਾਸ਼ਟਰਪਤੀ ਟਰੰਪ ਤੇ ਉਨ੍ਹਾਂ ਦੀ ਪਤਨੀ ਨੂੰ ਕਰੋਨਾ ਦੀ ਪੁਸ਼ਟੀ ਨਾਲ ਕੌਮਾਂਤਰੀ ਸ਼ੇਅਰ ਬਾਜ਼ਾਰ ਨੂੰ ਦੌਰਾ ਪਿਆ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਨੂੰ ਕਰੋਨਾ ਹੋ ਗਿਆ ਹੈ। ਰਾਸ਼ਟਰਪਤੀ ਨੇ ਇਸ ਬਾਰੇ ਟਵੀਟ ਕਰਕੇ ਦੱਸਿਆ ਹੈ। ਇਸ ਨਾਲ ਦੇਸ਼ ਵਿੱਚ ਰਾਸ਼ਟਰਪਤੀ ਦੀਆਂ ਚੋਣਾਂ ਦੌਰਾਨ ਟਰੰਪ ਦੀ ਮੁਹਿੰਮ ਨੂੰ ਝਟਕਾ ਲੱਗਿਆ ਹੈ। ਇਸ ਦੌਰਾਨ ਟਰੰਪ ਤੇ ਉਨ੍ਹਾਂ ਦੀ ਪਤਨੀ ਨੂੰ ਕਰੋਨਾ ਦੀ ਖ਼ਬਰ ਦੇ ਨਾਲ ਹੀ ਯੂਐੱਸ ਸਟਾਕ ਵਾਅਦਾ ਕਾਰੋਬਾਰ ਅਤੇ ਏਸ਼ਿਆਈ ਬਾਜ਼ਾਰਾਂ ਵਿੱਚ ਗਿਰਾਵਟ ਆ ਗਈ। ਇਸ ਤੋਂ ਇਲਾਵਾ ਕੱਚੇ ਤੇਲ ਦੀਆਂ ਕੀਮਤਾਂ ਵੀ ਤਿੰਨ ਪ੍ਰਤੀਸ਼ਤ ਤੋਂ ਵੱਧ ਡਿੱਗ ਗਈਆਂ।

# ਮੋਦੀ ਦੇ ਮਿੱਤਰ ਟਰੰਪ ਦਾ ਭਾਰਤ 'ਤੇ ਇਕ ਹੋਰ ਹਮਲਾ: ਭਾਰਤ ਕਰੋਨਾ ਕਾਰਨ ਹੋਈਆਂ ਮੌਤਾਂ ਦਾ ਸਹੀ ਅੰਕੜਾ ਨਹੀਂ ਦੇ ਰਿਹਾ

ਨਿਊ ਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਨੇ ਕੋਵਿਡ-19 ਨਾਲ ਹੋਈਆਂ ਮੌਤਾਂ ਦੀ ਸਹੀ ਗਿਣਤੀ ਨਹੀਂ ਦੇ ਰਿਹਾ।

ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਜੋਏ ਬਿਡੇਨ ਵਿਚਕਾਰ ਬੀਤ ਰਾਤ ਨੂੰ ਹੋਈ ਸਿੱਧੀ ਬਹਿਸ ਦੌਰਾਨ ਟਰੰਪ 'ਤੇ ਇਹ ਦੋਸ਼ ਲਗਾਇਆ। ਬਿਡੇਨ ਨੇ ਕਿਹਾ ਕਿ ਅਮਰੀਕਾ ਵਿੱਚ ਕਰੋਨਵਾਇਰਸ ਨਾਲ 2 ਲੱਖ ਤੋਂ ਵੱਧ ਮੌਤਾਂ ਹੋਈਆਂ ਹਨ, ਜਦ ਕੁੱਲ ਸੰਸਾਰ ਵਿੱਚ ਮੌਤਾਂ ਦੀ ਗਿਣਤੀ ਦਸ ਲੱਖ ਹੈ। ਇਸ ਤਰ੍ਹਾਂ ਇਕੱਲੇ ਅਮਰੀਕਾ ਵਿੱਚ ਕਰੋਨਾ ਕਾਰਨ ਸਾਰੇ ਸੰਸਾਰ ਦੀਆਂ 20 ਫੀਸਦ ਸੀ ਮੌਤਾਂ ਹੋਈਆਂ ਹਨ ਜਦ ਕਿ ਅਮਰੀਕਾ ਦੀ ਆਬਾਦੀ ਵਿਸ਼ਵ ਦਾ ਸਿਰਫ 4 ਫੀਸਦ ਹੈ। ਇਸ ਦਾ ਟਰੰਪ ਨੇ ਜਵਾਬ ਦਿੰਦਿਆਂ ਕਿਹਾ, ਜਦੋਂ ਤੁਸੀਂ ਨੰਬਰਾਂ ਦੀ ਗੱਲ ਕਰਦੇ ਹੋ ਤਾਂ ਤੁਹਾਨੂੰ ਪਤਾ ਹੁੰਦਾ ਹੈ ਕਿ ਚੀਨ ਵਿਚ ਕਿੰਨੇ ਲੋਕਾਂ ਦੀ ਮੌਤ ਹੋਈ ? ਤੁਸੀਂ ਜਾਣਦੇ ਹੋ ਰੂਸ ਵਿਚ ਕਿੰਨੇ ਲੋਕਾਂ ਦੀ ਮੌਤ ਹੋਈ ? ਤੁਸੀਂ ਨਹੀਂ ਜਾਣਦੇ ਕਿ ਭਾਰਤ ਵਿਚ ਕਿੰਨੇ ਲੋਕਾਂ ਦੀ ਮੌਤ ਹੋਈ। ਇਸ ਸਾਰੇ ਮੁਲਕ ਮੌਤਾਂ ਦੇ ਸਹੀ ਅੰਕੜੇ ਨਹੀਂ ਦੇ ਰਹੇ।"

# ਟਰੰਪ ਹਮਾਇਤੀ ਸਿੱਖਾਂ ਵੱਲੋਂ ਬਾਇਡਨ ਦੀ ਮੁਹਿੰਮ ਦਾ ਵਿਰੋਧ




ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਅਧੀਨ ਸਿੱਖਾਂ ਦੇ ਸੁਰੱਖਿਅਤ ਹੋਣ ਦਾ ਦਾਅਵਾ ਕਰਦਿਆਂ ਇੱਕ ਮੁੱਖ ਸਿੱਖ-ਅਮਰੀਕੀ ਗਰੁੱਪ ਨੇ ਦੋਸ਼ ਲਾਇਆ ਕਿ ਜੋਅ ਬਾਇਡਨ ਦੀ ਮੁਹਿੰਮ ਸਿੱਖ ਭਾਈਚਾਰੇ ਦਾ ਹੌਸਲਾ ਢਾਹੁਣ ਤੇ ਉਸ ਨੂੰ ਨਿਰਾਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਜੋਅ ਬਾਇਡਨ ਰਾਸ਼ਟਰਪਤੀ ਚੋਣਾਂ 'ਚ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਹਨ।

ਸਿੱਖ-ਅਮਰੀਕੀ ਵਕੀਲ ਤੇ ਟਰੰਪ ਦੇ ਵਕੀਲਾਂ 'ਚੋਂ ਇੱਕ (ਕੋ-ਚੇਅਰ) ਹਰਮੀਤ ਢਿੱਲੋਂ ਨੇ ਕਿਹਾ ਧਾਰਮਿਕ ਆਜ਼ਾਦੀ ਤੇ ਖ਼ੁਦਮੁਖਤਿਆਰੀ ਯਕੀਨੀ ਬਣਾਉਣ ਲਈ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਹਿਲ ਕਾਰਨ ਹੀ ਇੰਨੇ ਸਾਰੇ ਸਿੱਖ ਨੌਜਵਾਨ ਅੱਜ ਅਮਰੀਕੀ ਫੌਜ 'ਚ ਪੱਗ ਤੇ ਦਾੜ੍ਹੀ ਨਾਲ ਸੇਵਾ ਦੇ ਰਹੇ ਹਨ। ਟਰੰਪ ਦੀ ਮੁਹਿੰਮ ਨਾਲ ਜੁੜੇ ਸਿੱਖਾਂ 'ਚੋਂ ਇੱਕ (ਕੋ-ਚੇਅਰ) ਜਸਦੀਪ ਸਿੰਘ ਨੇ ਦੱਸਿਆ ਕਿ ਸਿੱਖ ਭਾਈਚਾਰੇ ਦੇ ਮੈਂਬਰ ਪਹਿਲਾਂ ਕਦੀ ਵੀ ਇੰਨੇ ਸੁਰੱਖਿਅਤ ਨਹੀਂ ਸੀ ਜਿੰਨੇ ਰਾਸ਼ਟਰਪਤੀ ਟਰੰਪ ਦੇ ਪ੍ਰਸ਼ਾਸਨ ਦੌਰਾਨ ਹਨ। ਉਨ੍ਹਾਂ ਕਿਹਾ, 'ਅਸੀਂ ਬਹਾਦਰ ਕੌਮ ਹਾਂ। ਸਾਨੂੰ ਕੋਈ ਪ੍ਰੇਸ਼ਾਨ ਨਹੀਂ ਕਰ ਸਕਦਾ। ਅਜਿਹਾ ਕਹਿ ਕੇ ਕਿ ਸਿੱਖ ਭਾਈਚਾਰਾ ਅਮਰੀਕਾ 'ਚ ਸੁਰੱਖਿਅਤ ਨਹੀਂ ਹੈ, ਬਾਇਡਨ ਦੀ ਮੁਹਿੰਮ ਟੀਮ ਸਾਡਾ ਹੌਸਲਾ ਤੋੜਨ ਤੇ ਸਾਨੂੰ ਨਿਰਾਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।' ਉਨ੍ਹਾਂ ਦਾਅਵਾ ਕੀਤਾ ਕਿ ਬਾਇਡਨ-ਹੈਰਿਸ ਪ੍ਰਸ਼ਾਸਨ ਸਿੱਖ ਵਿਰੋਧੀ ਹੋਵੇਗਾ।


C.U Pest Control
YOUR LOCAL PEST EXPERTS
10% OFF* VALID TILL OFFER ENDS
WE SERVICE
BED BUGS
COCKROACHES
SPIDERS
MITES
FLEAS
RATS
FRUIT FLIES
TERMITES
ANTS
SAFE FOR
PETS
ELDERLY
FAMILY
KIDS
ASTHMATICS
PREGNANT WOMEN
TODDLERS
LIVESTOCK
CALL 1300 341 680 TODAY FOR A QUOTE
VISIT AND BOOK US ONLINE CUPEST.COM.AU
* Just mention this newspaper name to redeem 10% off Residential Pest Control Services


WEB DESIGN
LOGO DESIGN
POSTER
FLYER ETC.
Phone 0437-641-033
+1-604-657-9215 (WhatsApp)
saverdollar@gmail.com


JAG
MC
HC
HR
JARA
0435272878
Truck & Bus Training
ਜੇ ਠਾਠ ਨਾਲ ਡਾਲਰ ਕਮਾਉਣੇ ਜੈਗ ਤੋਂ ਟਰੱਕ ਸਿੱਖ ਲੈ।
MC (B DOUBLE & ROAD TRAIN)
HC (SEMI TRAILER)
HR
(ALL TYPE GEAR BOXES
ROAD RANGER AUTOMATIC
SYNCHRO MESH)
Direct HR-MC*
Bus Authority Just $150*
No RTA Driving Test
We will beat any advertised price
Jag Toor
For booking please contact in sydney:
0412 128 443, 0435 272 878
(043 JARATPT)
Lucky
0426 86 86 89
Guri Gill
0426 86 86 53
Raman
0426 86 86 85
Harman
0426 86 86 80
Drive BIG - Earn BIG!




## ਕਰੋਨਾ ਤੋਂ ਬਾਦ ਦਾ ਸੰਸਾਰ

ਕਰੋਨਾ ਜਿਹੀਆਂ ਮਹਾਂਮਾਰੀਆਂ ਸੈਂਕੜੇ ਸਾਲਾਂ ਬਾਦ ਫੈਲਦੀਆਂ ਹਨ। ਹੁਣ ਅਸੀਂ ਲੰਡਨ ਪਲੇਗ ਤੇ ਸਪੈਨਿਸ਼ ਫਲੂ ਨੂੰ ਗੂਗਲ ਤੇ ਕੱਢ ਕੱਢ ਕੇ ਇਹਨਾਂ ਬਾਰੇ ਵਿਸਥਾਰ ਪੂਰਵਕ ਜਾਨਣ ਦੀ ਕੋਸ਼ਿਸ਼ ਕਰਦੇ ਹਾਂ। ਫਿਰ ਅਸੀਂ ਸੋਚਦੇ ਹਾਂ ਕਿ ਇਹਨਾਂ ਮਹਾਂਮਾਰੀਆਂ ਦੇ ਮਾਰੂ ਅਸਰ ਤੋਂ ਬਾਦ ਦੁਨੀਆਂ ਕਿਸ ਪ੍ਰਕਾਰ ਦੀ ਬਣ ਗਈ ਹੋਵੇਗੀ। ਕੀ ਕੀ ਵੱਡੀਆਂ ਤਬਦੀਲੀਆਂ ਆਈਆਂ ਹੋਣਗੀਆਂ। ਹੁਣ ਜਦ ਕਰੋਨਾ ਮਹਾਂਮਾਰੀ ਇਕ ਦਿਨ ਖਤਮ ਹੋ ਜਾਵੇਗੀ ਤਾਂ ਦੁਨੀਆਂ ਕੀ ਕੀ ਤਬਦੀਲੀਆਂ ਮਹਿਸੂਸ ਕਰੇਗੀ ? ਸਾਡੇ ਮਨ ਵਿਚ ਉਸ ਯੁੱਗ ਤੇ ਅੱਜ ਦੇ ਯੁੱਗ ਦਾ ਫਰਕ ਵੀ ਆਉਂਦਾ ਹੈ। ਮੰਨ ਲਓ 150 ਸਾਲ ਪਹਿਲਾਂ ਕੋਈ ਮਹਾਂਮਾਰੀ ਦੁਨੀਆਂ ਵਿਚ ਫੈਲੀ ਹੋਵੇਗੀ ਉਦੋਂ ਨਾ ਬਿਜਲੀ ਸੀ, ਨਾ ਰੇਡੀਓ ਸੀ, ਨਾ ਟੈਲੀਵਿਜ਼ਨ ਸੀ ਤੇ ਨਾ ਹੀ ਸੋਸ਼ਲ ਮੀਡੀਆ ਸੀ। ਨਾ ਉਦੋਂ ਟਰਾਂਸਪੋਰਟ ਪੂਰੀ ਤਰ੍ਹਾਂ ਵਿਕਸਿਤ ਹੋਈ ਸੀ ਤੇ ਨਾ ਹੀ ਹਵਾਈ ਆਵਾਜਾਈ ਪੂਰੀ ਤਰ੍ਹਾਂ ਵਿਕਸਿਤ ਹੋਈ ਸੀ। ਹਾਂ, ਸਮੁੰਦਰੀ ਸੰਚਾਰ ਜਰੂਰ ਹੋਵੇਗਾ ਜਿਹੜਾ ਕਾਫੀ ਸਮਾਂ ਪਹਿਲਾਂ ਵਿਕਸਤ ਹੋ ਚੁੱਕਾ ਸੀ। ਲੱਗਦਾ ਇੰਜ ਹੈ ਕਿ ਉਦੋਂ ਮੌਤਾਂ ਇਸ ਕਰਕੇ ਵੀ ਜਿਆਦਾ ਹੋਈਆਂ ਹੋਣਗੀਆਂ ਕਿਉਂਕਿ ਉਸ ਸਮੇਂ ਮੈਡੀਕਲ ਅਖਰਾਜਾਤ ਵੀ ਪੂਰਾ ਵਿਕਸਤ ਨਹੀਂ ਸੀ। ਉਦੋਂ ਮਹਾਂਮਾਰੀ ਦਾ ਚੌਗਿਰਦੇ ਤੇ ਸ਼ਾਇਦ ਓਨਾ ਅਸਰ ਨਾ ਪਿਆ ਹੋਵੇ ਜਿੰਨਾ ਹੁਣ ਪਿਆ ਏ। ਹੁਣ ਇਸ ਮਹਾਂਮਾਰੀ ਨੇ ਜਿੱਥੇ ਸ਼ਹਿਰੀ ਪ੍ਰਦੂਸ਼ਣ ਨੂੰ ਕੁਝ ਸਮੇਂ ਲਈ ਖਤਮ ਕੀਤਾ ਹੈ, ਉੱਥੇ ਇਸਨੇ ਸਮੁੱਚੇ ਚੌਗਿਰਦੇ ਨੂੰ ਨਿਖਾਰਿਆ ਵੀ ਹੈ। ਲਾਕਡਾਊਨ ਦੌਰਾਨ ਵੱਡੇ ਵੱਡੇ ਕਾਰਖਾਨੇ ਬੰਦ ਹੋ ਗਏ। ਇੰਜ ਇਹਨਾਂ ਦਾ ਕਚਰਾ ਦਰਿਆਵਾਂ ਵਿਚ ਜਾਣਾ ਬੰਦ ਹੋ ਗਿਆ। ਦਰਿਆ ਸਾਫ ਸਾਫ ਲੱਗਣ ਲੱਗ ਪਏ। ਲਾਕਡਾਊਨ ਨੇ ਮਨੁੱਖ ਨੂੰ ਇਹ ਵੀ ਸਬਕ ਸਿਖਾਇਆ ਹੈ ਕਿ ਜੇਕਰ ਵਾਤਾਵਰਨ ਨੂੰ ਸਾਫ ਸੁਥਰਾ ਰੱਖਣਾ ਹੈ ਤਾਂ ਕਾਰਖਾਨਿਆਂ ਅਤੇ ਸ਼ਹਿਰਾਂ ਦੇ ਕਚਰੇ ਨੂੰ ਹਮੇਸ਼ਾ ਨਿਯਮਤ ਕਰਕੇ ਇਸਦੀ ਰੀਸਾਈਕਲਿੰਗ ਕੀਤੀ ਜਾਣੀ ਚਾਹੀਦੀ ਏ। ਦੁਨੀਆਂ ਦੇ ਕੰਪਿਊਟਰੀਕਰਨ ਹੋ ਜਾਣ ਤੋਂ ਬਾਦ ਦੁਨੀਆਂ ਦੇ ਬਹੁਤੇ ਕੰਮ ਸੌਖੇ, ਛੇਤੀਂ, ਸੁੰਦਰ, ਸਿਸਟੇਮੈਟਿਕ ਤੇ ਸੁਚਾਰੂ ਹੋਣ ਲੱਗ ਪਏ ਹਨ। ਕਰੋਨਾ ਦੇ ਫੈਲਾਅ ਨਾਲ ਕਈ ਕੰਮ ਘਰੋਂ ਬੈਠ ਕੇ ਹੋਣ ਲੱਗ ਪਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੜ੍ਹਾਂਈ ਦੀਆਂ ਆਨਲਾਈਨ ਜਮਾਤਾਂ ਵੱਲ ਨੂੰ ਕੁਝ ਕੁਝ ਝੁਕਾਅ ਕਰੋਨਾ ਦੇ ਆਉਣ ਤੋਂ ਪਹਿਲਾਂ ਵੀ ਹੋਣ ਲੱਗ ਪਿਆ ਸੀ ਪਰ ਇਸ ਮਹਾਂਮਾਰੀ ਦੇ ਆਉਣ ਤੋਂ ਬਾਦ ਜਿੰਨਾ ਜਿਆਦਾ ਤੇ ਜਿੰਨਾ ਸ਼ਿੱਦਤ ਨਾਲ ਆਨਲਾਈਨ ਜਮਾਤਾਂ ਦਾ ਰੁਝਾਨ ਵਧਿਆ ਹੈ ਉਸਤੋਂ ਲੱਗਦਾ ਹੈ ਕਿ ਇਹ ਰੁਝਾਨ ਕਿਤੇ ਆਮ ਹੀ ਨਾ ਹੋ ਜਾਵੇ। ਕਈ ਵਾਰ ਮਜਬੂਰੀ ਵਿਚ ਕੀਤੇ ਗਏ ਕੰਮ ਸਦਾ ਲਈ ਚੰਗੇ ਵੀ ਲੱਗਣ ਲੱਗ ਪੈਂਦੇ ਹਨ। ਵਿੱਦਿਅਕ ਸੰਸਥਾਵਾਂ ਦੀਆਂ ਵੱਡੀਆਂ ਵੱਡੀਆਂ ਇਮਾਰਤਾਂ ਤੇ ਇਹਨਾਂ ਸੰਸਥਾਵਾਂ ਵਾਸਤੇ ਚਲਦੀਆਂ ਧੂੰਆਂਧਾਰ ਬੱਸਾਂ ਕਿਤੇ ਵਿਅਰਥ ਨਾ ਹੋ ਜਾਣ। ਸਿਰਫ ਖੇਡ ਦੇ ਮੈਦਾਨ ਹੋਣੇ ਚਾਹੀਦੇ ਹਨ ਜਿੱਥੇ ਬੱਚਿਆਂ ਨੂੰ ਥੋੜ੍ਹਾ ਜਿਹਾ ਸਟਾਫ ਖਿਡਾ ਲਿਆ ਕਰੇ। ਪਿਛੇ ਜਿਹੇ ਪੰਜਾਬ ਅਚੀਵਮੈਂਟ ਸਰਵੇ (ਪੀ.ਏ.ਐਸ.) ਦੇ ਬੈਨਰ ਹੇਠ ਚਲਾਈ ਗਈ ਮੁਲਾਂਕਣ ਮੁਹਿਮ ਤਹਿਤ ਵਿੱਢੀਆਂ ਸਰਗਰਮੀਆਂ ਦੀ ਸ਼ੁਰੂਆਤ ਰਾਜ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਆਨਲਾਈਨ ਪ੍ਰਸ਼ਨ ਉੱਤਰੀ ਮੁਕਾਬਲੇ ਰਾਂਹੀ ਕੀਤੀ ਗਈ ਸੀ। 6.33 ਲੱਖ ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ ਸੀ। ਇਸ ਪ੍ਰਕਾਰ ਦੇ ਮੁਕਾਬਲੇ 12ਵੀਂ ਜਮਾਤ ਤੱਕ ਵੀ ਕਰਵਾਏ ਜਾ ਰਹੇ ਹਨ। ਹੁਣੇ ਹੁਣੇ 17 ਸਤੰਤਬਰ ਨੂੰ ਪੰਜਾਬ ਯੂਨੀਵਰਸਿਟੀ ਵਲੋਂ ਅੰਡਰ ਗਰੈਜੂਏਟ/ ਪੋਸਟ ਗਰੈਜੂਏਟ ਅਤੇ ਹੋਰ ਪੇਸ਼ੇਵਰ ਕੋਰਸਾਂ ਦੇ 80,000 ਵਿਦਿਆਰਥੀਆਂ ਨੇ ਆਨਲਾਈਨ ਪ੍ਰੀਖਿਆ ਦਿੱਤੀ ਹੈ। ਸੜਕ ਸੁਰੱਖਿਆ ਸਿੱਖਿਆ ਪ੍ਰੀਖਿਆ ਵੀ ਉਹਨਾਂ 5000 ਉਮੀਦਵਾਰਾਂ ਲਈ ਆਨਲਾਈਨ ਗੂਗਲ ਫਾਰਮ ਦੀ ਚੋਣ ਨਾਲ ਕਰਵਾਈ ਗਈ ਸੀ ਜਿਹਨਾਂ ਨੇ ਆਪਣੇ ਪਿਛਲੇ ਸਾਲਾਂ ਵਿਚ ਇਸ ਪ੍ਰੀਖਿਆ ਵਿਚ ਯੋਗਤਾ ਪ੍ਰਾਪਤ ਨਹੀਂ ਕੀਤੀ ਸੀ। ਇਹਨਾਂ ਦੀ ਸਫਲਤਾ ਇਹਨਾਂ ਨੂੰ ਕਰੋਨਾ ਤੋਂ ਬਾਦ ਵੀ ਬਢਾਵਾ ਦੇ ਸਕਦੀ ਹੈ। ਕੰਪਿਊਟਰ ਜਾਂ ਸਮਾਰਟ ਫੋਨ ਹਰ ਵਿਅਕਤੀ ਪਾਸ ਹੋਣ ਤੇ ਇਹਨਾਂ ਤੇ ਘਰ ਬੈਠੇ ਹੀ ਜਮਾਤ ਲਗਾ ਲਈ ਜਾਵੇ। ਇਮਤਿਹਾਨ ਵੀ ਕੰਪਿਊਟਰ ਤੇ ਹੀ ਲਏ ਜਾ ਸਕਦੇ ਹਨ। ਰਿਜ਼ਲਟ ਤਾਂ ਪਹਿਲਾਂ ਹੀ ਕੰਪਿਊਟਰ ਤੇ ਤਿਆਰ ਹੁੰਦੇ ਹਨ। ਵਿਡੀਓ ਕਾਨਫਰੰਸਾਂ ਤੇ ਵੈਬੀਨਾਰ ਹੋਣ ਹੀ ਲੱਗ ਪਏ ਹਨ। ਵਿਡੀਓ ਕਾਨਫਰੰਸਾਂ ਨਾਲ ਨੇਤਾਵਾਂ ਤੇ ਖਤਰਨਾਕ ਕੈਦੀਆਂ ਦੀ ਪੇਸ਼ੀ ਤੇ ਸਕਿਊਰਿਟੀ ਦਾ ਖਰਚਾ ਬਚ ਜਾਂਦਾ ਏ। ਇਸ ਨਾਲ ਸਰਕਾਰੀ ਖਜ਼ਾਨੇ ਨੂੰ ਰਾਹਤ ਮਿਲਦੀ ਏ।

ਕਰੋਨਾ ਨੇ ਮਨੁੱਖ ਨੂੰ ਪ੍ਰਦੂਸ਼ਣ ਪ੍ਰਤੀ ਵੱਧ ਸੁਚੇਤ ਕੀਤਾ ਹੀ ਹੈ। ਮਰਦਾ ਕੀ ਨਾ ਕਰਦਾ- ਵਾਲੀ ਕਹਾਵਤ ਮਨੁੱਖ ਤੇ ਹਰ ਪ੍ਰਸਥਿਤੀ ਵਿਚ ਢੁੱਕਦੀ ਏ। ਇੰਜ ਮਹਿਸੂਸ ਹੁੰਦਾ ਹੈ ਕਿ ਮਨੁੱਖ ਕਰੋਨਾ ਤੋਂ ਬਾਦ ਵੀ ਵੱਧ ਸਫਾਈ ਪਸੰਦ ਰਹੇ। ਸ਼ਾਇਦ ਸਰਕਾਰਾਂ ਵੀ ਕੁਝ ਅਜਿਹੇ ਪ੍ਰੋਜੈਕਟ ਸ਼ੁਰੂ ਕਰਨ ਜਿਨ੍ਹਾਂ ਨਾਲ ਦਰਿਆਵਾਂ ਨਦੀਆਂ, ਨਾਲਿਆਂ ਤੇ ਛੱਪੜਾਂ ਨੂੰ ਵੱਧ ਸਾਫ ਰੱਖਿਆ ਜਾ ਸਕੇ। ਹੋ ਸਕਦਾ ਏ ਕਿ ਵਧੀਆ ਕਚਰਾ ਪ੍ਰਬੰਧ ਕੇਂਦਰ (Waste Management Centre) ਬਣਨ ਲੱਗ ਪੈਣ। ਵਿਕਸਤ ਦੇਸ਼ਾਂ ਵਿਚ ਪਹਿਲਾਂ ਹੀ ਇਸ ਪ੍ਰਕਾਰ ਦੇ ਕੇਂਦਰ ਹਨ। ਇਹਨਾਂ ਵਿਚ ਸ਼ਹਿਰ ਦੇ ਸਾਰੇ ਕਚਰੇ ਨੂੰ ਜਾਂ ਤਾਂ ਸੁਹਣੇ ਤਰੀਕੇ ਨਾਲ ਰੀਸਾਈਕਲ ਕਰ ਲਿਆ ਜਾਂਦਾ ਹੈ ਤੇ ਜਾਂ ਤਾਂ ਫਿਰ ਇਸਨੂੰ ਨਸ਼ਟ ਕਰ ਦਿਤਾ ਜਾਂਦਾ ਹੈ। ਪਿੰਡਾਂ ਵਿਚ ਛੱਪੜਾਂ ਦਾ ਨਵੀਨੀਕਰਨ ਕੀਤਾ ਜਾ ਸਕਦਾ ਏ। ਕਰੋਨਾ ਨੇ ਜਿਆਦਾ ਗੰਦਗੀ ਵਲ ਮਨੁੱਖ ਦਾ ਧਿਆਨ ਦੁਆਇਆ ਹੀ ਏ। ਹੋ ਸਕਦਾ ਏ ਇਹ ਧਿਆਨ ਬਾਦ ਵਿਚ ਵੀ ਚਲਦਾ ਰਹੇ।

ਮਨੁੱਖ ਸਿਹਤ ਸਹੂਲਤਾਂ ਤੇ ਆਪਣੀ ਸਿਹਤ ਪ੍ਰਤੀ ਵੱਧ ਸੁਚੇਤ ਹੋਇਆ ਏ। ਉਮੀਦ ਕਰਦੇ ਹਾਂ ਸਰਕਾਰਾਂ ਵੀ ਸਿਹਤ ਸਹੂਲਤਾਂ ਪ੍ਰਤੀ ਲਗਾਤਾਰ ਧਿਆਨ ਦਿਆ ਕਰਨਗੀਆਂ। ਵੱਧ ਹਸਪਤਾਲ ਤੇ ਹਸਪਤਾਲਾਂ ਵਿਚ ਵੱਧ ਅਖਰਾਜਾਤ ਪ੍ਰਤੀ ਸਰਕਾਰਾਂ ਵੱਧ ਸੁਚੇਤ ਹੋਈਆਂ ਹਨ। ਦੁਨੀਆਂ ਦੇ ਹਸਪਤਾਲਾਂ ਨੇ ਜਿਆਦਾ ਅਖਰਾਜਾਤ ਦਾ ਪ੍ਰਬੰਧ ਵੀ ਕੀਤਾ ਹੈ। ਦੁਨੀਆਂ ਦੀ ਆਬਾਦੀ ਵਧਣ ਨਾਲ ਇਸ ਪ੍ਰਕਾਰ ਦੇ ਪ੍ਰਬੰਧ ਦੀ ਜਰੂਰਤ ਸੀ। ਨਵੇਂ ਹਸਪਤਾਲ ਵੀ ਹੋਂਦ ਵਿਚ ਆਏ ਹਨ। ਕਰੋਨਾ ਨੇ ਖੋਜੀਆਂ ਨੂੰ ਵੱਧ ਖੋਜ ਕਰਨ ਪ੍ਰਤੀ ਵੀ ਸਤਰਕ ਕੀਤਾ ਏ। ਭਾਵੇਂ ਏਡਜ਼ ਅਤੇ ਕੈਂਸਰ ਜਿਹੀਆਂ ਬਿਮਾਰੀਆਂ ਦਾ ਅਜੇ ਤੱਕ ਕੋਈ ਠੋਸ ਤੇ ਪੁਖਤਾ ਇਲਾਜ ਹੋਂਦ ਵਿਚ ਨਹੀਂ ਆਇਆ ਪਰ ਮਨੁੱਖ ਨੂੰ ਲੱਗਦਾ ਸੀ ਕਿ ਕੋਈ ਛੂਤ ਛਾਤ ਦੀ ਨਵੀਂ ਲਿਆਗਤ ਦੁਨੀਆਂ ਨੂੰ ਨਹੀਂ ਘੇਰੇਗੀ। ਕਰੋਨਾ ਨੇ ਮਨੁੱਖ ਨੂੰ ਮਹਿਸੂਸ ਕਰਾ ਦਿਤਾ ਹੈ ਕਿ ਮਹਾਂਮਾਰੀਆਂ ਦਾ ਕਦੀ ਵੀ ਅੰਤ ਨਹੀਂ ਹੋ ਸਕਦਾ।

ਕਰੋਨਾ ਨੇ ਦੁਨੀਆਂ ਵਾਸਤੇ ਖਾਸ ਕੰਮ ਉਹ ਕੀਤਾ ਹੈ ਜੋ ਅੰਗਰੇਜ਼ੀ ਨਿਬੰਧ ਲੇਖਕ ਜੇ.ਬੀ. ਪ੍ਰੀਸਟਲੇ (J.B. Priestley) ਅਪਾਣੇ ਲੇਖ 'On Doing Nothing' ਵਿਚ ਪ੍ਰਚਾਰਦਾ ਹੈ। ਮਨੁੱਖ ਨੂੰ ਦੌੜ ਭੱਜ ਵਾਲੀ ਜਿੰਦਗੀ ਛੱਡ ਕੇ ਕੁਝ ਸਮੇਂ ਲਈ ਸੁਸਤੀ ਅਤੇ ਸ਼ਾਂਤੀ ਵਾਲੀ ਜਿੰਦਗੀ ਜਿਊਣੀ ਚਾਹੀਦੀ ਏ। ਇਹੀ ਕੁਝ ਅੰਗਰੇਜ਼ੀ ਕਵੀ ਵੀਲੀਅਮ ਵਰਡਜ਼ਵਰਥ ਸੋਚਦਾ ਹੈ ਜਦ ਉਹ ਕਹਿੰਦਾ ਹੈ-- The world is too much with us. ਹੁਣ ਜਦ ਕਰੋਨਾ ਤੋਂ ਬਾਦ ਮਨੁੱਖ ਦੁਬਾਰਾ ਆਪਣੀ ਦੌੜ ਸ਼ੁਰੂ ਕਰੇਗਾ ਤਾਂ ਉਸ ਦੌੜ ਦਾ ਅਲੱਗ ਮਜ਼ਾ ਹੋਵੇਗਾ। ਤਾਜ਼ਗੀ ਤੋਂ ਬਾਦ ਦੁਬਾਰਾ ਤੇਜ਼ ਹੋਣ ਦਾ ਆਪਣਾ ਹੀ ਮਜ਼ਾ ਹੁੰਦਾ ਹੈ।

ਮਜੂਦਾ ਹਾਲਾਤ ਨੂੰ ਦੇਖਦੇ ਹੋਏ ਅੰਤਰਰਾਸ਼ਟਰੀ ਪੱਧਰ ਤੇ ਵਿਸ਼ਵ ਸਿਹਤ ਸੰਗਠਨ (WHO) ਜਿਹੇ ਅਦਾਰੇ ਦੁਨੀਆਂ ਦੇ ਮੁਲਕਾਂ ਨੂੰ ਐਸੇ ਦਿਸ਼ਾ ਨਿਰਦੇਸ਼ ਵੀ ਜਾਰੀ ਕਰ ਸਕਦੇ ਹਨ ਕਿ ਉਹ ਪ੍ਰਯੋਗਸ਼ਾਲਾਵਾਂ ਵਿਚ ਆਪਣੇ ਲਾਰਵੇ ਤੇ ਕਾਬੂ ਰਖਣ ਤਾਂ ਕਿ ਇਹ ਬੇਕਾਬੂ ਹੋ ਕੇ ਦੁਨੀਆਂ ਲਈ ਮਾਰੂ ਅਤੇ ਤਬਾਹਕੁੰਨ ਸਾਬਤ ਨਾ ਹੋਵੇ। ਮਾਜੂਦਾ ਤਬਾਹੀ ਲਈ ਦੋਸ਼ੀ ਦੇਸ਼ ਖਿਲਾਫ ਕੋਈ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਮਹਾਂਮਾਰੀਆਂ ਦੌਰਾਨ ਪਏ ਆਰਥਿਕ ਘਾਟੇ ਨੂੰ ਪੂਰਾ ਕਰਨ ਲਈ ਤਾਂ ਦੇਸ਼ਾਂ ਨੇ ਨਵੀਆਂ ਨਵੀਆਂ ਯੋਜਨਾਵਾਂ ਬਣਾਉਣੀਆਂ ਹੀ ਹੁੰਦੀਆਂ ਹਨ। ਵਿਕਾਸ ਨੂੰ ਮੁੜ ਰਾਹ ਤੇ ਪਾਉਣਾ ਵੀ ਦੇਸ਼ਾਂ ਮੂਹਰੇ ਇਕ ਵੱਡੀ ਚੁਣੌਤੀ ਹੁੰਦੀ ਹੈ।

# ਮਿੱਟੀ ਦੀ ਮਹਿਕ

## ਮੈਂ ਡੀ.ਏ.ਵੀ. ਕਾਲਜ ਚੰਡੀਗੜ੍ਹ ਕਿਉਂ ਛੱਡਿਆ

### (ਮੇਰੀ ਅਣਛਪੀ ਸਵੈਜੀਵਨੀ 'ਡੱਬਰੀ ਤੋਂ ਡਾਰਲਿੰਗ ਹਾਰਬਰ ਤੱਕ' ਵਿਚੋਂ)

ਜਦ ਬੰਦੇ ਨੂੰ ਕਿਸੇ ਵੱਡੇ ਅਤੇ ਮਸ਼ਹੂਰ ਅਦਾਰੇ ਵਿਚ ਨੌਕਰੀ ਮਿਲ ਜਾਵੇ ਤਾਂ ਉਹ ਰੱਬ ਦਾ ਸੌ ਸੌ ਵਾਰ ਸ਼ੁਕਰ ਕਰਦਾ ਹੈ। ਉੱਤਰੀ ਭਾਰਤ ਦੇ ਡੀ.ਏ.ਵੀ ਕਾਲਜਾਂ ਦੀ ਕਮੇਟੀ ਚਿੱਤਰਗੁਪਤ ਰੋਡ ਨਵੀਂ ਦਿੱਲੀ ਵਿਖੇ ਬੈਠਦੀ ਹੁੰਦੀ ਸੀ।




ਉਸ ਵਿਚ ਯੂਨੀਵਰਸਿਟੀ ਦੇ ਨੁਮਾਇੰਦੇ ਵੀ ਬੈਠਦੇ ਹੁੰਦੇ ਸਨ। ਇਹ ਸਾਰੇ ਮਿਲ ਕੇ ਉਮੀਦਵਾਰਾਂ ਦੀ ਇੰਟਰਵਿਊ ਕਰਿਆ ਕਰਦੇ ਸਨ ਤੇ ਉਮੀਦਵਾਰਾਂ ਦੀ ਚੋਣ ਕਰਕੇ ਸਾਰੇ ਡੀ.ਏ.ਵੀ. ਕਾਲਜਾਂ ਵਿਚ ਭੇਜ ਦਿਆ ਕਰਦੇ ਸਨ।

ਸੰਨ 1976 ਦੀ ਮਈ ਵਿਚ ਵੀ ਇਵੇਂ ਹੀ ਹੋਇਆ ਸੀ। ਕੁੱਲ ਉਮੀਦਵਾਰ 62 ਕੁ ਸਨ। ਦੋ ਕੁ ਚੰਡੀਗੜ੍ਹ ਰੱਖਣੇ ਸਨ। ਇਕ ਡੀ.ਏ.ਵੀ. ਕਾਲਜ ਦਸੂਹੇ ਰੱਖਣਾ ਸੀ, ਸ਼ਾਇਦ ਦੋ ਬਠਿੰਡੇ ਰੱਖਣੇ ਸਨ ਤੇ ਇਸੇ ਤਰ੍ਹਾਂ ਹੋਰ ਪੰਜਾਬ ਤੇ ਹਰਿਆਣੇ ਦੇ ਕਾਲਜਾਂ ਵਿਚ ਰੱਖੇ ਜਾਣੇ ਸਨ। ਇਹ ਇੰਟਰਵਿਊ ਅੰਗਰੇਜ਼ੀ ਦੇ ਲੈਕਚਰਾਰਾਂ ਦੀ ਸੀ। ਹੋਰ ਮਜਮੂਨਾਂ ਲਈ ਹੋਰ ਪੈਨਲ ਬੈਠਦੇ ਸਨ। ਮੈਂ ਚਿੱਤਰਗੁਪਤ ਰੋਡ ਵਾਲਾ ਇਹ ਦਫਤਰ ਪਹਿਲੀ ਵਾਰ ਦੇਖਿਆ ਸੀ। ਵੈਸੇ ਮੈਂ ਇੰਟਰਵਿਊ ਤੋਂ ਇਕ ਦਿਨ ਪਹਿਲਾਂ ਦਿੱਲੀ ਪਹੁੰਚ ਗਿਆ ਸੀ। ਜਦ ਮੈਨੂੰ ਅੰਦਰ ਬੁਲਾਇਆ ਗਿਆ ਤਾਂ ਮੈਂ ਦੇਖਿਆ ਕਿ ਅੰਦਰ ਡੀ.ਏ.ਵੀ. ਕਾਲਜ ਚੰਡੀਗੜ੍ਹ ਦਾ ਪ੍ਰਿੰਸੀਪਲ ਤ੍ਰਿਲੋਕੀ ਨਾਥ, ਡੀ.ਏ.ਵੀ. ਕਾਲਜ ਜਲੰਧਰ ਦਾ ਪ੍ਰਿੰਸੀਪਲ ਬੀ.ਐਸ. ਬਹਿਲ, ਜਸਟਿਸ ਟੇਕ ਚੰਦ, ਦਿੱਲੀ ਯੂਨੀਵਰਸਿਟੀ ਦਾ ਪ੍ਰੋਫੈਸਰ ਮਲਹੋਤਰਾ ਤੇ ਦੋ ਕੁ ਹੋਰ ਸਖਸ਼ੀਅਤਾਂ ਬੈਠੀਆਂ ਸਨ। 62 ਉਮੀਦਵਾਰਾਂ ਵਿਚੋਂ ਚੋਣ ਸਿਰਫ 14 ਉਮੀਦਵਾਰਾਂ ਦੀ ਕਰਨੀ ਸੀ। ਜਦ ਮੇਰਾ ਨਾਮ ਬੋਲਿਆ ਗਿਆ ਤਾਂ ਮੈਂ ਅੰਦਰ ਚਲਾ ਗਿਆ। ਮੈਨੂੰ ਪਹਿਲਾਂ ਚਾਰ ਸਵਾਲ ਅੰਗਰੇਜ਼ੀ ਸਾਹਿਤ ਦੇ ਪੁੱਛੇ ਗਏ। ਫਿਰ ਮੈਨੂੰ ਚਾਰ ਪੰਜ ਪ੍ਰਸ਼ਨ ਅੰਗਰੇਜ਼ੀ ਵਿਆਕਰਣ ਅਤੇ ਸ਼ਬਦਾਵਲੀ ਨਾਲ ਸੰਬੰਧਤ ਪੁੱਛੇ ਗਏ। ਬਾਕੀ ਸ਼ਬਦ ਅਤੇ ਵਿਆਕਰਣ ਦੇ ਨੁਕਤੇ ਤਾਂ ਮੈਨੂੰ ਭੁੱਲ ਗਏ ਸਿਰਫ ਇਕ ਸ਼ਬਦ ਮੈਨੂੰ ਯਾਦ ਹੈ ਜਿਹੜਾ ਮੈਨੂੰ ਲਿਖਣ ਨੂੰ ਕਿਹਾ ਗਿਆ। ਉਹ ਸ਼ਬਦ ਸੀ- sumptuous ਮੈਥੋਂ ਜੋ ਕੁਝ ਵੀ ਪੁੱਛਿਆ ਗਿਆ ਮੈਂ ਸਾਰਾ ਕੁਝ ਤਕਰੀਬਨ ਸਹੀ ਦੱਸ ਦਿੱਤਾ।

ਉੱਤਰੀ ਭਾਰਤ ਦੇ ਅਦਾਰਿਆਂ ਵਿਚ ਇਕ ਹੋਰ ਯੋਗਤਾ ਵੀ ਜਰੂਰੀ ਦੇਖੀ ਜਾਂਦੀ ਹੈ।ਇਹ ਯੋਗਤਾ ਹੈ ਬੰਦੇ ਦੀ ਰਹਿਤ ਮਰਿਆਦਾ। ਡੀ.ਏ.ਵੀ. ਕਾਲਜ ਪਗੜੀਧਾਰੀ ਸਰਦਾਰ ਨੂੰ ਬਹੁਤ ਘੱਟ ਰੱਖਦੇ ਹਨ ਤੇ ਖਾਲਸਾ ਕਾਲਜ ਕੁੱਝ ਨਾ ਕੁੱਝ ਹਿੰਦੂਆਂ ਨੂੰ ਜ਼ਰੂਰ ਰੱਖ ਲੈਂਦੇ ਹਨ। ਵੈਸੇ ਖਾਲਸਾ ਕਾਲਜ ਵੀ ਬਹੁਤੇ ਸਰਦਾਰਾਂ ਨੂੰ ਹੀ ਨੌਕਰੀ ਦਿੰਦੇ ਹਨ। ਮੈਰਿਟ ਮੇਰੀ ਚੰਗੀ ਸੀ ਤੇ ਮੈਂ ਸੀ ਵੀ ਮੋਨਾ। ਹੋ ਸਕਦਾ ਮੈਨੂੰ ਨਾ ਰੱਖਿਆ ਜਾਂਦਾ ਜੇ ਮੈਂ ਪਗੜੀਧਾਰੀ ਸਰਦਾਰ ਹੁੰਦਾ। ਜਦ ਇੰਟਰਵਿਊ ਹੋ ਹਟੀ ਤਾਂ ਮੈਨੂੰ ਵਰਾਂਡੇ ਚ ਤੁਰੇ ਜਾਂਦੇ ਮਧਰੇ ਕੱਦ ਦੇ ਡੀ.ਏ.ਵੀ. ਕਾਲਜ ਚੰਡੀਗੜ੍ਹ ਦੇ ਪ੍ਰਿੰਸੀਪਲ ਤ੍ਰਿਲੋਕੀ ਨਾਥ ਨੇ ਅਵਾਜ਼ ਮਾਰ ਕੇ ਕਿਹਾ, " ਬੇਟਾ, ਆਪ ਕੀ ਇੰਟਰਵਿਊ ਬੜੀ ਅੱਛੀ ਥੀ। ਮੈਂ ਨੇ ਆਪ ਕੋ ਚੰਡੀਗੜ੍ਹ ਕੇ ਲੀਏ ਸਲੈਕਟ ਕਰ ਲਿਆ ਹੈ। ਨਿਯੁਕਤੀ ਪੱਤਰ ਆਪਕੋ ਪਹੁੰਚ ਜਾਏਗਾ। ਆਪਨੇ ਚੰਡੀਗੜ੍ਹ ਆ ਕਰ ਜਾਇਨ ਕਰ ਲੇਨਾ।"

ਮੈਨੂੰ ਬੜੀ ਖੁਸ਼ੀ ਹੋਈ। ਮੈਂ ਵਾਪਸ ਪੰਜਾਬ ਆ ਗਿਆ।ਕੁੱਝ ਦਿਨਾਂ ਬਾਦ ਮੈਨੂੰ ਚਿੱਠੀ ਮਿਲ ਗਈ। ਜਿਵੇਂ ਸਾਰੇ ਕਾਲਜ ਅਕਸਰ ਕਰਦੇ ਹੀ ਹਨ, ਜਾਬ ਕੱਚੀ ਹੁੰਦੀ ਏ ਤੇ ਇਹ 31 ਮਾਰਚ ਤੱਕ ਹੁੰਦੀ ਏ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਜਾਬ ਦੀ ਇਕ ਕੈਟਾਗਰੀ ਹੋਰ ਵੀ ਹੁੰਦੀ ਏ ਜਿਹੜੀ ਨਿਰੋਲ ਕੱਚੀ ਨਹੀਂ ਹੁੰਦੀ। ਇਸਦੇ ਨੌਂ ਮਹੀਨੇ ਪਰਖਣ ਤੋਂ ਬਾਦ ਪੱਕੀ ਹੋ ਜਾਣ ਦੇ ਪੂਰੇ ਅਸਾਰ ਹੁੰਦੇ ਹਨ। ਕਾਲਜ ਨੇ ਮੈਨੂੰ ਪੱਕਾ ਕਰਨਾ ਸੀ ਜਾਂ ਨਹੀਂ - ਇਹ ਤਾਂ ਦੂਰ ਦੀ ਗੱਲ ਸੀ। ਇੱਕ ਨਵੇਂ ਰੇੜਕੇ ਦਾ ਅਗਸਤ ਵਿੱਚ ਹੀ ਪਤਾ ਲੱਗ ਗਿਆ।

ਪੰਜਾਬ ਦੀਆਂ ਤਿੰਨਾ ਹੀ ਯੂਨੀਵਰਸਟੀਆਂ ਨੇ ਐਮ. ਫਿਲ ਦੇ ਕੋਰਸ ਸ਼ੁਰੂ ਕਰ ਦਿੱਤੇ।ਅਗਲੇ ਸਾਲ ਜਾਨੀ 1977 ਤੋਂ ਇਹ ਜ਼ਰੂਰੀ ਕਰ ਦਿੱਤਾ ਗਿਆ ਕਿ ਪ੍ਰੋਫੈਸਰੀ ਲਈ ਅਰਜ਼ੀ ਭੇਜਣ ਵਾਲਾ ਉਮੀਦਵਾਰ ਐਮ.ਏ. ਐਮ. ਫਿਲ. ਹੋਇਆ ਕਰੇਗਾ। ਜਦ ਮੈਨੂੰ ਇਸ ਨਵੀਂ ਸ਼ਰਤ ਦਾ ਪਤਾ ਲੱਗਾ ਤਾਂ ਮੈਨੂੰ ਤਾਂ ਹੱਥਾਂ ਪੈਰਾਂ ਦੀ ਪੈ ਗਈ। ਜ਼ਾਹਰ ਸੀ ਕਿ 1977 ਦੇ ਅਗਸਤ ਵਿੱਚ ਐਮ. ਫਿਲ ਦੀ ਜਮਾਤ ਵਿਚ ਦਾਖਲਾ ਲੈਣਾ ਪੈਣਾ ਸੀ। ਇਸ ਪ੍ਰਕਾਰ ਨੌਕਰੀ ਡੇਢ ਕੁ ਸਾਲ ਹੋਰ ਪਿੱਛੇ ਪੈ ਜਾਣੀ ਸੀ। ਮੈਂ ਐਮ. ਏ. ਤੱਕ ਸਾਰੀ ਪੜ੍ਹਾਈ ਰੈਗੂਲਰ ਕੀਤੀ ਸੀ ਤੇ ਮੈਂ ਹੁਣ ਨੌਕਰੀ ਵਾਸਤੇ ਹੋਰ ਇੰਤਜ਼ਾਰ ਨਹੀਂ ਕਰ ਸਕਦਾ ਸੀ।ਜਿਹੜੇ ਉਮੀਦਵਾਰ 1976-77 ਵਾਲੇ ਸੈਸ਼ਨ ਵਿੱਚ ਪੱਕੇ ਹੋ ਗਏ ਸੋ ਹੋ ਗਏ। ਜਿਹੜੇ ਰਹਿ ਗਏ ਉਹਨਾਂ ਸਭ ਨੂੰ ਐਮ ਫਿਲ਼ ਕਰਨੀ ਪੈਣੀ ਸੀ। ਮੈਨੂੰ ਪਤਾ ਲੱਗਾ ਕਿ ਮੇਰੇ ਪੁਰਾਣੇ ਕਾਲਜ ਖਾਲਸਾ ਕਾਲਜ ਗੜ੍ਹਸ਼ੰਕਰ (ਹੁਸ਼ਿਆਰਪੁਰ) ਵਿੱਚ ਇਕ ਅਸਾਮੀ ਖਾਲੀ ਸੀ। ਕਾਲਜ ਦੀ ਕਮੇਟੀ ਵੀ ਚਾਹੁੰਦੀ ਸੀ ਕਿ ਮੈਨੂੰ ਉੱਥੇ ਲਿਜਾਇਆ ਜਾਵੇ। ਕਮੇਟੀ ਦੇ ਮੈਨੇਜਰ ਨੇ ਮੇਰੇ ਤੱਕ ਪਹੁੰਚ ਕੀਤੀ। ਮੈਂ ਹਾਂ ਕਰ ਦਿੱਤੀ। ਜਦ ਮੈਂ ਡੀ.ਏ.ਵੀ. ਕਾਲਜ ਦੇ ਪਿੰਸੀਪਲ ਨੂੰ ਕਾਲਜ ਛੱਡਣ ਬਾਰੇ ਪੁਛਿੱਆ ਤਾਂ ਉਹ ਮੈਨੂੰ ਉਲਟਾ ਟੁੱਟ ਕੇ ਪੈ ਗਿਆ ਕਿ ਮੈਂ ਉਹਨਾਂ ਨੂੰ ਅੱਧਵਾਟੇ ਛੱਡ ਕੇ ਉਹਨਾਂ ਦੀਆਂ ਜਮਾਤਾਂ ਨੂੰ ਖਰਾਬ ਕਰ ਰਿਹਾ ਸਾਂ। ਮੈਂ ਪ੍ਰਿੰਸੀਪਲ ਨੂੰ ਕਿਹਾ ਕਿ ਉਹ ਮੈਨੂੰ ਪੱਕਾ ਕਰ ਦੇਵੇ। ਉਹ ਕਹਿਣ ਲੱਗਾ ਕਿ ਇਹ ਕੰਮ ਕਮੇਟੀ ਨੇ ਕਰਨਾ ਏ। ਮੈਂ ਕਿਹਾ ਕਮੇਟੀ ਪ੍ਰਿਸੀਪਲ ਦੀ ਗੱਲ ਹੀ ਮੰਨਦੀ ਹੁੰਦੀ ਏ। ਜਦ ਉਹ ਨਾ ਮੰਨਿਆ ਤਾਂ ਮੈਂ ਕਿਹਾ ਕਿ ਮੈਂ ਅਸਤੀਫਾ ਦੇਣਾ ਚਾਹੁੰਦਾ ਹਾਂ। ਉਸਨੇ ਕਿਹਾ ਇੱਕ ਮਹੀਨੇ ਦੀ ਤਨਖਾਹ ਜਮ੍ਹਾ ਕਰਾਉ ਜਾਂ ਮਹੀਨਾ ਹੋਰ ਕੰਮ ਕਰਕੇ ਬਾਦ ਵਿੱਚ ਜਾਇਉ। ਮੈਂ ਇਕ ਮਹੀਨੇ ਦੀ ਤਨਖਾਹ ਜੋ ਉਸ ਸਮੇਂ 446 ਰੁਪਏ ਹੁੰਦੀ ਸੀ ਜਮ੍ਹਾ ਕਰਾ ਦਿੱਤੀ। ਫਿਰ ਪ੍ਰਿਸੀਪਲ ਨੇ ਮੈਨੂੰ ਕਾਲਜ ਛੱਡਣ ਦੀ ਇਜਾਜ਼ਤ ਦੇ ਦਿੱਤੀ। ਗੜ੍ਹਸ਼ੰਕਰ ਕਾਲਜ ਦੀ ਕਮੇਟੀ ਦੇ ਮੈਨੇਜਰ ਨੇ ਮੈਨੂੰ ਨਿਯੁਕਤੀ ਪੱਤਰ ਦੇ ਦਿੱਤਾ ਜੀਹਦੇ ਵਿੱਚ ਮੈਨੂੰ ਸ਼ੁਰੂ ਕਰਦੇ ਹੀ ਪੱਕਾ ਕਰ ਦਿੱਤਾ ਗਿਆ ਸੀ। ਇਸ ਪ੍ਰਕਾਰ ਮੈਂ ਇਕ ਬਹੁਤ ਵੱਡਾ ਕਾਲਜ ਤਾਂ ਹੱਥੋਂ ਗੁਆ ਲਿਆ ਪਰ ਪੱਕੀ ਨੌਕਰੀ ਜ਼ਰੂਰ ਹਾਸਲ ਕਰ ਲਈ। ਇਸ ਨੌਕਰੀ ਤੇ ਮੈਂ ਫਿਰ ਅਪ੍ਰੈਲ 2000 ਤਕ ਕੰਮ ਕੀਤਾ। ਇਸਤੋਂ ਬਾਅਦ ਮੈਂ ਪਰੀਵਾਰ ਸਮੇਤ ਆਸਟ੍ਰੇਲੀਆ ਨੂੰ ਆ ਗਿਆ। ਕਈ ਵਾਰ ਮਨੁੱਖ ਨੂੰ ਬੜੇ ਵਧੀਆ ਸਟੇਸ਼ਨ ਨੂੰ ਛੱਡਕੇ ਲੰਬਾ ਸਮਾਂ ਚੱਲਣ ਵਾਲ਼ੇ ਮਾੜੇ ਸਟੇਸ਼ਨ ਤੇ ਵੀ ਕੰਮ ਕਰਨਾ ਪੈਂਦਾ ਹੈ।

ਡੀ.ਏ.ਵੀ. ਕਾਲਜ ਚੰਡੀਗੜ੍ਹ ਤੇ ਖਾਲਸਾ ਕਾਲਜ ਗੜ੍ਹਸ਼ੰਕਰ ਵਿੱਚ ਉਵੇਂ ਦਾ ਫਰਕ ਸੀ ਜਿਵੇਂ ਦਾ ਬੰਦੇ ਨੂੰ ਭਾਰਤ ਤੇ ਆਸਟਰੇਲੀਆ ਵਿੱਚ ਮਹਿਸੂਸ ਹੁੰਦਾ ਏ। ਡੀ.ਏ.ਵੀ.ਵਿੱਚ ਅੰਗਰੇਜ਼ੀ ਦੇ 20 ਪ੍ਰੋਫੈਸਰ ਸਨ ਤੇ ਖਾਲਸਾ ਕਾਲਜ ਗੜ੍ਹਸ਼ੰਕਰ ਵਿੱਚ ਸਿਰਫ ਚਾਰ। ਡੀ.ਏ.ਵੀ. ਕਾਲਜ ਦੀ ਕੁੱਲ ਨਫਰੀ 5000 ਵਿਦਿਆਰਥੀ ਤੇ 150 ਪ੍ਰੋਫੈਸਰ ਸੀ ਦੂਜੇ ਪਾਸੇ ਗੜ੍ਹਸ਼ੰਕਰ ਕਾਲਜ ਦੀ ਕੁੱਲ ਨਫਰੀ 600 ਵਿਦਿਆਰਥੀ ਤੇ 15 ਪ੍ਰੋਫੈਸਰ ਸਨ।

ਅਵਤਾਰ ਐੱਸ. ਸੰਘਾ
Avtar S. Sangha
0437641033



ਡੀ.ਏ.ਵੀ. ਕਾਲਜ ਸਿਰਫ ਮੁੰਡਿਆਂ ਦਾ ਕਾਲਜ ਸੀ। ਗੜ੍ਹਸ਼ੰਕਰ ਕਾਲਜ ਲੜਕੇ ਲੜਕੀਆਂ ਦਾ ਸਾਂਝਾ ਕਾਲਜ ਸੀ। ਡੀ.ਏ.ਵੀ. ਦੀ ਕਮੇਟੀ ਅੰਤਾਂ ਦੀ ਪੜ੍ਹੀ ਲਿਖੀ ਸੀ। ਇਸਦੇ ਉਲਟ ਗੜ੍ਹਸ਼ੰਕਰ ਕਾਲਜ ਦੀ ਕਮੇਟੀ ਅਰਧ ਪੜ੍ਹੀ ਲਿਖੀ ਸੀ। ਡੀ.ਏ.ਵੀ ਲਾਲਜ ਦੀ ਕਮੇਟੀ ਵਿੱਚ ਵੱਡੇ ਕਾਰੋਬਾਰੀ ਲਾਲੇ ਸਨ। ਦੂਜੇ ਪਾਸੇ ਗੜ੍ਹਸ਼ੰਕਰ ਦੇ ਕਮੇਟੀ ਮੈਂਬਰ ਵੱਡੇ ਜ਼ਿਮੀਦਾਰ,ਪੁਰਾਣੇ ਜ਼ੈਲਦਾਰ ਤੇ ਜ਼ਿਲੇਦਾਰ ਸਨ। ਡੀ.ਏ.ਵੀ. ਕਾਲਜ ਦੀ ਗਿਆਰਵੀਂ ਜਮਾਤ ਦੇ 19 ਸੈਕਸ਼ਨ ਸਨ ਤੇ ਬਾਹਰਵੀਂ ਦੇ ਵੀ 10 ਕੁ ਸੈਕਸ਼ਨ ਸਨ। ਮੈਂ ਗਿਆਰਵੀਂ ਦਾ ਐਮ ਸੈਕਸ਼ਨ ਪੜ੍ਹਾਉਂਦਾ ਹੁੰਦਾ ਸਾਂ ਤੇ ਬਾਹਰਵੀਂ ਦਾ ਐਫ ਸੈਕਸ਼ਨ। ਇਕ ਹੋਰ ਖਾਸ ਗੱਲ ਇਹ ਸੀ ਕਿ ਡੀ.ਏ.ਵੀ. ਕਾਲਜ ਵਿੱਚ ਮੇਰੇ ਵੇਲੇ ਮੇਰਾ ਇਕ ਵਿਦਿਆਰਥੀ ਹੁੰਦਾ ਸੀ--- ਅਕਸੇ ਕ੍ਰਿਸਟੋਫਰ ਥਿਓਡੋਰ ਖਾਨ। ਇਹ ਨਾਮ ਮੈਨੂੰ ਕਦੀ ਨਹੀਂ ਭੁੱਲਦਾ। ਵੈਸੇ ਵੀ ਜਮਾਤਾਂ ਬਹੁ ਸੱਭਿਆਚਾਰਕ ਸਨ। ਜਮਾਤਾਂ ਵਿਚ ਤਿੰਨ ਮੋਰੀਸ਼ੀਅਸ ਤੇ ਦੋ ਅਫਰੀਕਨ ਵਿਦਿਆਰਥੀ ਵੀ ਸਨ।

**ਇਕ ਰਾਜਨੀਤੀ ਸ਼ਾਸਤਰ ਦਾ ਪ੍ਰੋਫੈਸਰ ਨਰਿੰਦਰ ਕੁਮਾਰ ਡਾਂਗ ਨਿਯੁਕਤ ਹੋਇਆ ਸੀ। ਉਸਦੀ ਮੇਰੇ ਨਾਲ ਦੋਸਤੀ ਪੈ ਗਈ। ਉਸਦਾ ਕੱਦ 5 ਫੁਟ 2 ਇੰਚ ਸੀ ਤੇ ਮੇਰਾ 6 ਫੁੱਟ ਡੇਢ ਇੰਚ। ਮੈਂ ਸਾਰੇ ਸਟਾਫ ਚੋਂ ਸਭ ਤੋਂ ਲੰਬਾ ਸੀ ਤੇ ਉਹ ਸਭ ਤੋਂ ਛੋਟਾ। ਅਸੀਂ ਦੋਨੇ ਇਕੱਠੇ ਘੁੰਮਿਆ ਕਰਦੇ ਸਾਂ। ਲੋਕ ਸਾਨੂੰ ਦੇਖ ਕੇ ਦਿਲ ਹੀ ਦਿਲ ਵਿਚ ਹੱਸਿਆ ਕਰਦੇ ਸਨ।**

# Soon, Australian citizenship test to undergo changes

Herald News Service: In a speech "Address to the National Press Club- Keeping Australians together at a time of COVID", delivered at the National press of Australia on Friday, August 28, acting Minister of Immigration, Citizenship, Migrant Services and Multicultural Affairs Alan Tudge has said that soon changes will be made in the Australian citizenship test. As per the Minister, changes have been flagged and will be introduced so that there is a stronger focus on "Australian Values" in the new Australian citizenship test.

The minister is of the opinion that "Australian citizenship is both a privilege and a responsibility, and it should be granted to those who support our values, respect our laws and want to contribute to Australia's future."

The proposed changes are for ensuring that "those who come here and those who want to settle here clearly understand --- are willing to commit to ---- the shared common values that unite us all as Australians."

The citizenship test for Australia will be updated and it will include additional questions on Australians values.

# Note of Thanks

Contact : 0421 0866 33
Bharaj Construction
Building Your Dream Home



BELLABRAE HOMES



I feel highly elated to express my heartfelt thanks to Bellabrae Homes and Bharaj Construction for providing some monetary help to the paper because of its valuable service to Punjabi Language and Punjabi community in the cut-throat linguistic competitive environments of multi-cultural Australia. I hope these business owners will keep on providing their precious suggestions for the improvement of the paper. I also wish them high sounding success in their daily business dealings and entrepreneurship.

Avtar S. Sangha
Editor
The Punjab Herald

111 Accounting & Taxation Consultants
111 Business & Home Loans
TAX RETURNS
From $49



Open 7 Days
Tax Returns, Home & Car Loans, BAS, Company Formation, SMSF Setup & Audit
Present this to receive $5 off
Sanjeev Walia
Level 1, 13 Flushcombe Road, Blacktown, NSW, 2148
(Two minutes of walk from Blacktown Train Station)
Ph: (02) 96767302
Mobile: 0431312081
Email: 111taxconsultant@gmail.com W: www.111homeloans.com.au
* Conditions Apply

## ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

ਸੰਪਰਕ 0437641033

## Disclaimer

The Punjab Herald and the staff associated with it are not responsible for any claims made by the advertisers and do not endorse any product or advertisement published in the newspaper। The views expressed in the advertisement and various articles belong solely to the concerned advertisers and authors। They do not reflect the views of the newspaper management। Jurisdiction Sydney।

# ਯੂਪੀ ਪੁਲੀਸ ਵੱਲੋਂ ਰਾਹੁਲ ਤੇ ਪ੍ਰਿਯੰਕਾ ਗਾਂਧੀ ਤੇ ਕਰੀਬ 200



ਨੋਇਡਾ : ਉੱਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ ਦੀ ਪੁਲੀਸ ਨੇ ਕਿਹਾ ਹੈ ਕਿ ਉਸ ਨੇ ਕਾਂਗਰਸ ਨੇਤਾਵਾਂ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਵਾਡਰਾ ਅਤੇ 200 ਦੇ ਕਰੀਬ ਹੋਰ ਪਾਰਟੀ ਵਰਕਰਾਂ ਖ਼ਿਲਾਫ਼ ਕੋਵਿਡ-19 ਦੇ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਮਹਾਂਮਾਰੀ ਰੋਗ ਐਕਟ ਤਹਿਤ ਐੱਫਆਈਆਰ ਦਰਜ ਕੀਤੀ ਹੈ। ਐੱਫਆਈਆਰ ਦੀ ਧਾਰਾ 188, 269 ਤੇ 270 ਦੇ ਤਹਿਤ ਦਰਜ ਕੀਤੀ ਗਈ ਹੈ। ਬੀਤੇ ਦਿਨ ਕਾਂਗਰਸੀ ਹਾਥਰਸ ਕਾਂਡ ਖ਼ਿਲਾਫ਼ ਪੀੜਤ ਪਰਿਵਾਰ ਨੂੰ ਮਿਲਣ ਜਾ ਰਹੇ ਸਨ ਪਰ ਪੁਲੀਸ ਨੇ ਇਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਕਾਂਗਰਸੀਆਂ ਤੇ ਪੁਲੀਸ ਵਿਚਾਲੇ ਖਿੱਚਧੂਹ ਹੋਈ। ਇਸ ਦੌਰਾਨ ਰਾਹੁਲ ਗਾਂਧੀ ਡਿੱਗ ਗਏ ਸਨ।

# ਜੰਮੂ ਕਸ਼ਮੀਰ 'ਚ ਸੰਗਰੂਰ ਦੇ ਲਾਂਸ ਨਾਇਕ ਸਣੇ 3 ਜਵਾਨ ਸ਼ਹੀਦ

ਸ੍ਰੀਨਗਰ : ਪਾਕਿਸਤਾਨੀ ਫ਼ੌਜ ਵੱਲੋਂ ਜੰਮੂ-ਕਸ਼ਮੀਰ ਦੇ ਪੁਣਛ ਅਤੇ ਕੁਪਵਾੜਾ ਜ਼ਿਲ੍ਹਿਆਂ 'ਚ ਕੰਟਰੋਲ ਰੇਖਾ 'ਤੇ ਕੀਤੀ ਗਈ ਗੋਲਾਬਾਰੀ 'ਚ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਇੱਕ ਜਵਾਨ ਸਣੇ ਭਾਰਤੀ ਫ਼ੌਜ ਦੇ ਤਿੰਨ ਜਵਾਨ ਸ਼ਹੀਦ ਅਤੇ 5 ਹੋਰ ਜ਼ਖ਼ਮੀ ਹੋ ਗਏ। ਸ਼ਹੀਦਾਂ 'ਚ ਸ਼ਾਮਲ ਲਾਂਸ ਨਾਇਕ ਕਰਨੈਲ ਸਿੰਘ ਸੰਗਰੂਰ ਜ਼ਿਲ੍ਹੇ ਦੇ ਪਿੰਡ ਲੋਹਾਖੇੜਾ ਦਾ ਵਸਨੀਕ ਸੀ, ਜਿਸਨੇ ਬੁੱਧਵਾਰ ਰਾਤ ਕ੍ਰਿਸ਼ਨਾ ਘਾਟੀ ਇਲਾਕੇ 'ਚ ਸ਼ਹੀਦੀ ਪ੍ਰਾਪਤ ਕੀਤੀ। ਫ਼ੌਜ ਦੇ ਤਰਜਮਾਨ ਨੇ ਦੱਸਿਆ ਕਿ ਪਾਕਿਸਤਾਨ ਫ਼ੌਜ ਵੱਲੋਂ ਬੁੱਧਵਾਰ ਰਾਤ ਬਿਨਾਂ ਭੜਕਾਹਟ ਤੋਂ ਗੋਲੀਬੰਦੀ ਦੀ ਉਲੰਘਣਾ ਕਰਦਿਆਂ ਪੁਣਛ ਜ਼ਿਲ੍ਹੇ ਦੇ ਮਨਕੋਟ ਅਤੇ ਕ੍ਰਿਸ਼ਨਾ ਘਾਟੀ ਇਲਾਕਿਆਂ 'ਚ ਛੋਟੇ ਅਤੇ ਵੱਡੇ ਹਥਿਆਰਾਂ ਨਾਲ ਗੋਲਾਬਾਰੀ ਕੀਤੀ ਗਈ, ਜਿਸ ਦੌਰਾਨ ਫ਼ੌਜ ਦਾ ਇੱਕ ਜਵਾਨ ਸ਼ਹੀਦ ਹੋ ਗਿਆ। ਸ੍ਰੀਨਗਰ ਨਾਲ ਸਬੰਧਤ ਰੱਖਿਆ ਤਰਜਮਾਨ ਕਰਨਲ ਰਾਜੇਸ਼ ਕਾਲੀਆ ਨੇ ਦੱਸਿਆ ਕਿ ਪਾਕਿਸਤਾਨੀ ਫ਼ੌਜ ਵੱਲੋਂ ਅੱਜ ਕੁਪਵਾੜਾ ਜ਼ਿਲ੍ਹੇ ਦੇ ਨੌਗਾਮ ਸੈਕਟਰ 'ਚ ਕੀਤੀ ਗਈ ਗੋਲਾਬਾਰੀ 'ਚ ਦੋ ਜਵਾਨ ਸ਼ਹੀਦ ਅਤੇ 4 ਜ਼ਖ਼ਮੀ ਹੋ ਗਏ। ਭਾਰਤੀ ਫ਼ੌਜ ਵੱਲੋਂ ਗੋਲਾਬਾਰੀ ਦਾ ਢੁੱਕਵਾਂ ਜਵਾਬ ਦਿੱਤਾ ਗਿਆ। ਰੱਖਿਆ ਤਰਜਮਾਨ ਮੁਤਾਬਕ 30 ਸਤੰਬਰ ਦੇ ਰਾਤ ਨੂੰ ਪੁਣਛ ਜ਼ਿਲ੍ਹੇ ਦੀ ਕ੍ਰਿਸ਼ਨਾ ਘਾਟੀ 'ਚ ਸ਼ਹੀਦ ਹੋਏ ਲਾਂਸ ਨਾਇਕ ਕਰਨੈਲ ਸਿੰਘ ਨੂੰ ਵ੍ਹਾਈਟ ਨਾਈਟ ਕੋਰ ਦੇ ਜਨਰਲ ਕਮਾਂਡਿੰਗ ਅਫਸਰ ਤੇ ਹੋਰ ਅਧਿਕਾਰੀਆਂ ਵੱਲੋਂ ਸਲਾਮੀ ਦਿੱਤੀ ਗਈ। ਕ੍ਰਿਸ਼ਨਾ ਘਾਟੀ 'ਚ ਜ਼ਖ਼ਮੀ ਹੋਏ ਇੱਕ ਹੋਰ ਜਵਾਨ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਰਿਪੋਰਟਾਂ ਮੁਤਾਬਕ ਪਾਕਿਸਤਾਨ ਫ਼ੌਜ ਵੱਲੋਂ ਪਿਛਲੇ ਪੰਜ ਦਿਨਾਂ ਤੋਂ ਪੁਣਛ 'ਚ ਸਰਹੱਦ ਨੇੜਲੇ ਪਿੰਡਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।



ਲਾਂਸ ਨਾਇਕ ਕਰਨੈਲ ਸਿੰਘ

# ਹਾਥਰਸ ਮਹਿਲਾ ਨਾਲ ਬਲਾਤਕਾਰ ਨਹੀਂ ਹੋਇਆ: ਯੂਪੀ ਪੁਲੀਸ




ਲਖਨਊ : ਉੱਤਰ ਪ੍ਰਦੇਸ਼ ਦੇ ਸੀਨੀਅਰ ਪੁਲੀਸ ਅਧਿਕਾਰੀ ਨੇ ਅੱਜ ਕਿਹਾ ਕਿ ਫੋਰੈਂਸਿਕ ਰਿਪੋਰਟ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਹਾਥਰਸ ਨਾਲ ਸਬੰਧਤ 19 ਸਾਲਾ ਦਲਿਤ ਮਹਿਲਾ ਦੀ ਮੌਤ ਜ਼ਖ਼ਮਾਂ ਦੀ ਤਾਬ ਨਾ ਝੱਲਣ ਕਰਕੇ ਹੋਈ ਤੇ ਉਸ ਨਾਲ ਬਲਾਤਕਾਰ ਨਹੀਂ ਹੋਇਆ ਸੀ। ਏਡੀਜੀ (ਕਾਨੂੰਨ ਤੇ ਵਿਵਸਥਾ) ਪ੍ਰਸ਼ਾਂਤ ਕੁਮਾਰ ਨੇ ਕਿਹਾ ਕਿ ਮਹਿਲਾ ਦੀ ਮੌਤ ਉਸ ਦੀ ਗਰਦਨ 'ਤੇ ਸੱਟ ਤੇ ਜ਼ਖ਼ਮਾਂ ਦਾ ਨਤੀਜਾ ਸੀ। ਕੁਮਾਰ ਨੇ ਕਿਹਾ ਕਿ ਫੋਰੈਂਸਿਕ ਰਿਪੋਰਟ ਵਿੱਚ ਸਾਫ਼ ਸਾਫ਼ ਲਿਖਿਆ ਹੈ ਕਿ ਉਸ ਦੇ ਨਮੂਨਿਆਂ ਵਿੱਚ ਸ਼ੁਕਰਾਣੂ ਨਹੀਂ ਸੀ, ਜਿਸ ਤੋਂ ਸਪਸ਼ਟ ਹੈ ਕਿ ਉਸ ਨਾਲ ਬਲਾਤਕਾਰ ਜਾਂ ਸਮੂਹਿਕ ਜਬਰ ਜਨਾਹ ਨਹੀਂ ਹੋਇਆ।' ਅਧਿਕਾਰੀ ਨੇ ਕਿਹਾ ਕਿ ਸਬੰਧਤ ਮਹਿਲਾ ਨੇ ਪੁਲੀਸ ਕੋਲ ਦਰਜ ਕਰਵਾਏ ਬਿਆਨਾਂ ਵਿੱਚ ਬਲਾਤਕਾਰ ਦਾ ਜ਼ਿਕਰ ਤਕ ਨਹੀਂ ਕੀਤਾ, ਸਿਰਫ਼ ਉਸ ਨਾਲ 'ਮਾਰਪੀਟ' ਹੋਣ ਦੀ ਗੱਲ ਆਖੀ ਸੀ। ਅਧਿਕਾਰੀ ਨੇ ਕਿਹਾ ਕਿ ਕੁਝ ਵਿਅਕਤੀਆਂ ਨੇ ਸਮਾਜਿਕ ਇਕਸੁਰਤਾ ਨੂੰ ਵਿਗਾੜਨ ਤੇ ਜਾਤੀ ਹਿੰਸਾ ਲਈ ਤੱਥਾਂ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਹੈ।

# ਲੈਫ਼ ਜਨਰਲ ਹਰਿੰਦਰ ਸਿੰਘ ਸੰਭਾਲਣਗੇ ਆਈਐਮਏ ਦੀ ਕਮਾਨ




ਨਵੀਂ ਦਿੱਲੀ : ਲੱਦਾਖ ਵਿਚ ਚੀਨ ਨਾਲ ਬਣੇ ਤਣਾਅ ਨੂੰ ਘਟਾਉਣ ਹਿੱਤ ਗੱਲਬਾਤ ਲਈ ਭਾਰਤੀ ਧਿਰ ਦੀ ਅਗਵਾਈ ਕਰਨ ਵਾਲੇ ਲੈਫ਼ਟੀਨੈਂਟ ਜਨਰਲ ਹਰਿੰਦਰ ਸਿੰਘ ਭਲਕ ਤੋਂ ਭਾਰਤੀ ਮਿਲਟਰੀ ਅਕਾਦਮੀ (ਆਈਐਮਏ) ਦੀ ਕਮਾਨ ਸੰਭਾਲਣਗੇ। ਲੇਹ 'ਚ ਤਾਇਨਾਤ ਚੋਟੀ ਦੇ ਫ਼ੌਜੀ ਕਮਾਂਡਰ ਭਾਰਤੀ ਫ਼ੌਜ ਦੀ 14ਵੀਂ ਕੋਰ ਦੀ ਅਗਵਾਈ ਕਰ ਰਹੇ ਸਨ। ਹੁਣ ਉਹ ਪਹਿਲੀ ਅਕਤੂਬਰ ਤੋਂ ਦੇਹਰਾਦੂਨ ਸਥਿਤ ਵੱਕਾਰੀ ਆਈਐਮਏ ਦੇ ਕਮਾਂਡੈਂਟ ਹੋਣਗੇ। ਲੈਫ਼ ਜਨਰਲ ਹਰਿੰਦਰ ਦੀ ਥਾਂ ਲੈਫ਼ਟੀਨੈਂਟ ਜਨਰਲ ਪੀ.ਜੀ.ਕੇ. ਮੈਨਨ ਲੈਣਗੇ। ਉਹ ਇਸ ਵੇਲੇ ਫ਼ੌਜ ਦੇ ਹੈੱਡਕੁਆਰਟਰ 'ਚ ਸ਼ਿਕਾਇਤਾਂ ਬਾਰੇ ਸਲਾਹਕਾਰ ਬੋਰਡ ਦੇ ਵਧੀਕ ਡੀਜੀ ਵਜੋਂ ਤਾਇਨਾਤ ਹਨ।

# ਮੋਦੀ ਸਰਕਾਰ ਕਿਸਾਨ ਹਿਤਾਂ ਖਿਲਾਫ਼ ਕੋਈ ਕੰਮ ਨਹੀਂ ਕਰੇਗੀ: ਰਾਜਨਾਥ ਸਿੰਘ



ਨਵੀਂ ਦਿੱਲੀ : ਨਵੇਂ ਖੇਤੀ ਕਾਨੂੰਨਾਂ ਨੂੰ ਲੈ ਕੇ ਕੁਝ ਪਾਰਟੀਆਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਦਰਮਿਆਨ ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਕਿਸਾਨ ਭਾਈਚਾਰੇ ਨੂੰ ਭਰੋਸਾ ਦਿਵਾਉਂਦਿਆਂ ਅੱਜ ਕਿਹਾ ਕਿ ਉਨ੍ਹਾਂ ਦੀਆਂ ਜਿਣਸਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮਐੱਸਪੀ) 'ਤੇ ਖਰੀਦਣ ਦਾ ਪ੍ਰਬੰਧ ਨਾ ਸਿਰਫ਼ ਜਾਰੀ ਰਹੇਗਾ ਬਲਕਿ ਆਉਂਦੇ ਕੁਝ ਸਾਲਾਂ ਨੂੰ ਇਸ ਵਿੱਚ ਲਗਾਤਾਰ ਵਾਧਾ ਵੀ ਹੋਵੇਗਾ। ਕਾਂਗਰਸ ਦੇ ਯੂਥ ਵਿੰਗ ਨਾਲ ਸਬੰਧਤ ਪ੍ਰਦਰਸ਼ਨਕਾਰੀਆਂ ਵੱਲੋਂ ਇੰਡੀਆ ਗੇਟ ਅੱਗੇ ਟਰੈਕਟਰ ਸਾੜਨ ਲਈ ਪਾਰਟੀ ਨੂੰ ਲੰਮੇ ਹੱਥੀਂ ਲੈਂਦਿਆਂ ਸਿੰਘ ਨੇ ਕਿਹਾ, 'ਜਿਵੇਂ ਫੌਜੀਆਂ ਲਈ ਉਨ੍ਹਾਂ ਦੇ ਹਥਿਆਰ ਮੁਕੱਦਸ ਹੁੰਦੇ ਹਨ, ਉਸੇ ਤਰ੍ਹਾਂ ਕਿਸਾਨਾਂ ਲਈ ਟਰੈਕਟਰ ਹੈ। ਇਸ ਨੂੰ ਸਾੜ ਕੇ ਉਹ ਸਾਡੇ ਕਿਸਾਨਾਂ ਦਾ ਨਿਰਾਦਰ ਕਰ ਰਹੇ ਹਨ।' ਇਥੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੰਘ ਨੇ ਕਿਹਾ, 'ਇਕ ਕਿਸਾਨ ਦਾ ਪੁੱਤ ਹੋਣ ਦੇ ਨਾਤੇ, ਮੈਂ ਇਹ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਮੋਦੀ ਸਰਕਾਰ ਅਜਿਹਾ ਕੋਈ ਕੰਮ ਨਹੀਂ ਕਰੇਗੀ, ਜੋ ਕਿਸਾਨ ਹਿੱਤਾਂ ਦੇ ਖ਼ਿਲਾਫ਼ ਜਾਂਦਾ ਹੋਵੇ।' ਉਨ੍ਹਾਂ ਕਿਹਾ, 'ਮੈਂ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਅਪੀਲ ਕਰਦਾ ਹਾਂ ਕਿ ਜੇਕਰ ਉਨ੍ਹਾਂ ਨੂੰ ਕਿਸੇ ਗੱਲ ਦਾ ਉਜਰ ਜਾਂ ਖ਼ਦਸ਼ਾ ਹੈ ਤਾਂ ਸਾਡੇ ਨਾਲ ਇਸ ਬਾਰੇ ਗੱਲਬਾਤ ਕਰਨ।'

# ਕੇਂਦਰ ਜਾਂ ਰਾਜ ਸਰਕਾਰ ਨੂੰ ਈਕੋ ਸੰਵੇਦਨਸ਼ੀਲ ਜ਼ੋਨਾਂ 'ਚ ਕੋਲਾ ਖਣਨ ਦਾ ਹੱਕ ਨਹੀਂ: ਸੁਪਰੀਮ ਕੋਰਟ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਜੇਕਰ ਕੋਈ ਖੇਤਰ ਵਾਤਾਵਰਨ ਦੇ ਨਜ਼ਰੀਏ ਤੋਂ ਸੰਵੇਦਨਸ਼ੀਲ ਜ਼ੋਨ ਵਿੱਚ ਆਉਂਦਾ ਹੈ ਤਾਂ ਕੇਂਦਰ ਜਾਂ ਰਾਜ ਸਰਕਾਰਾਂ ਨੂੰ ਉਥੋਂ ਕੋਲੇ ਦਾ ਖਣਨ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਸਿਖਰਲੀ ਅਦਾਲਤ ਨੇ ਇਹ ਟਿੱਪਣੀ ਝਾਰਖੰਡ ਸਰਕਾਰ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੀਤੀ ਹੈ, ਜਿਸ ਵਿੱਚ ਕੇਂਦਰ ਸਰਕਾਰ ਦੇ ਕਮਰਸ਼ੀਅਲ ਖਣਨ ਲਈ ਕੋਲਾ ਬਲਾਕਾਂ ਦੀ ਬੋਲੀ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ। ਬੈਂਚ ਨੇ ਕਿਹਾ ਪ੍ਰਤੱਖ ਤੌਰ 'ਤੇ ਸੂਬਿਆਂ 'ਚ ਕੋਲਾ ਬਲਾਕਾਂ ਦੀ ਨਿਲਾਮੀ ਕਰਨ ਦਾ ਅਧਿਕਾਰ ਕੇਂਦਰ ਸਰਕਾਰ ਕੋਲ ਹੈ, ਪਰ ਜੇਕਰ ਇਹ ਪਤਾ ਲਾਉਣਾ ਹੋਵੇ ਕਿ ਸਬੰਧਤ ਖੇਤਰ ਵਾਤਾਵਰਨ ਪੱਖੋਂ ਸੰਵੇਦਨਸ਼ੀਲ ਹੈ ਜਾਂ ਨਹੀਂ, ਤਾਂ ਇਸ ਲਈ ਉਹ ਕੁਝ ਮਾਹਿਰਾਂ ਨੂੰ ਭੇਜ ਸਕਦੀ ਹੈ। ਸਿਖਰਲੀ ਅਦਾਲਤ ਨੇ ਕੇਂਦਰ ਸਰਕਾਰ ਨੂੰ ਇਕ ਹਫ਼ਤੇ ਅੰਦਰ ਹਲਫ਼ਨਾਮਾ ਦਾਖ਼ਲ ਕਰਨ ਲਈ ਕਿਹਾ ਹੈ।

# ਦੇਸ਼ 'ਚ ਕਾਲੇ ਕਾਨੂੰਨਾਂ ਖ਼ਿਲਾਫ਼ ਕਾਂਗਰਸ ਦਾ ਸੰਘਰਸ਼ ਜਾਰੀ ਰਹੇਗਾ ਤੇ ਜਿੱਤ ਕਿਸਾਨਾਂ ਦੀ ਹੋਵੇਗੀ: ਸੋਨੀਆ



ਨਵੀਂ ਦਿੱਲੀ : ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਕਿਸਾਨਾਂ ਨਾਲ ਬੇਇਨਸਾਫੀ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਨ੍ਹਾਂ 'ਕਾਲੇ ਕਾਨੂੰਨਾਂ' ਵਿਰੁੱਧ ਉਨ੍ਹਾਂ ਦੀ ਪਾਰਟੀ ਦਾ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਨੇ ਇਹ ਵੀ ਉਮੀਦ ਜਤਾਈ ਕਿ ਇਨ੍ਹਾਂ ਕਾਨੂੰਨਾਂ ਵਿਰੁੱਧ ਲਹਿਰ ਸਫਲ ਹੋਵੇਗੀ ਅਤੇ ਕਿਸਾਨਾਂ ਦੀ ਜਿੱਤ ਹੋਵੇਗੀ। ਸ੍ਰੀਮਤੀ ਸੋਨੀਆ ਗਾਂਧੀ ਨੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਜਨਮ ਦਿਨ 'ਤੇ ਵੀਡੀਓ ਸੰਦੇਸ਼ ਵਿਚ ਕਿਹਾ, " ਕਿਸਾਨਾਂ, ਮਜ਼ਦੂਰਾਂ ਅਤੇ ਕਿਰਤੀ ਲੋਕਾਂ ਦੀ ਸਭ ਤੋਂ ਵੱਡੇ ਹਮਦਰਦ ਮਹਾਤਮਾ ਗਾਂਧੀ ਦਾ ਅੱਜ ਜਨਮ ਦਿਨ ਹੈ। ਗਾਂਧੀ ਜੀ ਕਹਿੰਦੇ ਸਨ ਕਿ ਭਾਰਤ ਦੀ ਆਤਮਾ ਭਾਰਤ ਦੇ ਪਿੰਡਾਂ, ਖੇਤਾਂ ਵਿੱਚ ਵਸਦੀ ਹੈ। ਅੱਜ ਸਾਡੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦਾ ਜਨਮ ਦਿਨ ਵੀ ਹੈ, ਜਿਨ੍ਹਾਂ ਨੇ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਦਿੱਤਾ ਸੀ।'

## ਰਾਖਵੇਂਕਰਨ ਬਾਰੇ ਉਦਯਨਰਾਜੇ ਦਾ ਸੁਝਾਅ ਕ੍ਰਾਂਤੀਕਾਰੀ: ਸ਼ਿਵ ਸੈਨਾ

ਮੁੰਬਈ : ਸ਼ਿਵ ਸੈਨਾ ਨੇ ਭਾਜਪਾ ਆਗੂ ਤੇ ਸੰਸਦ ਮੈਂਬਰ ਉਦਯਨਰਾਜੇ ਭੋਸਲੇ ਵੱਲੋਂ ਯੋਗਤਾ ਤੇ ਆਰਥਿਕਤਾ ਦੇ ਆਧਾਰ 'ਤੇ ਰਾਖਵਾਂਕਰਨ ਦਿੱਤੇ ਜਾਣ ਦੇ ਸੁਝਾਅ ਨੂੰ ਕ੍ਰਾਂਤੀਕਾਰੀ ਕਰਾਰ ਦਿੱਤਾ ਹੈ। ਸ੍ਰੀ ਭੋਸਲੇ ਨੇ ਯੋਗਤਾ ਆਧਾਰਿਤ ਰਾਖਵਾਂਕਰਨ ਦੀ ਹਮਾਇਤ ਕਰਦਿਆਂ ਕਿਹਾ ਹੈ ਕਿ ਉਹ ਜਾਤ ਆਧਾਰਿਤ ਰਾਖਵਾਂਕਰਨ ਖਤਮ ਕਰਕੇ ਆਰਥਿਕ ਤੇ ਯੋਗਤਾ ਦੇ ਆਧਾਰ 'ਤੇ ਰਾਖਵਾਂਕਰਨ ਦੇ ਹਮਾਇਤੀ ਹਨ। ਉਨ੍ਹਾਂ ਕਿਹਾ ਸੀ ਕਿ ਜੇਕਰ ਊਧਵ ਸਰਕਾਰ ਮਹਾਰਾਸ਼ਟਰ 'ਚ ਮਰਾਠਾ ਰਾਖਵਾਂਕਰਨ ਕਾਨੂੰਨ ਲਾਗੂ ਕਰਨ 'ਚ ਨਾਕਾਮ ਰਹਿੰਦੀ ਹੈ ਤਾਂ ਸਾਰੇ ਭਾਈਚਾਰਿਆਂ ਨੂੰ ਮਿਲਿਆ ਰਾਖਵਾਂਕਰਨ ਵੀ ਖਤਮ ਕਰ ਦੇਣਾ ਚਾਹੀਦਾ ਹੈ। ਸ਼ਿਵ ਸੈਨਾ ਦੇ ਮੁੱਖ ਪੱਤਰ 'ਸਾਮਨਾ' ਦੀ ਸੰਪਾਦਕੀ 'ਚ ਕਿਹਾ ਗਿਆ ਹੈ, 'ਇਨ੍ਹਾਂ ਹਾਲਤਾਂ 'ਚ ਸਾਰੇ ਭਾਈਚਾਰਿਆਂ ਦਾ ਰਾਖਵਾਂਕਰਨ ਖਤਮ ਕਰਕੇ ਯੋਗਤਾ ਆਧਾਰਿਤ ਰਾਖਵਾਂਕਰਨ ਦੇਣ ਦੀ ਉਦਯਨਰਾਜੇ ਦੀ ਅਪੀਲ ਕ੍ਰਾਂਤੀਕਾਰੀ ਹੈ।'

# ਅਡਵਾਨੀ ਅਤੇ ਜੋਸ਼ੀ ਸਣੇ ਸਾਰੇ ਬਰੀ

ਲਖਨਊ : ਬਾਬਰੀ ਮਸਜਿਦ ਢਾਹੁਣ ਦੇ ਕੇਸ 'ਚ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਭਾਜਪਾ ਦੇ ਸੀਨੀਅਰ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਸਮੇਤ 32 ਮੁਲਜ਼ਮਾਂ ਨੂੰ ਅੱਜ ਬਰੀ ਕਰ ਦਿੱਤਾ। ਅਦਾਲਤ ਨੇ 2300 ਪੰਨਿਆਂ ਦੇ ਫ਼ੈਸਲੇ 'ਚ ਕਿਹਾ ਕਿ ਸੀਬੀਆਈ ਮੁਲਜ਼ਮਾਂ ਖਿਲਾਫ਼ ਕੋਈ ਪੁਖ਼ਤਾ ਸਬੂਤ ਪੇਸ਼ ਨਹੀਂ ਕਰ ਸਕੀ। ਕਰੀਬ 28 ਸਾਲ ਪੁਰਾਣੇ ਕੇਸ ਦਾ ਨਿਬੇੜਾ ਕਰਦਿਆਂ ਸੀਬੀਆਈ ਅਦਾਲਤ ਦੇ ਜੱਜ ਐੱਸ ਕੇ ਯਾਦਵ ਨੇ ਅਖ਼ਬਾਰਾਂ ਅਤੇ ਵੀਡੀਓ ਕੈਸੇਟਸ ਨੂੰ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ। ਅਦਾਲਤ ਮੁਤਾਬਕ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਾਬਕਾ ਆਗੂ ਅਸ਼ੋਕ ਸਿੰਘਲ ਬਾਬਰੀ ਮਸਜਿਦ ਢਾਂਚੇ ਨੂੰ ਬਚਾਉਣਾ ਚਾਹੁੰਦੇ ਸਨ ਕਿਉਂਕਿ ਅੰਦਰ ਭਗਵਾਨ ਰਾਮ ਦੀਆਂ ਮੂਰਤੀਆਂ ਪਈਆਂ ਸਨ। ਜੱਜ ਨੇ ਕਿਹਾ ਕਿ ਜਾਂਚ ਏਜੰਸੀ ਬਾਬਰੀ ਮਸਜਿਦ ਢਾਹੁਣ ਵਾਲੇ ਕਾਰ ਸੇਵਕਾਂ ਦੀ ਇਸ ਮਾਮਲੇ 'ਚ ਮੁਲਜ਼ਮ ਬਣਾਏ ਗਏ ਵਿਅਕਤੀਆਂ ਨਾਲ ਕੋਈ ਗੰਢ-ਤੁੱਪ ਸਾਬਿਤ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਮਸਜਿਦ ਨੂੰ ਸੋਚੀ-ਸਮਝੀ ਸਾਜ਼ਿਸ਼ ਤਹਿਤ ਨਹੀਂ ਢਾਹਿਆ ਗਿਆ ਹੈ ਅਤੇ ਇਹ ਕਾਰਾ ਸਹਿਜ ਸੁਭਾਅ ਹੀ ਹੋ ਗਿਆ। ਜੱਜ ਨੇ ਸਾਰੇ ਮੁਲਜ਼ਮਾਂ ਨੂੰ 50-50 ਹਜ਼ਾਰ ਰੁਪਏ ਦੇ ਬਾਂਡ ਅਤੇ ਜਾਮਨੀ ਭਰਨ ਦੇ ਨਿਰਦੇਸ਼ ਦਿੱਤੇ। ਅਦਾਲਤ 'ਚ ਫ਼ੈਸਲਾ ਸੁਣਾਏ ਜਾਣ ਸਮੇਂ ਕੁਝ ਮੁਲਜ਼ਮਾਂ ਨੇ ਜੱਜ ਦੀ ਮੌਜੂਦਗੀ 'ਚ 'ਜੈ ਸ੍ਰੀਰਾਮ' ਦੇ ਨਾਅਰੇ ਵੀ ਲਗਾਏ। ਸ੍ਰੀ ਯਾਦਵ ਦਾ ਅੱਜ ਅਦਾਲਤ 'ਚ ਆਖਰੀ ਦਿਨ ਸੀ। ਉਹ ਪਹਿਲਾਂ ਹੀ 30 ਸਤੰਬਰ 2019 'ਚ ਸੇਵਾਮੁਕਤ ਹੋ ਗਏ ਹਨ ਪਰ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਸੇਵਾ ਅੱਜ ਫ਼ੈਸਲਾ ਸੁਣਾਏ ਜਾਣ ਤੱਕ ਵਧਾ ਦਿੱਤੀ ਸੀ।



ਇਹ ਕੇਸ ਅਯੁੱਧਿਆ 'ਚ ਵਿਵਾਦਤ ਢਾਂਚੇ ਨੂੰ 6 ਦਸੰਬਰ 1992 ਨੂੰ ਢਾਹੁਣ ਨਾਲ ਸਬੰਧਤ ਹੈ ਜਿਸ ਮਗਰੋਂ ਕਈ ਮਹੀਨਿਆਂ ਤੱਕ ਹੋਏ ਦੰਗਿਆਂ ਦੌਰਾਨ ਮੁਲਕ ਭਰ 'ਚ ਕਰੀਬ 2 ਹਜ਼ਾਰ ਵਿਅਕਤੀ ਮਾਰੇ ਗਏ ਸਨ। ਇਹ ਢਾਂਚਾ 'ਕਾਰ ਸੇਵਕਾਂ' ਨੇ ਢਾਹਿਆ ਸੀ ਜਿਨ੍ਹਾਂ ਦਾਅਵਾ ਕੀਤਾ ਸੀ ਕਿ ਅਯੁੱਧਿਆ 'ਚ ਪੁਰਾਤਨ ਰਾਮ ਮੰਦਰ ਦੀ ਥਾਂ 'ਤੇ ਮਸਜਿਦ ਉਸਾਰੀ ਗਈ ਸੀ।

ਖੁੱਲ੍ਹੀ ਅਦਾਲਤ 'ਚ ਫ਼ੈਸਲਾ ਪੜ੍ਹਦਿਆਂ ਜੱਜ ਨੇ ਅਖ਼ਬਾਰਾਂ ਦੇ ਟੁੱਕੜਿਆਂ ਨੂੰ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਕਿਉਂਕਿ ਉਸ ਦੀਆਂ ਮੂਲ ਕਾਪੀਆਂ ਪੇਸ਼ ਨਹੀਂ ਕੀਤੀਆਂ ਗਈਆਂ ਸਨ। ਇਸੇ ਤਰ੍ਹਾਂ ਤਸਵੀਰਾਂ ਦੇ ਨੈਗੇਟਿਵ ਨਹੀਂ ਦਿੱਤੇ ਗਏ ਸਨ।

ਸੀਬੀਆਈ ਅਦਾਲਤ ਵੱਲੋਂ ਬਰੀ ਕੀਤੇ ਗਏ ਆਗੂਆਂ 'ਚ ਸਾਬਕਾ ਉਪ ਪ੍ਰਧਾਨ ਮੰਤਰੀ ਅਡਵਾਨੀ, ਸਾਬਕਾ ਕੇਂਦਰੀ ਮੰਤਰੀ ਜੋਸ਼ੀ ਅਤੇ ਉਮਾ ਭਾਰਤੀ, ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ (ਜਿਨ੍ਹਾਂ ਦੇ ਕਾਰਜਕਾਲ ਦੌਰਾਨ ਢਾਂਚਾ ਢਾਹਿਆ ਗਿਆ ਸੀ), ਵਿਨੈ ਕਟਿਆਰ ਅਤੇ ਸਾਧਵੀ ਰਿਤੰਬਰਾ ਸ਼ਾਮਲ ਹਨ। ਮੰਦਰ ਦੀ ਉਸਾਰੀ ਲਈ ਬਣਾਏ ਗਏ ਟਰੱਸਟ ਦੇ ਜਨਰਲ ਸਕੱਤਰ ਚੰਪਤ ਰਾਏ ਵੀ ਮੁਲਜ਼ਮਾਂ 'ਚ ਸ਼ਾਮਲ ਸਨ। ਜੱਜ ਐੱਸ ਕੇ ਯਾਦਵ ਨੇ 16 ਸਤੰਬਰ ਨੂੰ 32 ਮੁਲਜ਼ਮਾਂ ਨੂੰ ਹਦਾਇਤ ਕੀਤੀ ਸੀ ਕਿ ਉਹ ਫ਼ੈਸਲੇ ਵਾਲੇ ਦਿਨ ਅਦਾਲਤ 'ਚ ਹਾਜ਼ਰ ਰਹਿਣ।

ਬਚਾਅ ਪੱਖ ਦੇ ਵਕੀਲ ਵਿਮਲ ਕੁਮਾਰ ਸ੍ਰੀਵਾਸਤਵ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਪਹਿਲਾਂ ਤੋਂ ਆਖਦੇ ਆ ਰਹੇ ਸਨ ਕਿ ਮੁਲਜ਼ਮਾਂ ਖਿਲਾਫ਼ ਕੋਈ ਸਬੂਤ ਨਹੀਂ ਹਨ ਅਤੇ ਤਤਕਾਲੀ ਕਾਂਗਰਸ ਸਰਕਾਰ ਦੇ ਪ੍ਰਭਾਵ ਹੇਠ ਸੀਬੀਆਈ ਨੇ ਉਨ੍ਹਾਂ ਨੂੰ ਝੂਠਾ ਫਸਾਇਆ ਸੀ। ਸੀਬੀਆਈ ਦੇ ਵਕੀਲ ਲਲਿਤ ਸਿੰਘ ਨੇ ਕਿਹਾ ਕਿ ਵਿਸ਼ੇਸ਼ ਅਦਾਲਤ ਦੇ ਫ਼ੈਸਲੇ ਖਿਲਾਫ਼ ਅਪੀਲ ਦਾਖ਼ਲ ਕਰਨ ਬਾਰੇ ਉਹ ਆਪਣੇ ਕਾਨੂੰਨੀ ਵਿਭਾਗ ਨਾਲ ਵਿਚਾਰ ਵਟਾਂਦਰੇ ਮਗਰੋਂ ਕੋਈ ਫ਼ੈਸਲਾ ਲੈਣਗੇ। ਉਨ੍ਹਾਂ ਕਿਹਾ ਕਿ ਫ਼ੈਸਲੇ ਦੀ ਕਾਪੀ ਸੀਬੀਆਈ ਹੈੱਡਕੁਆਰਟਰ ਭੇਜੀ ਜਾਵੇਗੀ ਜਿਥੋਂ ਸੁਝਾਅ ਮਿਲਣ ਮਗਰੋਂ ਕੋਈ ਫ਼ੈਸਲਾ ਲਿਆ ਜਾਵੇਗਾ। ਉਮਾ ਭਾਰਤੀ (61) ਅਤੇ ਕਲਿਆਣ ਸਿੰਘ (88) ਕਰੋਨਾਵਾਇਰਸ ਕਾਰਨ ਹਸਪਤਾਲ 'ਚ ਦਾਖ਼ਲ ਹਨ ਜਿਸ ਕਾਰਨ ਉਹ ਫ਼ੈਸਲਾ ਸੁਣਾਏ ਜਾਣ ਸਮੇਂ ਅਦਾਲਤ 'ਚ ਹਾਜ਼ਰ ਨਹੀਂ ਸਨ। ਸ੍ਰੀ ਅਡਵਾਨੀ (92), ਨ੍ਰਿਤਿਆ ਗੋਪਾਲ ਦਾਸ ਅਤੇ ਸਤੀਸ਼ ਪ੍ਰਧਾਨ ਵੀ ਅਦਾਲਤ 'ਚ ਹਾਜ਼ਰ ਨਹੀਂ ਸਨ। ਕੇਂਦਰੀ ਏਜੰਸੀ ਨੇ ਅਦਾਲਤ ਅੱਗੇ ਸਬੂਤ ਵਜੋਂ 351 ਗਵਾਹਾਂ ਅਤੇ 600 ਦਸਤਾਵੇਜ਼ ਪੇਸ਼ ਕੀਤੇ ਸਨ। ਇਸ ਮਗਰੋਂ 48 ਵਿਅਕਤੀਆਂ ਖਿਲਾਫ਼ ਦੋਸ਼ ਤੈਅ ਕੀਤੇ ਗਏ ਸਨ ਪਰ ਕੇਸ ਚੱਲਣ ਦੌਰਾਨ 16 ਵਿਅਕਤੀਆਂ ਦੀ ਮੌਤ ਹੋ ਗਈ ਸੀ। ਸੀਬੀਆਈ ਨੇ ਦਲੀਲ ਦਿੱਤੀ ਸੀ ਕਿ ਮੁਲਜ਼ਮਾਂ ਨੇ ਸਾਜ਼ਿਸ਼ ਕਰਕੇ 'ਕਾਰ ਸੇਵਕਾਂ' ਨੂੰ 16ਵੀਂ ਸਦੀ ਦੀ ਮਸਜਿਦ ਢਾਹੁਣ ਲਈ ਭੜਕਾਇਆ।

# ਪੂਰਬੀ ਲੱਦਾਖ ਵਿੱਚ ਹਾਲਾਤ ਅਣਸੁਖਾਵੇਂ: ਭਦੌਰੀਆ

ਨਵੀਂ ਦਿੱਲੀ: ਭਾਰਤੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ਼ ਮਾਰਸ਼ਲ



ਆਰ.ਕੇ.ਐੱਸ. ਭਦੌਰੀਆ ਨੇ ਪੂਰਬੀ ਲੱਦਾਖ 'ਚ ਚੀਨ ਨਾਲ ਪਿਛਲੇ ਕਈ ਮਹੀਨਿਆਂ ਤੋਂ ਜਾਰੀ ਸਰਹੱਦੀ ਤਣਾਅ ਦੇ ਹਵਾਲੇ ਨਾਲ ਅੱਜ ਕਿਹਾ ਕਿ ਸਾਡੀਆਂ ਉੱਤਰੀ ਸਰਹੱਦਾਂ ਉੱਤੇ ਬੇਚੈਨੀ ਅਤੇ 'ਨਾ ਜੰਗ ਤੇ ਨਾ ਅਮਨ' ਵਾਲੇ ਹਾਲਾਤ ਹਨ। ਭਦੌਰੀਆ ਨੇ ਕਿਹਾ ਕਿ ਭਾਰਤੀ ਹਵਾਈ ਸੈਨਾ ਨੇ ਮੌਜੂਦਾ ਹਾਲਾਤ ਨਾਲ ਬਹੁਤ ਤੇਜ਼ੀ ਨਾਲ ਸਿੱਝਿਆ ਹੈ ਤੇ ਉਹ ਖਿੱਤੇ ਵਿੱਚ ਦੁਸ਼ਮਣ ਦੀ ਕਿਸੇ ਵੀ 'ਹਿਮਾਕਤ' ਦਾ ਮੂੰਹ ਤੋੜ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਹਨ। ਏਅਰ ਚੀਫ਼ ਮਾਰਸ਼ਲ ਭਦੌਰੀਆ ਨੇ ਕਿਹਾ ਕਿ ਰਾਫ਼ਾਲ ਲੜਾਕੂ ਜਹਾਜ਼ਾਂ, ਸੀ-17 ਗਲੋਬਮਾਸਟਰ ਸਮੇਤ ਚਿਨੂਕ ਤੇ ਅਪਾਚੇ ਹੈਲੀਕਾਪਟਰਾਂ ਦੀ ਸ਼ਮੂਲੀਅਤ ਨਾਲ ਭਾਰਤੀ ਹਵਾਈ ਸੈਨਾ ਦੀਆਂ ਰਣਨੀਤਕ ਤੇ ਸਮਰਥਾਵਾਂ ਵਿੱਚ ਵੱਡਾ ਵਾਧਾ ਹੋਇਆ ਹੈ। ਭਾਰਤੀ ਅੈਰੋਸਪੇਸ ਇੰਡਸਟਰੀ 'ਚ ਨਵੀਂ ਊਰਜਾ ਭਰਨ ਬਾਰੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਦੌਰੀਆ ਨੇ ਕਿਹਾ, 'ਭਵਿੱਖੀ ਜੰਗਾਂ ਵਿੱਚ ਸਾਡੀ ਜਿੱਤ 'ਚ ਹਵਾਈ ਤਾਕਤ ਦੀ ਅਹਿਮ ਭੂਮਿਕਾ ਹੋਵੇਗੀ। ਲਿਹਾਜ਼ਾ ਜ਼ਰੂਰੀ ਹੈ ਕਿ ਆਧੁਨਿਕ ਤਕਨੀਕ ਤੇ ਹਥਿਆਰਾਂ ਦੇ ਮਾਮਲੇ ਵਿੱਚ ਭਾਰਤੀ ਹਵਾਈ ਸੈਨਾ ਦਾ ਆਪਣੇ ਦੁਸ਼ਮਣਾਂ ਦੇ ਮੁਕਾਬਲੇ ਹੱਥ ਉਪਰ ਹੋਵੇ।' ਹਵਾਈ ਫ਼ੌਜ ਮੁਖੀ ਨੇ ਕਿਹਾ ਕਿ ਉਨ੍ਹਾਂ ਬਹੁਤ ਥੋੜ੍ਹੇ ਸਮੇਂ 'ਚ ਹਲਕੇ ਲੜਾਕੂ ਜਹਾਜ਼ਾਂ ਤੇਜਸ ਦੀਆਂ ਦੋ ਸਕੁਐਡਰਨਾਂ ਤਿਆਰ ਕਰਕੇ ਅਤੇ ਭਾਰਤ ਵਿੱਚ ਬਣੇ ਹਥਿਆਰਾਂ ਨੂੰ ਸੂ-30 ਐੱਮਕੇਆਈ ਜੰਗੀ ਜਹਾਜ਼ਾਂ ਦੇ ਅਨੁਕੂਲ ਬਣਾ ਕੇ ਵੱਡੀ ਪੁਲਾਂਘ ਪੁੱਟੀ ਗਈ ਹੈ। ਇਹ ਦੇਸ਼ ਵਿੱਚ ਹੀ ਫੌਜੀ ਹਾਰਡਵੇਅਰ ਵਿਕਸਤ ਕਰਨ ਦੀ ਭਾਰਤ ਦੀ ਸਮਰੱਥਾ ਨੂੰ ਦਰਸਾਉਂਦਾ ਹੈ।

# ਵਿਰੋਧੀ ਧਿਰ ਕਿਸਾਨਾਂ ਦਾ ਭਲਾ ਨਹੀਂ ਚਾਹੁੰਦੀ: ਮੋਦੀ

ਦੇਹਰਾਦੂਨ : ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਉਤਰੀਆਂ ਵਿਰੋਧੀ ਧਿਰਾਂ 'ਤੇ ਤਿੱਖਾ ਹਮਲਾ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਅਜਿਹੇ ਲੋਕ ਚਾਹੁੰਦੇ ਹਨ ਕਿ ਸਿਰਫ਼ ਵਿਚੋਲੇ ਹੀ ਵਧਣ-ਫੁੱਲਣ। ਕਾਂਗਰਸ ਵਰਕਰਾਂ ਵੱਲੋਂ ਦਿੱਲੀ 'ਚ ਟਰੈਕਟਰ ਸਾੜਨ ਦੀ ਘਟਨਾ ਨੂੰ ਉਨ੍ਹਾਂ ਕਿਸਾਨਾਂ ਦਾ ਅਪਮਾਨ ਕਰਾਰ ਦਿੱਤਾ। ਕਾਂਗਰਸ ਦਾ ਨਾਮ ਲਏ ਬਿਨਾਂ ਉਨ੍ਹਾਂ ਕਿਹਾ,"ਉਹ ਕਿਸਾਨਾਂ ਦੀ ਆਜ਼ਾਦੀ ਦਾ ਵਿਰੋਧ ਕਰ ਰਹੇ ਹਨ ਅਤੇ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਮੁਸ਼ਕਲਾਂ ਹਮੇਸ਼ਾ ਜਾਰੀ ਰਹਿਣ। ਕਿਸਾਨ ਜਿਨ੍ਹਾਂ ਖੇਤੀ ਸੰਦਾਂ ਦੀ ਪੂਜਾ ਕਰਦੇ ਹਨ, ਉਹ ਉਸ ਨੂੰ (ਟਰੈਕਟਰ) ਅੱਗ ਲਗਾ ਕੇ ਕਿਸਾਨਾਂ ਦਾ ਅਪਮਾਨ ਕਰ ਰਹੇ ਹਨ।"



ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਕਿਸਾਨਾਂ ਨੂੰ ਪਾਬੰਦੀਆਂ ਤੋਂ ਮੁਕਤ ਕਰਨਗੇ ਜਿਨ੍ਹਾਂ ਦਾ ਉਹ ਕਈ ਦਹਾਕਿਆਂ ਤੋਂ ਸਾਹਮਣਾ ਕਰ ਰਹੇ ਸਨ। ਪ੍ਰਧਾਨ ਮੰਤਰੀ ਨੇ ਕਿਹਾ,"ਕਿਸਾਨਾਂ ਨੂੰ ਐੱਮਐੱਸਪੀ ਵੀ ਮਿਲੇਗੀ ਅਤੇ ਉਹ ਖੁੱਲ੍ਹੀ ਮੰਡੀ 'ਚ ਕਿਤੇ ਵੀ ਆਪਣੀ ਫ਼ਸਲ ਵੇਚ ਸਕਣਗੇ ਪਰ ਕੁਝ ਲੋਕ ਹਨ ਜੋ ਕਾਨੂੰਨਾਂ ਬਾਰੇ ਝੂਠ ਫੈਲਾ ਰਹੇ ਹਨ। ਪ੍ਰਦਰਸ਼ਨ ਕਰਨ ਦਾ ਮੁੱਖ ਕਾਰਨ ਇਹ ਹੈ ਕਿ ਉਨ੍ਹਾਂ ਲਈ ਕਾਲੇ ਧਨ ਦਾ ਇਕ ਹੋਰ ਵਸੀਲਾ ਬੰਦ ਹੋ ਗਿਆ ਹੈ।"

ਸ੍ਰੀ ਮੋਦੀ ਨੇ ਕਿਹਾ ਕਿ ਵਿਰੋਧੀ ਧਿਰ ਕੋਲ ਸਿਆਸਤ ਕਰਨ ਦਾ ਇਕੋ ਢੰਗ ਰਹਿ ਗਿਆ ਹੈ ਅਤੇ ਉਹ ਸਿਰਫ਼ ਵਿਰੋਧ ਕਰਨਾ ਹੀ ਜਾਣਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਖੇਤੀ ਕਾਨੂੰਨਾਂ ਜਿਹੇ ਉਠਾਏ ਗਏ ਸੁਧਾਰਵਾਦੀ ਕਦਮਾਂ ਦਾ ਵਿਰੋਧ ਕਰਕੇ ਇਹ ਤਾਕਤਾਂ ਆਪਣੇ ਆਪ ਨੂੰ ਸਮਾਜ ਅਤੇ ਮੁਲਕ 'ਚ ਅਪ੍ਰਸੰਗਕ ਬਣਾ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਵਿਰੋਧੀ ਧਿਰ ਜੀਐੱਸਟੀ, ਇਕ ਰੈਂਕ ਇਕ ਪੈਨਸ਼ਨ, ਰਾਫ਼ਾਲ ਸੌਦਾ, ਗਰੀਬਾਂ ਲਈ 10 ਫ਼ੀਸਦੀ ਰਾਖਵਾਂਕਰਨ ਅਤੇ 26 ਨਵੰਬਰ ਨੂੰ ਸੰਵਿਧਾਨ ਦਿਵਸ ਜਿਹੇ ਸਮਾਗਮਾਂ ਆਦਿ ਨੂੰ ਚੁਣੌਤੀ ਦਿੰਦੀ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਿਆਸਤ ਉਸ ਪਾਰਟੀ ਦੀ ਖਿਝ ਦਾ ਨਤੀਜਾ ਹੈ ਜਿਸ ਨੇ ਚਾਰ ਪੀੜ੍ਹੀਆਂ ਤੱਕ ਲੋਕਾਂ 'ਤੇ ਰਾਜ ਕੀਤਾ ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਿਆਸੀ ਪਾਰਟੀ ਦੇ ਕਿਸੇ ਵੀ ਆਗੂ ਨੇ 'ਸਟੈਚੂ ਆਫ਼ ਯੂਨਿਟੀ' ਦਾ ਅਜੇ ਤੱਕ ਦੌਰਾ ਨਹੀਂ ਕੀਤਾ ਹੈ ਜੋ ਸਰਦਾਰ ਵੱਲਭ ਭਾਈ ਪਟੇਲ ਦੀ ਯਾਦ 'ਚ ਬਣਾਇਆ ਗਿਆ ਹੈ। 'ਕਿਉਂਕਿ, ਉਨ੍ਹਾਂ ਨੇ ਸਿਰਫ਼ ਇਸ ਦਾ ਵਿਰੋਧ ਕਰਨਾ ਸੀ।' ਉਨ੍ਹਾਂ ਜਨ-ਧਨ ਯੋਜਨਾ ਅਤੇ ਰਾਮ ਮੰਦਰ ਦਾ ਅਯੁੱਧਿਆ 'ਚ ਨੀਂਹ ਪੱਥਰ ਰੱਖਣ ਦੇ ਵਿਰੋਧ ਬਾਰੇ ਵੀ ਜ਼ਿਕਰ ਕੀਤਾ। ਕਾਂਗਰਸ ਦਾ ਨਾਮ ਲਏ ਬਿਨਾਂ ਉਨ੍ਹਾਂ ਦੋਸ਼ ਲਾਇਆ ਕਿ ਉਹ ਕਿਸਾਨਾਂ, ਨੌਜਵਾਨਾਂ ਅਤੇ ਫ਼ੌਜੀਆਂ ਨਾਲ ਨਹੀਂ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਬਹਾਦਰ ਜਵਾਨਾਂ ਦੀ ਪ੍ਰਸ਼ੰਸਾ ਕਰਨ ਦੀ ਬਜਾਏ ਸਰਜੀਕਲ ਸਟਰਾਈਕ ਦੇ ਸਬੂਤ ਮੰਗੇ ਸਨ। 'ਉਨ੍ਹਾਂ ਕਈ ਸਾਲਾਂ ਤੱਕ ਹਵਾਈ ਸੈਨਾ ਨੂੰ ਮਜ਼ਬੂਤ ਬਣਾਉਣ ਲਈ ਕੁਝ ਨਹੀਂ ਕੀਤਾ। ਮੈਨੂੰ ਖ਼ੁਸ਼ੀ ਹੈ ਕਿ ਰਾਫ਼ਾਲ ਜੈੱਟ ਅੱਜ ਹਵਾਈ ਸੈਨਾ ਨੂੰ ਮਜ਼ਬੂਤ ਬਣਾ ਰਹੇ ਹਨ।"

ਸ੍ਰੀ ਮੋਦੀ ਨੇ ਵੀਡੀਓ ਕਾਨਫਰੰਸ ਰਾਹੀਂ ਨਮਾਮੀ ਗੰਗੇ ਤਹਿਤ ਹਰਿਦੁਆਰ, ਰਿਸ਼ੀਕੇਸ਼, ਮੁਣੀ-ਕੀ-ਰੇਤੀ ਕਸਬੇ ਅਤੇ ਬਦਰੀਨਾਥ 'ਚ ਛੇ ਸੀਵਰੇਜ ਟਰੀਟਮੈਂਟ ਪਲਾਂਟਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ, ਕਿਸਾਨਾਂ, ਨੌਜਵਾਨਾਂ ਅਤੇ ਮੁਲਕ ਨੂੰ ਵੱਡੇ ਸੁਧਾਰਾਂ ਨਾਲ ਮਜ਼ਬੂਤ ਬਣਾਉਣ ਦੀ ਪ੍ਰਕਿਰਿਆ ਲਗਾਤਾਰ ਜਾਰੀ ਰਹੇਗੀ।

# ਜੇ ਫੱਟੀ ਸਾਹ ਦਊ, ਤਾਂ ਹੀ ਬਾਜੀਗਰ ਛਾਲ ਮਾਰੂ




ਉਜਾਗਰ ਮੱਲ ਠੀਕ ਹੋ ਕੇ ਹੁਣ ਹਸਪਤਾਲ ਤੋਂ ਆਪਣੇ ਘਰ ਪਹੁੰਚ ਗਿਆ ਸੀ। ਉਸਦੀ ਸਿਹਤ ਹੁਣ ਠੀਕ ਹੀ ਸੀ। ਬਹਾਨਾ ਬਣਾ ਕੇ ਕੁੱਝ ਦਿਨਾ ਲਈ ਉਸਨੇ ਕਾਲਜ ਵਿੱਚ ਜਾਣ ਤੋਂ ਛੁੱਟੀ ਲੈ ਲਈ ਸੀ। ਜੇਕਰ ਕੋਈ ਸਟਾਫ ਮੈਂਬਰ ਇਮਤਿਹਾਨ ਵਿੱਚ ਡਿਊਟੀ ਤੇ ਨਾ ਹੋਵੇ ਤਾਂ ਉਸਨੂੰ ਕੁੱਝ ਸਮੇਂ ਲਈ ਕਾਲਜ ਜਾ ਕੇ ਬੈਠਣਾ ਹੀ ਹੁੰਦਾ ਸੀ। ਡਾਕਟਰ ਅਕਸਰ ਲਿਖ ਹੀ ਦਿੰਦੇ ਹਨ ਕਿ ਮਰੀਜ ਨੂੰ ਕੁੱਝ ਦਿਨ ਹੋਰ ਅਰਾਮ ਕਰਨਾ ਚਾਹੀਦਾ ਹੈ। ਡਾਕਟਰ ਦੀ ਇਸ ਲਿਖਤ ਨੇ ਉਸਨੂੰ ਕੁੱਝ ਹੋਰ ਦਿਨਾਂ ਲਈ ਕਾਲਜ ਜਾਣ ਤੋਂ ਵੀ ਛੁਟਕਾਰਾ ਦੁਆ ਦਿੱਤਾ ਸੀ।

ਪ੍ਰਸ਼ੋਤਮ ਨੇ ਉਜਾਗਰ ਮੱਲ ਨੂੰ ਮਿਲਣਾ ਚਾਹਿਆ। ਉਹ ਉਸਦੀ ਖਬਰ ਵੀ ਲੈਣੀ ਚਾਹੁੰਦਾ ਸੀ ਤੇ ਉਸ ਨਾਲ ਗੱਪ ਛੱਪ ਵੀ ਮਾਰਨਾ ਚਾਹੁੰਦਾ ਸੀ। ਅੱਜ ਪ੍ਰਸ਼ੋਤਮ ਦੀ ਇਮਤਿਹਾਨ ਵਿੱਚ ਡਿਊਟੀ ਨਹੀਂ ਸੀ। ਉਜਾਗਰ ਮੱਲ ਦੇ ਘਰ ਫੋਨ ਨਹੀਂ ਸੀ। ਉਸ ਸਮੇਂ ਵੈਸੇ ਵੀ ਫੋਨ



ਅਵਤਾਰ ਐਸ.ਸੰਘਾ
(ਸਿਡਨੀ)
Avtar S. Sangha
ਮੋਬਾ:0437641033

ਸਭ ਘਰਾਂ ਵਿੱਚ ਨਹੀਂ ਹੋਇਆ ਕਰਦੇ ਸਨ। ਪ੍ਰਸ਼ੋਤਮ ਨੇ ਪਤਾ ਮੰਗਵਾ ਲਿਆ ਕਿ ਉਜਾਗਰ ਮੱਲ ਘਰ ਹੀ ਸੀ। ਸਮਾਂ ਕੱਢ ਕੇ ਸ਼ਾਮ ਨੂੰ ਉਹ ਉਸਦੇ ਘਰ ਚਲਾ ਗਿਆ।

"ਪ੍ਰੋਫੈਸਰ ਸਾਹਿਬ, ਸਤਿ ਸ਼੍ਰੀ ਅਕਾਲ!"

"ਪ੍ਰਸ਼ੋਤਮ ਕੀ ਹਾਲ ਏ? ਸੈਂਟਰ ਕਿਵੇਂ ਚੱਲ ਰਿਹਾ ਏ? ਕਹਿੰਦੇ, ਬਾਅਦ ਵਿੱਚ ਬੜੀਆਂ ਸਖਤੀਆਂ ਹੋ ਗਈਆਂ ਸੀ।ਸੁਣਿਐਂ, ਪਤਵੰਤ ਸਿੰਘ ਨੇ ਸੈਂਟਰ ਤੇ ਠੀਕਰੀ ਪਹਿਰਾ ਲਗਾ ਰੱਖਿਆ ਏ? ਜਿਹੜੇ ਜ਼ਿਆਦਾ ਹੀ ਵੱਡੇ ਠਾਣੇਦਾਰ ਬਣਦੇ ਹੁੰਦੇ ਕਈ ਵਾਰ ਢੁੱਡੇ ਵੀ ਜਾਂਦੇ ਆ। ਤੇਰਾ ਕੰਮ ਕਿਵੇਂ ਚਲ ਰਿਹਾ ਏ?"

"ਸਰ, ਮੇਰਾ ਕੰਮ ਤਾਂ ਠੀਕ ਹੀ ਚੱਲ ਰਿਹਾ ਏ। ਸਰ ਮੈਨੂੰ ਇੱਕ ਗੱਲ ਦੱਸੋ?"

"ਉਹ ਕੀ?"

"ਜਦ ਯੂਨੀਵਰਸਿਟੀ ਦੇ ਤਕਰੀਬਨ ਸਾਰੇ ਕਾਲਜਾਂ ਵਿੱਚ ਹੀ ਪ੍ਰੀਖਿਆਵਾਂ ਦਾ ਬੁਰਾ ਹਾਲ ਏ ਤਾਂ ਕੀ ਇੱਕ ਦੋ ਸੈਂਟਰਾਂ ਵਿੱਚ ਸਖਤੀ ਕਰਨੀ ਬੱਚਿਆਂ ਨਾਲ ਅਨਿਆ ਨਹੀ? ਕੀ ਸਖਤੀ ਕਰਨ ਨਾਲ ਪਤਵੰਤ ਸਿੰਘ ਨੂੰ ਸੋਨ ਤਮਗਾ ਮਿਲਜੂ? ਸਖਤੀ ਹੋਵੇ ਤਾਂ ਸਾਰੇ ਹੀ ਹੋਵੇ। ਅਗਰ ਨਰਮੀ ਹੋਵੇ ਤਾਂ ਉਹ ਵੀ ਸਾਰੇ ਹੀ ਹੋਵੇ?"

"ਪ੍ਰਸ਼ੋਤਮ, ਤੇਰੀ ਇਹ ਧਾਰਨਾ ਅੱਜ ਦੇ ਹਾਲਾਤ ਮੁਤਾਬਕ ਤਾਂ ਠੀਕ ਏ ਪਰ ਆਮ ਹਾਲਾਤਾਂ ਵਿੱਚ ਇਝ ਨਹੀਂ ਹੋਇਆ ਕਰਦਾ। ਜਦ ਚੰਗੇ ਸਮੇਂ ਹੁੰਦੇ ਸਨ ਉਦੋਂ ਵੀ ਕਈ ਸੁਪਰਡੈਂਟ ਬੜੇ ਹੀ ਸਖਤ ਹੋਇਆ ਕਰਦੇ ਸਨ ਤੇ ਕਈ ਨਰਮ। ਇੱਕ ਵਾਰ ਸਾਡੇ ਕਾਲਜ ਵਿੱਚ ਇੱਕ ਸੁਪਰਡੈਂਟ ਬਰਾੜ ਆਇਆ ਸੀ। ਇਹ ਤੁਹਾਡੇ ਇੱਥੇ ਲੈਕਚਰਾਰ ਲੱਗਣ ਤੋਂ ਪਹਿਲਾਂ ਦੀ ਗੱਲ ਏ। ਉਹ ਗਲ ਵਿੱਚ ਪਿਸਤੌਲ ਪਾ ਕੇ ਰੱਖਦਾ ਹੁੰਦਾ ਸੀ। ਉਦੋਂ ਕਾਲਜ ਵਿੱਚ ਸਟੂਡੈਂਟ ਫੈਡਰੇਸ਼ਨ ਦਾ ਬੜਾ ਜ਼ੋਰ ਹੁੰਦਾ ਸੀ। ਇਕ ਪਾਸੇ ਕਾਂਗਰਸੀ ਮੁੰਡਿਆਂ ਦਾ ਧੜਾ ਹੁੰਦਾ ਸੀ। ਸਟੂਡੈਂਟ ਫੈਡਰੇਸ਼ਨ ਵਾਲੇ ਖੱਬੇ ਪੱਖੀ ਮੁੰਡੇ ਕਾਂਗਰਸੀਆਂ ਦਾ ਸਾਥ ਦਿਆ ਕਰਦੇ ਸਨ। ਦੂਜੇ ਪਾਸੇ ਗੁਰਜੰਟ ਹੋਰਾਂ ਦਾ ਖਾਲਸਿਆਂ ਦਾ ਗਰੁੱਪ ਹੁੰਦਾ ਸੀ। ਇੱਕ ਕਾਂਗਰਸੀ ਮੁੰਡਾ ਨਰਿੰਦਰ ਕਾਲਜ ਵਿੱਚ ਹਮੇਸ਼ਾ ਮਨ ਮਰਜੀਆਂ ਕਰਦਾ ਹੁੰਦਾ ਸੀ। ਗੁਰਜੰਟ ਹੋਰੀਂ ਉਸਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਉਹਨਾ ਨੂੰ ਪਤਾ ਸੀ ਕਿ ਨਰਿੰਦਰ ਨੇ ਨਕਲ ਕਰਨੀ ਹੀ ਏ। ਉਹ ਬਰਾੜ ਨੂੰ ਜਾ ਮਿਲੇ। ਬਰਾੜ ਨੇ ਉਹਨਾਂ ਨੂੰ ਯਕੀਨ ਦੁਆ ਦਿੱਤਾ ਕਿ ਅਗਰ ਨਰਿੰਦਰ ਨਕਲ ਕਰੂਗਾ ਤਾਂ ਉਹ ਉਸਦਾ ਹਰ ਹਾਲਤ ਵਿੱਚ ਕੇਸ ਬਣਾ ਕੇ ਯੂਨੀਵਰਸਿਟੀ ਨੂੰ ਭੇਜੇਗਾ ਹੀ। ਪਰਚਾ ਸ਼ੁਰੂ ਹੋਇਆ। ਘੰਟੇ ਕੁ ਬਾਅਦ ਬਰਾੜ ਨੂੰ ਪਤਾ ਲਗ ਗਿਐ ਕਿ ਨਰਿੰਦਰ ਨਕਲ ਕਰ ਰਿਹਾ ਸੀ।ਨਰਿੰਦਰ ਵਾਲੇ ਕਮਰੇ ਵਿੱਚ ਇੱਕ ਮੈਡਮ ਡਿਊਟੀ ਦੇ ਰਹੀ ਸੀ।ਬਰਾੜ ਨੇ ਕਮਰੇ ਵਿੱਚ ਗੇੜਾ ਮਾਰਿਆ ਤੇ ਨਰਿੰਦਰ ਤੋਂ ਪਰਚੀ ਲੈ ਕੇ ਕੇਸ ਠੋਕ ਦਿੱਤਾ। ਮੈਡਮ ਨੂੰ ਤਾਂ ਕੇਸ ਉਪਰ ਸਹੀ ਪਾਉਣੀ ਹੀ ਪੈਣੀ ਸੀ।

"ਕੀ ਫਿਰ ਨਰਿੰਦਰ ਦੇ ਸਾਥੀਆਂ ਨੇ ਬਰਾੜ ਨੂੰ ਘੇਰਿਆ ਨਹੀਂ?"

"ਜਦ ਪਰਚਾ ਖਤਮ ਹੋਇਆ ਤਾਂ ਬਾਹਰ ਦੋਹਾਂ ਹੀ ਧੜਿਆ ਦੇ ਮੁੰਡੇ ਖੜ੍ਹੇ ਸਨ। ਦੋਨੋਂ ਹੀ ਬਰਾੜ ਨੂੰ ਉਡੀਕ ਰਹੇ ਸਨ। ਬਰਾੜ ਆਰਾਮ ਨਾ ਬਾਹਰ ਨਿਕਲਿਆ। ਗੁਰਜੰਟ ਹੁਰੀ ਉਸ ਨੂੰ ਉੱਡ ਕੇ ਮਿਲੇ। ਕਹਿਣ ਲੱਗੇ --'ਸਰ, ਆਓ ਪਹਿਲਾਂ ਗੁਰਦੁਆਰਾ ਸਾਹਿਬ ਚਲਦੇ ਹਾਂ। ਲੰਗਰ ਛਕ ਕੇ ਜਾਇਓ।' ਬਰਾੜ ਤੇ ਗੁਰਜੰਟ ਹੁਰੀਂ ਗੁਰਦੁਆਰਾ ਸਾਹਿਬ ਵੱਲ ਨੂੰ ਚਲ ਪਏ। ਪਿਛੇ ਪਿਛੇ ਨਰਿੰਦਰ ਦਾ ਗਰੁੱਪ ਵੀ ਉਧਰ ਨੂੰ ਚੱਲ ਪਿਆ। ਬਰਾੜ ਨੇ ਲੰਗਰ ਛਕਿਆ। ਗੁਰਜੰਟ ਹੋਰੀ ਬਾਅਦ ਵਿੱਚ ਉਸਨੂੰ ਕਾਰ ਤੱਕ ਛੱਡ ਕੇ ਆਏ ਤੇ ਉਹ ਆਰਾਮ ਨਾਲ ਚਲਾ ਗਿਆ। ਇਸ ਤੋਂ ਬਾਅਦ ਵੀ ਗੁਰਜੰਟ ਹੁਰੀਂ ਨਰਿੰਦਰ ਹੁਰਾਂ ਦੀ ਫੂਕ ਕੱਢੀ ਰੱਖੀ। ਨਰਿੰਦਰ ਤਿੰਨ ਸਾਲ ਲਈ ਅੜੰਗਿਆ ਗਿਆ ਸੀ। ਪ੍ਰਸ਼ੋਤਮ, ਅੱਜ ਦੇ ਤੇ ਉਦੋਂ ਦੇ ਸਮੇਂ ਵਿੱਚ ਬੜਾ ਫਰਕ ਏ।"

"ਕੀ ਭਾਵ, ਸਰ ਜੀ?"

"ਉਦੋਂ ਹਾਲਾਤ ਆਮ ਸਨ। ਅਗਰ ਬਰਾੜ ਨਾਲ ਕੋਈ ਮਾੜੀ ਕਰਦਾ ਤਾਂ ਇਕ ਦਮ ਪਤਾ ਲੱਗ ਜਾਣਾ ਸੀ ਕਿ ਨਰਿੰਦਰ ਦੇ ਸਾਥੀਆਂ ਨੇ ਕੀਤੀ ਹੈ ਜਾਂ ਕਰਵਾਈ ਹੈ। ਅੱਜ ਤਾਂ ਹਾਲਾਤ ਐਸੇ ਹਨ ਕਿ ਪਤਾ ਹੀ ਨਹੀਂ ਲੱਗਦਾ ਕਿ ਕੌਣ ਕਰ ਗਿਐ। ਮੰਨ ਲਓ ਮੈਂ ਸੈਂਟਰ ਵਿੱਚ ਸਖਤੀ ਕਰਕੇ ਕੋਈ ਕਾਰਨਾਮਾ ਕਰ ਦਿੰਦਾ। ਮੈਨੂੰ ਧਮਕੀ ਭਰੀ ਚਿੱਠੀ ਮੇਰੇ ਵਿਰੋਧੀ ਪ੍ਰੋਫੈਸਰਾਂ ਨੇ ਹੀ ਕਿਸੇ ਵੱਲੋਂ ਲਿਖ ਕੇ ਪਾ ਦੇਣੀ ਸੀ। ਅੱਜ ਕੱਲ ਤਾਂ ਇਸ ਪ੍ਰਕਾਰ ਦੇ ਹਾਲਾਤ ਹਨ ਕਿ ਜੇਕਰ ਕੋਈ ਆਮ ਜਿਹਾ ਖੁਲ੍ਹੀ ਦਾੜ੍ਹੀ ਵਾਲਾ ਬੰਦਾ ਵੀ ਕਿਸੇ ਵੱਲ ਗਹਿਰੀ ਅੱਖ ਕਰਕੇ ਦੇਖ ਜਾਵੇ ਤਾਂ ਬੰਦਾ ਸੋਚਾਂ ਵਿੱਚ ਪੈ ਜਾਂਦਾ ਏ। ਅੱਜ ਦੇ ਹਾਲਾਤ ਵਿੱਚ ਤਾਂ ਹੱਥਾਂ ਨਾਲ ਦਿੱਤੀਆਂ ਗੰਢਾ ਦੰਦਾਂ ਨਾਲ ਵੀ ਨਹੀਂ ਖੁਲ੍ਹਦੀਆਂ।"

'ਸਰ ਜੀ, ਇਸਦਾ ਮਤਲਬ ਇਹ ਹੋਇਆ ਕਿ ਸਮਾ ਲੰਘਾਉਣਾ ਹੀ ਠੀਕ ਏ। ਤੁਸੀਂ ਸੱਚਮੁੱਚ ਹੀ ਬੜੇ ਸਮਝਦਾਰ ਹੋ। ਮੌਕੇ ਦੀ ਨਜ਼ਾਕਤ ਨੂੰ ਪੂਰੀ ਤਰ੍ਹਾਂ ਭਾਂਪ ਲੈਂਦੇ ਹੋ।ਸਰ, ਹੋਰ ਆਪਣਾ ਹਾਲ ਚਾਲ ਸੁਣਾਓ। ਹੁਣ ਸਿਹਤ ਕਿਵੇਂ ਐ? ਸੀਰੀਅਸ ਅਟੈਕ ਸੀ ਜਾਂ ਹਲਕਾ ਹੀ ਸੀ?"

"ਪ੍ਰਸ਼ੋਤਮ, ਅਟੈਕ ਹਲਕਾ ਜਿਹਾ ਹੀ ਸੀ। ਮੈਂ ਅਟੈਕ ਦਾ ਬਹਾਨਾ ਵੱਧ ਬਣਾ ਲਿਆ ਸੀ।ਮੈਂ ਸੋਚਿਆ ਸੀ ਕਿ ਕਾਹਨੂੰ ਪੰਗੇ ਵਿੱਚ ਰਹਿਣਾ।ਡਿਊਟੀ ਕਟਵਾ ਹੀ ਲਈਏ ਤਾਂ ਚੰਗਾ। ਹਾਲਾਤ ਬੜੇ ਮਾੜੇ ਚੱਲਦੇ ਆ। ਇੱਦਾਂ ਦੇ ਹਾਲਾਤ ਵਿੱਚ ਡਿਊਟੀ ਦੇਣ ਦਾ ਕੀ ਫਾਇਦਾ? ਸ਼ੁਰੂ ਵਿੱਚ ਮੈਂ ਪ੍ਰਿੰਸੀਪਲ ਨੂੰ ਨਾਂਹ ਨਹੀਂ ਸੀ ਕਰ ਸਕਿਆ। ਮੈਂ ਚਾਹੁੰਦਾ ਸੀ ਕਿ ਪ੍ਰਿੰਸੀਪਲ ਨਾਲ ਵੀ ਬਣੀ ਰਹਿ ਜਾਵੇ ਤੇ ਇਧਰੋਂ ਵੀ ਜਾਨ ਛੁਟ ਜਾਵੇ। ਆਪਾਂ ਹੁਣ ਬੜੇ ਠੀਕ ਹਾਂ।ਕਾਲਜ ਤੋਂ ਵੀ ਕੁੱਝ ਦਿਨਾਂ ਦੀ ਛੁੱਟੀ ਮਿਲ ਗਈ ਏ। ਜਦੋਂ ਤੱਕ ਇਹ ਛੁੱਟੀ ਖਤਮ ਹੋਵੇਗੀ ਉਦੋਂ ਤੱਕ ਵੈਸੇ ਵੀ ਇਮਤਿਹਾਨ ਖਤਮ ਹੋ ਜਾਣਗੇ। ਗਰਮੀਆਂ ਦੀਆਂ ਲੰਬੀਆਂ ਛੁੱਟੀਆਂ ਸ਼ੁਰੂ ਹੋ ਜਾਣਗੀਆਂ। ਤੂੰ ਇਹ ਦੱਸ ਤੇਰਾ ਕਿਵੇਂ ਰਿਹਾ?"

"ਮੇਰਾ ਠੀਕ ਹੀ ਏ, ਸਰ।"

"ਸ਼ੁਰੂ ਸ਼ੁਰੂ ਵਿਚ ਤਾਂ ਬੜੀ ਸੇਵਾ ਕਰਵਾ ਲਈ ਸੀ ਮੁੰਡਿਆਂ ਤੋਂ। ਬੋਤਲਾਂ ਇਕੱਠੀਆਂ ਕਰਵਾਉਣ ਲੱਗ ਗਿਆ ਸੀ।ਮੈਂ ਤੁਹਾਨੂੰ ਕਿਹਾ ਸੀ ਕਿ ਇਸ ਤਰ੍ਹਾਂ ਦੇ ਹਾਲਾਤ ਵਿੱਚ ਪ੍ਰੀਖਿਆਰਥੀਆਂ ਤੋਂ ਸ਼ਰਾਬ ਨਹੀਂ ਲੈਣੀ ਚਾਹੀਦੀ।"

"ਸਰ, ਮੈਂ ਤਾਂ ਬਾਅਦ ਵਿੱਚ ਵੀ ਇਕ ਦੋ ਵਾਰੀ ਦਾਅ ਲਾ ਲਿਆ ਸੀ," ਇਹ ਕਹਿੰਦੇ ਹੋਏ ਪ੍ਰਸ਼ੋਤਮ ਨੇ ਮੇਜ਼ ਤੇ ਰੈੱਡ ਨਾਈਟ ਦੀ ਬੋਤਲ ਠਾਹ ਕਰਕੇ ਰੱਖ ਦਿੱਤੀ।

"ਇਹ ਕਿਸਤੋਂ ਲਈ?" ਉਜਾਗਰ ਮੱਲ ਨੇ ਪੁੱਛਿਆ।

"ਸਰ, ਲੈਣ ਦਾ ਤਰੀਕਾ ਬਣਾ ਹੀ ਲਈਦਾ ਏ। ਤੁਸੀਂ ਪੀਣ ਲਈ ਤਿਆਰ ਰਿਹਾ ਕਰੋ। ਹਿੰਮਤੇ ਮਰਦਾਂ, ਮੱਦਦੇ ਖੁਦਾ!"

"ਜਿਸ ਦਿਨ ਦਾ ਮੈਂ ਹਸਪਤਾਲ ਗਿਆ ਹਾਂ ਉਸ ਦਿਨ ਤੋਂ ਅੱਜ ਤੱਕ ਤਾਂ ਮੈਂ ਪੀਤੀ ਨਹੀਂ। ਅੱਜ ਪੂਰੇ ਵੀਹ ਕੁ ਦਿਨ ਤਾਂ ਹੋ ਹੀ ਗਏ ਹਨ।

"ਸਰ ਜੀ, ਡਾਕਟਰ ਕਹਿੰਦੇ ਹਨ ਕਿ ਥੋੜ੍ਹੀ ਪੀਤੀ ਦਿਲ ਦਾ ਦੌਰਾ ਪੈਣ ਹੀ ਨਹੀਂ ਦਿੰਦੀ। ਮੈਂ ਕਈ ਅਖਬਾਰਾਂ ਵਿੱਚ ਵੀ ਇਵੇਂ ਹੀ ਪੜ੍ਹਿਆ ਏ।"

"ਪ੍ਰਸ਼ੋਤਮ,ਤੁਸੀਂ ਇਹ ਦੱਸੋ ਕਿ ਤੁਸੀਂ ਇਹ ਲਈ ਕਿਹਦੇ ਕੋਲੋਂ?"

"ਇਮਤਿਹਾਨ ਦੇ ਰਹੇ ਇਕ ਲੜਕੇ ਤੋਂ।"

"ਉਹ ਕਿਵੇਂ? ਪਤਵੰਤ ਸਿੰਘ ਤਾਂ ਨਕਲ ਹੋਣ ਹੀ ਨਹੀਂ ਦਿੰਦਾ? ਜੇ ਫੱਟੀ ਸਾਹ ਦਊ ਤਾਂ ਹੀ ਬਾਜੀਗਰ ਛਾਲ ਮਾਰੂ।"

"ਛੱਡੋ ਜੀ, ਨਕਲ ਕਦੀ ਪੂਰੀ ਤਰ੍ਹਾਂ ਵੀ ਬੰਦ ਹੋਈ ਏ? ਹਰ ਕੰਮ ਕਰਨ ਦਾ ਸਲੀਕਾ ਹੁੰਦਾ ਏ। ਅਗਰ ਸਲੀਕਾ ਆਉਂਦਾ ਹੋਵੇ ਤਾਂ ਸਾਹ ਦੇਣ ਵਾਲਾ ਫੱਟਾ ਵੀ ਲੱਭ ਹੀ ਲਈਦਾ ਏ।"

"ਤੁਸੀਂ ਕੀ ਸਲੀਕਾ ਵਰਤ ਲਿਆ?"

"ਸਰ ਜੀ, ਇਕ ਲੜਕਾ ਮੇਰੇ ਤੋਂ ਮਦਦ ਲੈਣ ਲਈ ਆਇਆ ਮੈਂ ਉਸਨੂੰ ਕਿਹਾ, ਕੀ ਪਤਾ ਮੇਰੀ ਡਿਊਟੀ ਉਹਦੇ ਵਾਲੇ ਕਮਰੇ ਵਿੱਚ ਹੋਵੇ ਵੀ ਕਿ ਨਾ। ਮੈਂ ਕਿਵੇਂ ਮਦਦ ਕਰ ਸਕਾਂਗਾ? ਕਹਿਣ ਲੱਗਾ---ਅਗਰ ਮੈਂ ਸੈਂਟਰ ਦੇ ਕਲਰਕ ਸੇਵਕ ਸਿੰਘ ਤੋਂ ਪਤਾ ਕਰ ਲਵਾਂ ਕਿ ਤੁਹਾਡੀ ਡਿਊਟੀ ਕਿਥੇ ਲੱਗਣੀ ਹੈ ਫਿਰ ਤਾਂ ਤੁਸੀਂ ਮਦਦ ਕਰ ਹੀ ਸਕਦੇ ਹੋ? ਮੈਂ ਕਿਹਾ--ਡਿਊਟੀਆਂ ਤਾਂ ਸੁਪਰਡੈਂਟ ਸਵੇਰੇ ਪਰਚਾ ਸ਼ੁਰੂ ਕਰਵਾਉਣ ਤੋਂ ਪਹਿਲਾਂ ਲਗਾਉਂਦਾ ਹੈ। ਤੂੰ ਕਿਵੇਂ ਪਹਿਲਾਂ ਪਤਾ ਕਰਵਾ ਸਕਦਾ ਏਂ? ਕਹਿਣ ਲੱਗਾ—'ਕਮਰੇ ਸਿਰਫ ਦੋ ਹੀ ਲੱਗੇ ਹੋਏ ਹਨ। ਮੇਰਾ ਰੋਲ ਨੰਬਰ ਸੁਪਰਡੈਂਟ ਵਾਲੇ ਕਮਰੇ ਵਿੱਚ ਨਹੀਂ ਏ, ਦੂਸਰੇ ਵਿੱਚ ਏ। ਮੇਰੇ ਵਾਲੇ ਕਮਰੇ ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ 20 ਤੋਂ ਵੱਧ ਨਹੀਂ। ਜ਼ਾਹਰ ਹੈ ਕਿ ਉੱਥੇ ਇੱਕ ਨਿਗਰਾਨ ਦੀ ਡਿਊਟੀ ਹੀ ਹੋਵੇਗੀ। ਸੁਪਰਡੈਂਟ ਵਾਲੇ ਕਮਰੇ ਵਿੱਚ ਖੁਦ ਸੁਪਰਡੈਂਟ ਤੇ ਡਿਪਟੀ ਸੁਪਰਡੈਂਟ ਹੋਣਗੇ। ਅੱਜ ਸੁਪਰਡੈਂਟ ਨੇ ਡਿਪਟੀ ਅਤੇ ਸਿਰਫ ਤੁਹਾਨੂੰ ਹੀ ਸੱਦਿਆ ਹੋਇਆ ਏ। ਇਸ ਗੱਲ ਨੂੰ ਤਾਂ ਭੋਲੇ ਤੋਂ ਭੋਲਾ ਬੰਦਾ ਵੀ ਸਮਝ ਲਵੇਗਾ ਕਿ ਦੂਸਰੇ ਕਮਰੇ ਵਿੱਚ ਤੁਸੀਂ ਇਕੱਲੇ ਹੀ ਹੋਵੋਗੇ।' ਮੈਨੂੰ ਮੁੰਡੇ ਦੀ ਹੁਸ਼ਿਆਰੀ ਤੇ ਸੱਚਮੁੱਚ ਹੀ ਹੈਰਾਨੀ ਹੋਈ। ਮੈਂ ਨਕਲ ਕਰਵਾਉਣ ਲਈ ਉਸਨੂੰ ਹਾਮੀ ਭਰ ਦਿੱਤੀ। ਬੀ.ਏ. ਭਾਗ ਤੀਜਾ ਇਕਨਾਮਿਕਸ ਦਾ ਪਰਚਾ ਸੀ। ਉਹ ਸ਼ਾਮ ਨੂੰ ਹੀ ਮੈਨੂੰ ਦੋ

"ਉਦੋਂ ਹਾਲਾਤ ਆਮ ਸਨ। ਅਗਰ ਬਰਾੜ ਨਾਲ ਕੋਈ ਮਾੜੀ ਕਰਦਾ ਤਾਂ ਇਕ ਦਮ ਪਤਾ ਲੱਗ ਜਾਣਾ ਸੀ ਕਿ ਨਰਿੰਦਰ ਦੇ ਸਾਥੀਆਂ ਨੇ ਕੀਤੀ ਹੈ ਜਾਂ ਕਰਵਾਈ ਹੈ। ਅੱਜ ਤਾਂ ਹਾਲਾਤ ਐਸੇ ਹਨ ਕਿ ਪਤਾ ਹੀ ਨਹੀਂ ਲੱਗਦਾ ਕਿ ਕੌਣ ਕਰ ਗਿਐ। ਮੰਨ ਲਓ ਮੈਂ ਸੈਂਟਰ ਵਿੱਚ ਸਖਤੀ ਕਰਕੇ ਕੋਈ ਕਾਰਨਾਮਾ ਕਰ ਦਿੰਦਾ। ਮੈਨੂੰ ਧਮਕੀ ਭਰੀ ਚਿੱਠੀ ਮੇਰੇ ਵਿਰੋਧੀ ਪ੍ਰੋਫੈਸਰਾਂ ਨੇ ਹੀ ਕਿਸੇ ਵੱਲੋਂ ਲਿਖ ਕੇ ਪਾ ਦੇਣੀ ਸੀ। ਅੱਜ ਕੱਲ ਤਾਂ ਇਸ ਪ੍ਰਕਾਰ ਦੇ ਹਾਲਾਤ ਹਨ ਕਿ ਜੇਕਰ ਕੋਈ ਆਮ ਜਿਹਾ ਖੁਲ੍ਹੀ ਦਾੜ੍ਹੀ ਵਾਲਾ ਬੰਦਾ ਵੀ ਕਿਸੇ ਵੱਲ ਗਹਿਰੀ ਅੱਖ ਕਰਕੇ ਦੇਖ ਜਾਵੇ ਤਾਂ ਬੰਦਾ ਸੋਚਾਂ ਵਿੱਚ ਪੈ ਜਾਂਦਾ ਏ। ਅੱਜ ਦੇ ਹਾਲਾਤ ਵਿੱਚ ਤਾਂ ਹੱਥਾਂ ਨਾਲ ਦਿੱਤੀਆਂ ਗੰਢਾ ਦੰਦਾਂ ਨਾਲ ਵੀ ਨਹੀਂ ਖੁਲ੍ਹਦੀਆਂ।"

ਬੋਤਲਾਂ ਫੜਾ ਗਿਆ ਸੀ। ਮੈਂ ਸੋਚਿਆਂ ਕਿ ਤੁਸੀਂ ਮੇਰੇ ਹਮਰਾਜ਼ ਹੋ। ਇਸ ਲਈ ਇਕ ਬੋਤਲ ਤੁਹਾਡੇ ਪਾਸ ਲੈ ਆਵਾਂ ਤੇ ਨਾਲੇ ਤੁਹਾਡਾ ਹਾਲ ਚਾਲ ਪੁੱਛ ਜਾਵਾਂ।"

"ਜਦੋਂ ਤੁਸੀਂ ਮੁੰਡੇ ਨੂੰ ਨਕਲ ਕਰਵਾਈ ਉਦੋਂ ਪਤਵੰਤ ਸਿੰਘ ਕਿੱਥੇ ਸੀ ?"

"ਪਹਿਲਾਂ ਤਾਂ ਉਪਰ ਆਪਣੇ ਕਮਰੇ ਵਿੱਚ ਹੀ ਬੈਠਾ ਕਲਰਕ ਨਾਲ ਕਈ ਪ੍ਰਕਾਰ ਦੇ ਹਿਸਾਬ ਕਿਤਾਬ ਲਗਾਉਂਦਾ ਰਿਹਾ। ਮੈਂ ਦੋਹਾਂ ਕਮਰਿਆਂ ਦੇ ਸੈਂਟਰ ਵਿੱਚ ਖੜ੍ਹਾ ਰਿਹਾ।ਮੈਂ ਮੁੰਡੇ ਨੂੰ ਮਾੜੀ ਜਿਹੀ ਅੱਖ ਦੱਬ ਦਿੱਤੀ।ਉਹ ਆਪਣਾ ਕੰਮ ਕਰਦਾ ਰਿਹਾ।ਬਾਅਦ ਵਿੱਚ ਪਤਵੰਤ ਸਿੰਘ ਉੱਠ ਕੇ ਪ੍ਰਿੰਸੀਪਲ ਦੇ ਦਫਤਰ ਚਲਾ ਗਿਆ।ਪ੍ਰਿੰਸੀਪਲ ਨੇ ਚਾਹ ਮੰਗਵਾ ਲਈ।ਉਹ ਤਾਂ ਤਕਰੀਬਨ ਪੌਣੇ ਘੰਟੇ ਬਾਅਦ ਸੈਂਟਰ ਵਿੱਚ ਵਾਪਸ ਆਇਆ। ਉਸਨੇ ਸੋਚਿਆ ਸੀ ਕਿ ਸੈਂਟਰ ਛੋਟਾ ਏ।ਉਸਨੂੰ ਬਹੁਤਾ ਖੱਪਖਾਨਾ ਨਜ਼ਰ ਨਹੀਂ ਆਇਆ। ਨਾਲੇ ਇੱਕ ਹੋਰ ਅਜੀਬ ਗੱਲ ਹੋਈ।"

"ਉਹ ਕੀ ?"

"ਕਾਲਜ ਦਾ ਸਟੈਨੋ ਬਿਮਲ ਆਪਣਾ ਹੀ ਕੰਮ ਕਰਵਾ ਗਿਆ। ਪਰਫੈਕਟ ਇਮਪਰਸੋਨਸ਼ਨ ਕੇਸ (perfect impersonation case)।"

"ਉਹ ਕਿਵੇਂ ? ਬਾਹਰ ਖਾਲੀ ਉੱਤਰਪੱਤਰੀ ਕਿਵੇਂ ਗਈ ?"

"ਉਹਨੇ ਤੁਹਾਡੇ ਵੇਲੇ ਹੀ ਇੱਕ ਖਾਲੀ ਉੱਤਰਪੱਤਰੀ ਬੰਡਲਾਂ ਵਿੱਚੋਂ ਕੱਢ ਲਈ ਸੀ।ਸਾਰੀਆਂ ਉੱਤਰਪੱਤਰੀਆਂ ਉਸਦੀ ਕਸਟਡੀ ਵਿੱਚ ਹੀ ਤਾਂ ਹਨ। ਇਹ ਕਾਪੀ ਉਸਨੇ ਉਸ ਵੇਲੇ ਹੀ ਬਾਹਰ ਇੱਕ ਲੜਕੀ ਨੂੰ ਅਲੱਗ ਕਮਰੇ 'ਚ ਬਿਠਾ ਕੇ ਕਿਤਾਬ ਤੋਂ ਦੇਖ ਕੇ ਲਿਖਵਾ ਲਈ।"

"ਜਿਹੜੀ ਉੱਤਰਪੱਤਰੀ ਅੰਦਰ ਲੜਕੀ ਲਿਖ ਰਹੀ ਸੀ ਉਸਦਾ ਕੀ ਬਣਿਆ ?"

"ਪਰਚਾ ਖਤਮ ਹੋਣ ਵੇਲੇ ਬਿਮਲ ਨੇ ਉਹ ਅੰਦਰ ਲਿਖੀ ਕਾਪੀ ਉਸਤੋਂ ਲੈ ਲਈ ਤੇ ਉਸਦੀ ਥਾਂ ਤੇ ਬਾਹਰ ਲਿਖੀ ਗਈ ਉਸਨੂੰ ਦੇ ਦਿੱਤੀ।ਉਸਤੋਂ ਅੰਦਰੋਂ ਲਈ ਗਈ ਮਾੜੀ ਕਾਪੀ ਨੂੰ ਡੈਮੇਜ (Damage) ਵਿੱਚ ਸ਼ੋਅ ਕਰ ਦਿੱਤਾ।"

"ਜੇ ਹੈਂਡਰਾਈਟਿੰਗ ਚੈੱਕ ਹੋ ਜਾਵੇ ?"

"ਸਰ, ਜੇ ਕੋਈ ਸ਼ਕਾਇਤ ਕਰੂ ਤਾਂ ਹੀ ਹੈਂਡਰਾਈਟਿੰਗ ਚੈੱਕ ਹੋਊ। ਕਿਸੇ ਨੂੰ ਤਾਂ ਇਸ ਗੱਲ ਦਾ ਪਤਾ ਹੈ ਹੀ ਨਹੀਂ।"

"ਤੁਸੀਂ ਸ਼ਿਕਾਇਤ ਕਰ ਦਿਓ।ਕੀ ਤੁਹਾਨੂੰ ਉਸਦੇ ਰੋਲ ਨੰਬਰ ਦਾ ਪਤਾ ਏ ?"

"ਸਰ, ਮੈਂ ਕਿਉਂ ਪੰਗੇ 'ਚ ਪਵਾਂ ? ਇਹ ਕੁੱਝ ਵੀ ਤਾਂ ਮੇਰੇ ਕਮਰੇ ਵਿੱਚ ਹੀ ਹੋਇਆ ਏ। ਅਗਰ ਮੈਂ ਸ਼ਿਕਾਇਤ ਕਰਾਂ ਤਾਂ ਉਲਟੀ ਮੇਰੀ ਪੁੱਛ ਗਿੱਛ ਹੋ ਸਕਦੀ ਏ।"

"ਪ੍ਰਸ਼ੋਤਮ ਜੀ, ਕਿਸੇ ਤੋਂ ਬੇਨਾਮ ਚਿੱਠੀ ਪੁਆ ਦਿਓ। ਨਾਲੇ ਪਤਵੰਤ ਸਿੰਘ ਦੀ ਸਖਤੀ ਦਾ ਜ਼ਨਾਜਾ ਨਿਕਲਦਾ ਫਿਰੂ।ਜ਼ਿਆਦਾ ਹੀ ਆਪਣੇ ਆਪ ਨੂੰ ਗਾਜੀਆਣੇ ਦਾ ਕੁੰਡਾ ਸਿਹੁੰ ਸਮਝੀ ਬੈਠਾ ਏ।"

"ਸਰ,ਛੱਡੋ ਪਰਾਂ। ਆਪਾਂ ਕਾਹਨੂੰ ਐਵੇਂ ਪੰਗਾ ਲੈਣਾ ਏ।ਨਾਲੇ ਮੇਰਾ ਨਾਮ ਵੀ ਵਿੱਚ ਆ ਸਕਦਾ ਏ ਕਿਉਂਕਿ ਮੈਂ ਉਥੇ ਨਿਗਰਾਨ ਸੀ।"

"ਉਹ ਕੁੜੀ ਬਿਮਲ ਦੀ ਕੀ ਲੱਗਦੀ ਏ ?"

"ਸਰ, ਸੁਣਿਆ ਕੋਈ ਇਸ਼ਕ ਮਸ਼ੂਕ ਦਾ ਚੱਕਰ ਏ।ਬਿਮਲ ਪੂਰਾ ਬਹਿਬਤੀ ਏ।ਬਣ ਠਣ ਕੇ ਵੀ ਪੂਰਾ ਰਹਿੰਦਾ ਏ।"

"ਇਸਦਾ ਮਤਲਬ ਪਤਵੰਤ ਕਾਫੀ ਸਮਾਂ ਬਾਹਰ ਹੀ ਰਿਹਾ ?"

"ਸਰ, ਭਾਵੇਂ ਬਾਹਰ ਨਾ ਵੀ ਰਹਿੰਦਾ ਫਿਰ ਕਿਹੜੀ ਇਹ ਹੇਰਾ ਫੇਰੀ ਹੋ ਨਹੀਂ ਸੀ ਸਕਦੀ ?ਇਮਪ੍ਰਸਨੇਸ਼ਨ ਕਰਨ ਨੂੰ ਤਾਂ ਇੱਕ ਮਿੰਟ ਲਗਦਾ ਏ।ਬਾਹਰੋਂ ਲਿਆਂਦੀ ਉੱਤਰਪੱਤਰੀ ਕੈਂਡੀਡੇਟ ਨੂੰ ਫੜਾ ਦਿਓ ਤੇ ਅੰਦਰਲੀ ਉਸਤੋਂ ਲੈ ਕੇ ਬਾਹਰ ਲੈ ਆਓ। ਇਸ ਕੰਮ ਵਿੱਚ ਤਾਂ ਮਾੜਾ ਮੋਟਾ ਖੱਪਖਾਨਾ ਵੀ ਨਹੀਂ ਪੈਂਦਾ।ਜ਼ਿਆਦਾ ਚੌਕਸੀ ਤਾਂ ਕਿਸੇ ਦੇ ਲਗਾਤਾਰ ਨਕਲ ਕਰਨ ਜਾਂ ਕਰਵਾਉਣ ਵੇਲੇ ਰੱਖਣੀ ਪੈਂਦੀ ਏ।ਨਾਲੇ ਪਤਵੰਤ ਦੀ ਇੱਕ ਖਾਸ ਕਮਜ਼ੋਰੀ ਵੀ ਏ।"

"ਉਹ ਕੀ ?"

"ਉਹ ਜਦ ਕਿਤੇ ਜਾ ਕੇ ਬਹਿਸ ਵਿੱਚ ਪੈ ਜਾਂਦਾ ਏ ਤਾਂ ਕਈ ਵਾਰ ਖਾਸਾ ਸਮਾਂ ਲਗਾ ਆਉਂਦਾ ਏ। ਜਦ ਪ੍ਰਿੰਸੀਪਲ ਤੇ ਪਤਵੰਤ ਸਿੰਘ ਇਕੱਠੇ ਹੁੰਦੇ ਹਨ ਤਾਂ ਉਹ ਅਕਸਰ ਡੂੰਘੀਆਂ ਵਿਚਾਰਾਂ ਵਿੱਚ ਪੈ ਜਾਂਦੇ ਹਨ।ਉਹ ਚਲ ਰਹੀ ਲਹਿਰ ਅਤੇ ਸਿੱਖ ਇਤਿਹਾਸ ਵਿੱਚ ਬੜੀ ਦਿਲਚਸਪੀ ਲੈਂਦੇ ਹਨ।ਪਤਵੰਤ ਸਿੰਘ ਪ੍ਰਿੰਸੀਪਲ ਨੂੰ ਸਿੱਖ ਇਤਿਹਾਸ ਦੀਆਂ ਬਰੀਕ ਪਰਤਾਂ ਫੋਲ ਫੋਲ ਕੇ ਵੀ ਦੱਸਦਾ ਰਹਿੰਦਾ ਏ।ਉਹ ਸੋਚਦਾ ਰਹਿੰਦਾ ਏ ਕਿ ਇਸ ਲਹਿਰ ਨੇ ਹਮੇਸ਼ਾ ਹੀ ਚਲਦਾ ਰਹਿਣਾ ਏ।ਉਸਨੂੰ ਇਹ ਨਹੀਂ ਪਤਾ ਕਿ ਇਤਿਹਾਸ ਵਿੱਚ ਵੱਡੀਆ ਵੱਡੀਆਂ ਲਹਿਰਾਂ ਵੀ ਬਥੇਰੀ ਵਾਰ ਕੁਚਲ ਦਿੱਤੀਆਂ ਗਈਆਂ ਸਨ।ਬਗਾਵਤਾਂ ਹਰ ਸਮੇਂ ਹੁੰਦੀਆਂ ਰਹੀਆਂ ਹਨ ਤੇ ਦਬਾਈਆਂ ਵੀ ਜਾਂਦੀਆਂ ਰਹੀਆਂ ਹਨ।ਹਕੂਮਤਾਂ ਬਾਗੀਆਂ ਤੇ ਹਮੇਸ਼ਾ ਨਜ਼ਰ ਰੱਖਦੀਆਂ ਰਹੀਆਂ ਹਨ ਤੇ ਬਾਗੀ ਹਕੂਮਤਾਂ ਨਾਲ ਹਮੇਸ਼ਾ ਆਢਾ ਲੈਂਦੇ ਰਹੇ ਹਨ।ਕਈ ਵਾਰ ਅੱਜ ਦੇ ਬਾਗੀ ਕੱਲ ਦੇ ਹੀਰੋ ਵੀ ਬਣਦੇ ਰਹੇ ਹਨ।ਆਪਾਂ ਤਾਂ ਨਾ ਲਹਿਰ ਦੇ ਵਿਰੁੱਧ ਹਾਂ ਤੇ ਨਾ ਹੀ ਹੱਕ ਵਿੱਚ ਹਾਂ।ਬਸ ਅੱਧ ਵਿਚਕਾਰ ਹੀ ਰਹੀਦਾ ਏ।ਜਿੱਦਾਂ ਦਾ ਬੰਦਾ ਹੋਵੇ ਓਦਾਂ ਦੀ ਉਸ ਨਾਲ ਗੱਲ ਕਰ ਲਈਦੀ ਏ।ਅਗਰ ਕੋਈ ਖੁੱਲ੍ਹੀ ਦਾੜ੍ਹੀ ਵਾਲਾ ਸਰਦਾਰ ਮਿਲ ਜਾਵੇ ਤਾਂ ਲਹਿਰ ਦੇ ਹੱਕ ਵਿੱਚ ਸਿਰ ਹਿਲਾ ਦਈਦਾ ਏ। ਜੇਕਰ ਕੋਈ ਹਿੰਦੂ ਮਿਲ ਜਾਵੇ ਤਾਂ ਲਹਿਰ ਦੇ ਖਿਲਾਫ ਹਾਮੀ ਭਰ ਦੇਈਦੀ ਏ। ਅੱਧਾ ਪਰਿਵਾਰ ਸਿੱਖ ਏ ਤੇ ਅੱਧਾ ਮੋਨਾ। ਅਗਰ ਲੋੜ ਪਈ ਤਾਂ ਸਿਰ ਤੇ ਪਗੜੀ ਰੱਖਣ ਲੱਗ ਪਵਾਂਗੇ।"

"ਇਸਦਾ ਮਤਲਬ ਇਹ ਹੋਇਆ ਕਿ ਤੁਸੀਂ ਤਾਂ ਪੂਰੇ ਮੌਕਾਪ੍ਰਸਤ ਹੋ ?"

"ਇਹਦੇ ਵਿੱਚ ਮੌਕਾਪ੍ਰਸਤੀ ਵਾਲੀ ਕਿਹੜੀ ਗੱਲ ਏ ? ਫਰਕ ਤਾਂ ਰਾਜਿਆ ਨੂੰ ਪੈਂਦਾ ਏ, ਪਰਜਾ ਨੂੰ ਕੋਈ ਫਰਕ ਨਹੀਂ ਪੈਂਦਾ।ਪਰਜਾ ਹਮੇਸ਼ਾ ਮੌਕੇ ਦੇ ਅਨੁਸਾਰ ਢਲਦੀ ਹੀ ਰਹੀ ਏ।ਜਿਹੜੇ ਕਿਸੇ ਵਿਚਾਰਧਾਰਾ ਦੇ ਅਲੰਬਰਦਾਰ ਬਣ ਕੇ ਕੋਈ ਅਹੁਦਾ ਪ੍ਰਾਪਤ ਕਰਨਾ ਚਾਹੁੰਦੇ ਹਨ ਉਹ ਰਾਜੇ ਹੁੰਦੇ ਹਨ।ਜਿਹੜੇ ਲਹਿਰ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਕੇ ਮਰਨ ਤੱਕ ਨੂੰ ਤਿਆਰ ਹੋ ਜਾਂਦੇ ਹਨ ਉਹ ਰਾਜਿਆਂ ਦੇ ਵੀ ਪਿਓ ਹੁੰਦੇ ਹਨ।ਉਹ ਸੱਚਮੁੱਚ ਹੀ ਤਲਵਾਰ ਦੀ ਧਾਰ ਤੇ ਤੁਰਦੇ ਹਨ।ਅਸੀਂ ਇਹਨਾਂ ਵਿਚੋਂ ਕੋਈ ਵੀ ਨਹੀਂ ਹਾਂ।ਇਸ ਲਈ ਸਾਡਾ ਮਕਸਦ ਤਾਂ ਮਹਿਜ਼ ਟਾਈਮ ਪਾਸ ਕਰਨਾ ਹੀ ਏ।ਤੁਹਾਨੂੰ ਪਤਾ ਹੋਣਾ ਏ ਕਿ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਕਰਿੰਦਿਆਂ ਵਿੱਚ ਬਹੁਤ ਸਾਰੇ ਫਰਾਂਸ ਅਤੇ ਇਟਲੀ ਦੇ ਸਨ। ਮਹਾਰਾਜੇ ਦੇ ਰਾਜ ਦੀ ਮਹਿਮਾ ਅਤੇ ਚੜ੍ਹਤ ਸੁਣ ਕੇ ਬਹੁਤ ਸਾਰੇ ਬਾਹਰਲੇ ਕਰਿੰਦੇ ਉਸ ਪਾਸ ਨੌਕਰੀ ਲੈਣ ਲਈ ਆਏ।ਜਦ ਮਹਾਰਾਜਾ ਇਹਨਾਂ ਨੂੰ ਨੌਕਰੀਆਂ ਤੇ ਰੱਖਦਾ ਸੀ ਤਾਂ ਉਹ ਉਹਨਾਂ ਮੂਹਰੇ ਚਾਰ ਸ਼ਰਤਾਂ ਰੱਖਿਆ ਕਰਦਾ ਸੀ-(1) ਗਊ ਮਾਸ ਦੀ ਮਨਾਹੀ (2) ਤੰਬਾਕੂ ਪੀਣਾ ਬੰਦ ਕਰੋ। (3) ਹਰ ਇਕ ਨੂੰ ਦਾਹੜਾ ਸੁੱਚਾ ਰੱਖਣਾ ਪਵੇਗਾ। (4) ਖਾਲਸਾ ਸਰਕਾਰ ਦੀ ਪ੍ਰਵਾਨਗੀ ਵਗੈਰ ਤੁਸੀ ਨੌਕਰੀ ਨਹੀਂ ਛੱਡ ਸਕਦੇ। ਉਹਨਾਂ ਨੇ ਰਣਜੀਤ ਸਿੰਘ ਦੀਆਂ ਇਹ ਸ਼ਰਤਾਂ ਕਬੂਲ ਕਰ ਲਈਆ ਤੇ ਵੱਡੀਆ ਵੱਡੀਆ ਨੌਕਰੀਆਂ ਤੇ ਲੱਗ ਗਏ। ਜਨਰਲ ਵੈਨਤੂਰਾ ਤੇ ਐਲਰਡ ਦੇ ਨਾਮ ਇਸ ਪ੍ਰਕਾਰ ਦੇ ਅਫਸਰਾਂ ਵਿੱਚ ਵਰਣਨਯੋਗ ਹਨ। ਰਣਜੀਤ ਸਿੰਘ ਹਮੇਸ਼ਾਂ ਫਰਾਂਸੀਸੀਆਂ ਅਤੇ ਇਤਾਲਵੀ ਲੋਕਾਂ ਤੇ ਵੱਧ ਯਕੀਨ ਕਰਦਾ ਸੀ। ਅੰਗਰੇਜ਼ਾਂ ਤੇ ਯਕੀਨ ਇਸ ਲਈ ਨਹੀਂ ਕੀਤਾ ਜਾ ਸਕਦਾ ਸੀ ਕਿਉਂਕਿ ਉਹ ਮਹਾਰਾਜੇ ਦੇ ਸ਼ਰੀਕ ਸਨ ਤੇ ਭਾਰਤ ਦੇ ਬਾਕੀ ਸਾਰੇ ਹਿੱਸੇ ਤੇ ਰਾਜ ਕਰਦੇ ਸਨ।''

ਉਜਾਗਰ ਮੱਲ ਕਹਿਣ ਲਈ ਕਾਹਲਾ ਪੈ ਗਿਆ , "ਮੈਨੂੰ ਲਗਦਾ ਏ ਕਿ ਉਸਦੇ ਕਈ ਕਰਿੰਦੇ ਅੰਗਰੇਜ਼ ਸਨ ?"

"ਸਰ, ਮੈਂ ਤੁਹਾਡੇ ਨਾਲ ਸਹਿਮਤ ਹਾਂ। ਇਹ ਬਹੁਤ ਹੀ ਥੋੜ੍ਹੇ ਸਨ। ਇਹਨਾਂ ਵਿਚ ਜੇਮਜ਼, ਜੋਨਜ਼, ਜਾਨ ਗੋਲਡ, ਗਿਲਮੋਰ, ਮੈਕਡਾਨਲਡ, ਹਾਰਵੇ, ਕੋਰਟਲੈਂਡ, ਜਾਨ ਬ੍ਰਾਨ, ਫੋਲਕਸ, ਜਾਨ ਹੋਲਮਜ, ਪਰੀਸ ਆਦਿ ਦੇ ਨਾਮ ਹੀ ਸੁਣਨ ਵਿਚ ਆਉਂਦੇ ਹਨ। ਇਹਨਾਂ ਵਿੱਚੋਂ ਜਾਨ ਹੋਲਮਜ ਨੇ ਤਾਂ ਖਾਲਸਾ ਰਾਜ ਨਾਲ ਗਦਾਰੀ ਵੀ ਕੀਤੀ ਸੀ। ਇਕ ਵਾਰੀ ਉਸਨੂੰ ਮਾਲਗੁਜਾਰੀ ਉਗਰਾਹਣ ਲਈ ਡੇਰਾ ਅਸਮਾਈਲ ਖਾਨ ਵੱਲ ਭੇਜਿਆ ਸੀ। ਉਥੋਂ ਉਸਨੇ ਹੈਨਰੀ ਲਾਰੈਂਸ ਨੂੰ ਇਕ ਖਤ ਲਿਖਿਆ ਸੀ ਜਿਸ ਤੋਂ ਉਸਦੀ ਖਾਲਸਾ ਸਰਕਾਰ ਲਈ ਨਿਮਕ ਹਰਾਮੀ ਦਾ ਸਾਫ ਸਬੂਤ ਮਿਲਦਾ ਏ। ਇਸ ਜਾਸੂਸੀ ਕਾਰਨ ਅੱਧੀ ਰਾਤ ਨੂੰ ਬੰਨੂ ਦੇ ਕੈਂਪ ਵਿਚ ਕਈ ਖਾਲਸਾ ਫੌਜ ਦੇ ਅਣਖੀਲੇ ਜੁਆਨ ਹੋਲਮਜ਼ ਦੇ ਤੰਬੂ ਵਿਚ ਜਾ ਵੜੇ ਸਨ ਤੇ ਉਸਨੂੰ ਗੋਲੀ ਨਾਲ ਉਡਾ ਦਿੱਤਾ ਸੀ। ਇਸੀ ਪ੍ਰਕਾਰ ਦੀ ਗਦਾਰੀ ਇਕ ਹੋਰ ਅੰਗਰੇਜ਼ ਜੌਨ ਬ੍ਰਾਨ ਨੇ ਕੀਤੀ ਸੀ। ਇਸ ਨੇ ਆਪਣੀ ਕੌਮੀਅਤ ਇੰਗਲਿਸ਼ ਦੀ ਬਿਜਾਏ ਅਮਰੀਕਨ ਦੱਸੀ ਸੀ। ਇਹ ਬੰਗਾਲ ਆਰਮੀ ਦੇ ਤੋਪਖਾਨੇ ਤੋਂ ਭਗੋੜਾ ਹੋ ਗਿਆ ਸੀ। ਅੰਗਰੇਜਾਂ ਤੇ ਖਾਲਸੇ ਦੀ ਪਹਿਲੀ ਜੰਗ ਸਮੇਂ ਇਹ ਬ੍ਰਾਨ ਖਾਲਸਾ ਕੈਂਪ ਚੋਂ ਨਿਕਲ ਕੇ ਅੰਗਰੇਜ਼ਾਂ ਪਾਸ ਲੁਧਿਆਣੇ ਜਾ ਪੁੱਜਾ ਸੀ।"

''ਸਰ ਜੀ, ਉਹ ਸਮਾਂ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਦੋਸਤੀ ਤੇ ਦੁਸ਼ਮਣੀ ਦੇ ਸੁਮੇਲ ਦਾ ਸਮਾਂ ਸੀ। ਇਹ ਦੋਸਤੀ 40 ਸਾਲ ਚਲਦੀ ਰਹੀ ਕਿਉਂਕਿ ਦੋਵੇਂ ਧਿਰਾਂ ਬਰਾਬਰ ਦੀ ਟੱਕਰ ਦੀਆਂ ਸਨ। ਰਣਜੀਤ ਸਿੰਘ ਇਸ ਗੱਲ ਪ੍ਰਤੀ ਚੁਕੰਨਾ ਸੀ ਕਿ ਦਰਬਾਰ ਵਿੱਚ ਭਰਤੀ ਕੀਤਾ ਗਿਆ ਕੋਈ ਵੀ ਕਰਿੰਦਾ ਉਸਦੇ ਖਿਲਾਫ ਅੰਗਰੇਜਾਂ ਨੂੰ ਕੋਈ ਸੂਹ ਵੀ ਦੇ ਸਕਦਾ ਸੀ।ਅੰਗਰੇਜ਼ਾਂ ਦੀ ਹਮੇਸ਼ਾ ਇਹੀ ਸੋਚ ਹੁੰਦੀ ਸੀ ਕਿ ਕਿਸੇ ਤਰ੍ਹਾਂ ਪੰਜਾਬ ਨੂੰ ਆਪਣੇ ਰਾਜ ਭਾਗ ਵਿੱਚ ਮਿਲਾਇਆ ਜਾਵੇ। ਸਰ,ਇਕ ਇਤਿਹਾਸਕਾਰ ਅੰਗਰੇਜ਼ਾਂ ਅਤੇ ਰਣਜੀਤ ਸਿੰਘ ਦੇ ਰਾਜ ਨੂੰ ਇੱਕ ਮਿਆਨ ਵਿੱਚ ਦੋ ਤਲਵਾਰਾਂ ਦੇ ਸਮਾਨ ਵੀ ਕਹਿੰਦਾ ਏ। ਜਦ ਕੋਈ ਰਣਜੀਤ ਸਿੰਘ ਨੂੰ ਕਹਿੰਦਾ ਸੀ ਕਿ ਉਸ ਪਾਸ ਅੰਗਰੇਜ਼ਾਂ ਨੂੰ ਜਿੱਤਣ ਦੀ ਪੂਰੀ ਸਮਰੱਥਾ ਹੈ ਤਾਂ ਰਣਜੀਤ ਸਿੰਘ ਇਹ ਕਹਿ ਕੇ ਟਾਲ ਦਿੰਦਾ ਸੀ--*ਸਭ ਲਾਲ ਹੋ ਜਾਵੇਗਾ.......*"

ਉਜਾਗਰ ਮੱਲ ਗੱਲ ਕੱਟ ਕੇ ਵਿੱਚ ਹੀ ਬੋਲ ਪਿਆ,

"ਇਸਦਾ ਮਤਲਬ ਇਹ ਕਿ ਰਣਜੀਤ ਸਿੰਘ ਖੂਨ ਖਰਾਬੇ ਤੋਂ ਡਰਦਾ ਸੀ ? ਜੇ ਉਹ ਖੂਨ ਖਰਾਬੇ ਤੋਂ ਡਰਦਾ ਹੁੰਦਾ ਤਾਂ ਉਸਨੇ ਬਾਕੀ ਸਾਰੀਆਂ ਲੜਾਈਆਂ ਕਿਵੇਂ ਲੜੀਆਂ ? ਹਰੀ ਸਿੰਘ ਨਲੂਆ ਅਤੇ ਸ਼ੇਰ ਸਿੰਘ ਨੇ ਉਸਨੂੰ ਬਥੇਰੇ ਇਲਾਕੇ ਜਿੱਤ ਕੇ ਦਿੱਤੇ ਸਨ।ਇਸ ਪ੍ਰਕਾਰ ਉਸਦਾ ਰਾਜ ਪੇਸ਼ਾਵਰ ਤੇ ਕਸ਼ਮੀਰ ਤੱਕ ਫੈਲ ਗਿਆ ਸੀ।"

"ਪ੍ਰੋਫੈਸਰ ਸਾਹਿਬ,ਤੁਸੀਂ **'ਲਾਲ ਹੋ ਜਾਣ'**ਦਾ ਮਤਲਬ ਨਹੀਂ ਸਮਝਦੇ। ਇਥੇ **'ਲਾਲ ਹੋ ਜਾਣ'** ਦਾ ਮਤਲਬ ਖੂਨ ਖਰਾਬਾ ਨਹੀਂ ਏ।"

"ਹੋਰ ਲਾਲ ਹੋ ਜਾਣ ਦਾ ਮਤਲਬ ਕੀ ਹੋ ਸਕਦਾ ਏ ?"

"ਉਸ ਸਮੇਂ ਹਿੰਦੂਸਤਾਨ ਦੇ ਨਕਸ਼ੇ ਵਿੱਚ ਅੰਗਰੇਜ਼ਾਂ ਦੇ ਇਲਾਕੇ ਦਾ ਰੰਗ ਲਾਲ ਹੋਇਆ ਕਰਦਾ ਸੀ ਤੇ ਸਿਖਾਂ ਦੇ ਇਲਾਕੇ ਦਾ ਪੀਲਾ।ਜਦ ਰਣਜੀਤ ਸਿੰਘ ਕਹਿੰਦਾ ਸੀ ਕਿ **'ਸਭ ਲਾਲ ਹੋ ਜਾਵੇਗਾ'** ਤਾਂ ਇਸ ਦਾ ਮਤਲਬ ਇਹ ਹੁੰਦਾ ਸੀ ਕਿ ਉਹ ਅੰਗਰੇਜਾਂ ਨਾਲ ਲੜਾਈ ਵਿੱਚ ਹਾਰ ਵੀ ਸਕਦਾ ਸੀ।ਇਸ ਪ੍ਰਕਾਰ ਸਾਰੇ ਨਕਸ਼ੇ ਵਿੱਚ ਲਾਲ ਰੰਗ ਵੀ ਭਰ ਹੋ ਸਕਦਾ ਸੀ।"

"ਅੱਛਾ ਤਾਂ ਇਹ ਮਤਲਬ ਹੈ ਇਸਦਾ। ਪ੍ਰਸ਼ੋਤਮ,ਛੱਡ ਇਤਿਹਾਸ ਦੀਆਂ ਗੱਲਾਂ ਨੂੰ,ਕੋਈ ਹੋਰ ਗੱਲ ਕਰ ?"

"ਸਰ,ਹੋਰ ਬਾਅਦ ਵਿੱਚ ਕਰਾਂਗੇ,ਪਹਿਲਾਂ ਪੈੱਗ ਤਾਂ ਪਾਓ।ਤੁਸੀਂ ਵੱਡੇ ਹੋ।ਤੁਸੀਂ ਹੀ ਪੈੱਗ ਪਾਓਗੇ।"

"ਪ੍ਰਸ਼ੋਤਮ, ਮੈਂ ਤਾਂ ਚਾਹੁੰਦਾ ਸੀ ਕਿ ਮੈਂ ਨਾ ਪੀਂਦਾ।"

"ਸਰ, ਅੱਜ ਤਾਂ ਮੈਂ ਪਿਆ ਕਿ ਹੀ ਛੱਡਣੀ ਏ, ਭਾਵੇਂ ਥੋੜ੍ਹੀ ਹੀ ਪੀਓ।"

"ਮੈਨੂੰ ਕੁੱਝ ਖਾਣ ਲਈ

''ਸਰ ਜੀ, ਉਹ ਸਮਾਂ ਰਣਜੀਤ ਸਿੰਘ ਦੀ ਅੰਗਰੇਜ਼ਾਂ ਨਾਲ ਦੋਸਤੀ ਤੇ ਦੁਸ਼ਮਣੀ ਦੇ ਸੁਮੇਲ ਦਾ ਸਮਾਂ ਸੀ। ਇਹ ਦੋਸਤੀ 40 ਸਾਲ ਚਲਦੀ ਰਹੀ ਕਿਉਂਕਿ ਦੋਵੇਂ ਧਿਰਾਂ ਬਰਾਬਰ ਦੀ ਟੱਕਰ ਦੀਆਂ ਸਨ। ਰਣਜੀਤ ਸਿੰਘ ਇਸ ਗੱਲ ਪ੍ਰਤੀ ਚੁਕੰਨਾ ਸੀ ਕਿ ਦਰਬਾਰ ਵਿੱਚ ਭਰਤੀ ਕੀਤਾ ਗਿਆ ਕੋਈ ਵੀ ਕਰਿੰਦਾ ਉਸਦੇ ਖਿਲਾਫ ਅੰਗਰੇਜ਼ਾਂ ਨੂੰ ਕੋਈ ਸੂਹ ਵੀ ਦੇ ਸਕਦਾ ਸੀ।ਅੰਗਰੇਜ਼ਾਂ ਦੀ ਹਮੇਸ਼ਾ ਇਹੀ ਸੋਚ ਹੁੰਦੀ ਸੀ ਕਿ ਕਿਸੇ ਤਰ੍ਹਾਂ ਪੰਜਾਬ ਨੂੰ ਆਪਣੇ ਰਾਜ ਭਾਗ ਵਿੱਚ ਮਿਲਾਇਆ ਜਾਵੇ। ਸਰ,ਇਕ ਇਤਿਹਾਸਕਾਰ ਅੰਗਰੇਜ਼ਾਂ ਅਤੇ ਰਣਜੀਤ ਸਿੰਘ ਦੇ ਰਾਜ ਨੂੰ ਇੱਕ ਮਿਆਨ ਵਿੱਚ ਦੋ ਤਲਵਾਰਾਂ ਦੇ ਸਮਾਨ ਵੀ ਕਹਿੰਦਾ ਏ। ਜਦ ਕੋਈ ਰਣਜੀਤ ਸਿੰਘ ਨੂੰ ਕਹਿੰਦਾ ਸੀ ਕਿ ਉਸ ਪਾਸ ਅੰਗਰੇਜ਼ਾਂ ਨੂੰ ਜਿੱਤਣ ਦੀ ਪੂਰੀ ਸਮਰੱਥਾ ਹੈ ਤਾਂ ਰਣਜੀਤ ਸਿੰਘ ਇਹ ਕਹਿ ਕੇ ਟਾਲ ਦਿੰਦਾ ਸੀ--*ਸਭ ਲਾਲ ਹੋ ਜਾਵੇਗਾ.......*"

ਵੀ ਮੰਗਵਾਉਣਾ ਚਾਹੀਦਾ ਏ।ਮੈਂ ਆਪ ਹੀ ਬਾਜ਼ਾਰ ਜਾ ਕੇ ਆਉਂਦਾ ਹਾਂ।"

"ਨਹੀਂ ਸਰ,ਮੈਂ ਤੁਹਾਨੂੰ ਬਾਜ਼ਾਰ ਜਾਣ ਦਾ ਕਸ਼ਟ ਨਹੀਂ ਦੇ ਸਕਦਾ, ਮੈਂ ਖੁਦ ਜਾਂਦਾ ਹਾਂ। ਸਕੂਟਰ ਮੇਰੇ ਪਾਸ ਹੈ ਹੀ।ਦੱਸੋ ਕੀ ਲਿਆਵਾਂ ? ਇੱਕ ਤਲਿਆ ਹੋਇਆ ਮੁਰਗਾ ਫੜ੍ਹ ਲਿਆਵਾਂ ?

"ਚਲੋ ਠੀਕ ਏ। ਪੈਸੇ ਮੈਂ ਦੇ ਦਿੰਦਾ ਹਾਂ ?"

"ਜਾਣ ਦਿਓ,ਸਰ। ਅੱਜ ਐਨੀ ਦੇਰ ਬਾਅਦ ਮਸਾਂ ਮਸਾਂ ਤੁਹਾਡੇ ਨਾਲ ਬੈਠਣ ਦਾ ਮੌਕਾ ਮਿਲਿਆ ਏ।ਸ਼ਰਾਬ ਤਾਂ ਮੁਫਤ ਦੀ ਹੀ ਏ।ਅਗਰ ਮੈਂ ਚਿਕਨ ਦੇ ਪੈਸੇ ਖਰਚ ਕਰ ਦਿੱਤੇ ਤਾਂ ਕੀ ਕਹਿਰ ਆ ਜਾਓ ? ਨਾਲੇ ਤੁਹਾਡੀ ਮਿਹਰਬਾਨੀ ਕਰਕੇ ਤਾਂ ਮੈਂ ਸੈਂਟਰ ਵਿੱਚ ਡਿਊਟੀ ਤੇ ਲੱਗਾ ਸੀ। ਜੇ ਤੁਸੀਂ ਮੈਨੂੰ ਆਪਣੇ ਨਾਲ ਨਾ ਲੈ ਕੇ ਜਾਂਦੇ ਤਾਂ ਮੈਂ ਡਿਊਟੀ ਤੋਂ ਵਾਂਝਾ ਰਹਿ ਜਾਣਾ ਸੀ।"

ਚੰਗਾ ਤੇਰੀ ਮਰਜੀ। ਜਾਓ, ਫੜ ਲਿਆਓ।"

# ਭਗਤ ਸਿੰਘ ਦੀ ਸੂਰਮਗਤੀ ਸਦੀਆਂ ਤੱਕ ਲੋਕਾਂ ਨੂੰ ਪ੍ਰੇਰਿਤ ਕਰੇਗੀ: ਮੋਦੀ



ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕ੍ਰਾਂਤੀਕਾਰੀ ਆਜ਼ਾਦੀ ਘੁਲਾਟੀਏ ਭਗਤ ਸਿੰਘ ਨੂੰ ਜਨਮ ਦਿਹਾੜੇ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸੂਰਮਗਤੀ ਸਦੀਆਂ ਤੱਕ ਲੋਕਾਂ ਨੂੰ ਪ੍ਰੇਰਿਤ ਕਰਦੀ ਰਹੇਗੀ। ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਪੰਜਾਬ 'ਚ ਹੋਇਆ ਸੀ। ਦੇਸ਼ ਦੀ ਆਜ਼ਾਦੀ ਲਈ ਬਰਤਾਨਵੀ ਹਕੂਮਤ ਖ਼ਿਲਾਫ਼ ਲੜਦਿਆਂ ਸਿਰਫ਼ 23 ਸਾਲ ਦੀ ਉਮਰ ਵਿੱਚ ਹੀ ਉਸਨੇ ਆਪਣੀ ਜ਼ਿੰਦਗੀ ਦੇਸ਼ ਦੇ ਲੇਖੇ ਲਾ ਦਿੱਤੀ, ਜਿਸ ਨੇ ਉਸਨੂੰ ਆਜ਼ਾਦੀ ਦੀ ਲੜਾਈ ਦੇ ਚੋਣਵੇਂ ਨਾਇਕਾਂ ਵਿੱਚ ਲਿਆ ਖੜ੍ਹਾ ਕੀਤਾ। ਪ੍ਰਧਾਨ ਮੰਤਰੀ ਨੇ ਟਵੀਟ ਕੀਤਾ, 'ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੂਰਮਗਤੀ ਅਤੇ ਵੀਰਤਾ ਦੀ ਦਾਸਤਾਨ ਦੇਸ਼ ਵਾਸੀਆਂ ਨੂੰ ਸਦੀਆਂ ਤੱਕ ਪ੍ਰੇਰਿਤ ਕਰਦੀ ਰਹੇਗੀ।' ਸ੍ਰੀ ਮੋਦੀ ਨੇ ਐਤਵਾਰ ਨੂੰ ਪ੍ਰਸਾਰਿਤ ਹੋਏ ਆਪਣੇ ਪ੍ਰੋਗਰਾਮ 'ਮਨ ਕੀ ਬਾਤ' ਦੀ ਕਲਿਪ ਵੀ ਟਵੀਟ ਨਾਲ ਪੋਸਟ ਕੀਤੀ ਹੈ, ਜਿਸ ਵਿੱਚ ਉਨ੍ਹਾਂ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਸੀ।

# ਹਾਥਰਸ ਕਾਂਡ: ਆਰਐੱਲਡੀ ਦੇ ਵਫ਼ਦ 'ਤੇ ਲਾਠੀਚਾਰਜ

- ਪੀੜਤ ਪਰਿਵਾਰ ਨੂੰ ਮਿਲਣ ਲਈ ਆਇਆ ਸੀ ਪਾਰਟੀ ਵਫ਼ਦ
- ਸਪਾ ਵਰਕਰਾਂ ਦੇ ਹੰਗਾਮੇ ਤੋਂ ਬਾਅਦ ਪੁਲੀਸ ਨੇ ਕੀਤੀ ਤਾਕਤ ਦੀ ਵਰਤੋਂ
- ਭਾਜਪਾ ਦੇ ਸਾਬਕਾ ਵਿਧਾਇਕ ਦੇ ਘਰ ਉੱਚ ਜਾਤਾਂ ਦੇ ਲੋਕਾਂ ਦੀ ਮੀਟਿੰਗ

ਹਾਥਰਸ: ਹਾਥਰਸ ਜ਼ਿਲ੍ਹੇ ਦੇ ਬੁਲਗਾੜੀ ਪਿੰਡ 'ਚ ਅੱਜ ਪੁਲੀਸ ਨੇ ਜਬਰ ਜਨਾਹ ਘਟਨਾ ਦੇ ਪੀੜਤ ਪਰਿਵਾਰ



ਨੂੰ ਮਿਲਣ ਆਏ ਰਾਸ਼ਟਰੀ ਲੋਕ ਦਲ (ਆਰਐੱਲਡੀ) ਦੇ ਉੱਪ ਪ੍ਰਧਾਨ ਜਯੰਤ ਚੌਧਰੀ ਤੇ ਵਰਕਰਾਂ 'ਤੇ ਲਾਠੀਚਾਰਜ ਕਰ ਦਿੱਤਾ। ਇਸੇ ਦੌਰਾਨ ਇੱਥੋਂ ਦੇ ਸਾਬਕਾ ਵਿਧਾਇਕ ਰਾਜਵੀਰ ਸਿੰਘ ਦੇ ਘਰ ਕਥਿਤ ਤੌਰ 'ਤੇ ਉੱਚ ਜਾਤਾਂ ਦੇ ਲੋਕਾਂ ਨੇ ਮਹਾਂਪੰਚਾਇਤ ਵੀ ਕੀਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਹਾਥਰਸ ਘਟਨਾ ਦੇ ਪੀੜਤ ਪਰਿਵਾਰ ਨੂੰ ਮਿਲਣ ਲਈ ਰਾਸ਼ਟਰੀ ਲੋਕ ਦਲ ਦਾ ਵਫ਼ਦ ਆਇਆ ਸੀ। ਉਨ੍ਹਾਂ ਤੋਂ ਪਹਿਲਾਂ ਸਮਾਜਵਾਦੀ ਪਾਰਟੀ ਦਾ ਵਫ਼ਦ ਪੀੜਤ ਪਰਿਵਾਰ ਨੂੰ ਮਿਲਣ ਗਿਆ ਹੋਇਆ ਸੀ ਤੇ ਪੁਲੀਸ ਨੇ ਸਪਾ ਦੇ ਵਰਕਰਾਂ ਨੂੰ ਰੋਕਣ ਲਈ ਪਿੰਡ ਦੇ ਬਾਹਰ ਬੈਰੀਕੇਡ ਲਗਾ ਰੱਖੇ ਸਨ। ਸਮਾਜਵਾਦੀ ਪਾਰਟੀ ਦਾ ਵਫ਼ਦ ਜਦੋਂ ਪੀੜਤ ਪਰਿਵਾਰ ਨੂੰ ਮਿਲਣ ਲਈ ਪਿੰਡ 'ਚ ਗਿਆ ਤਾਂ ਪਾਰਟੀ ਦੇ ਵਰਕਰ ਵੱਡੀ ਗਿਣਤੀ 'ਚ ਪਿੰਡ ਦੇ ਬਾਹਰ ਇਕੱਠੇ ਹੋ ਗਏ ਤੇ ਹੰਗਾਮਾ ਕਰਦੇ ਹੋਏ ਬੈਰੀਕੇਡਾਂ 'ਤੇ ਚੜ੍ਹ ਗਏ। ਪੁਲੀਸ ਨੇ ਸਪਾ ਵਰਕਰਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਪਥਰਾਅ ਸ਼ੁਰੂ ਕਰ ਦਿੱਤਾ ਜਿਸ ਕਾਰਨ ਪੁਲੀਸ ਨੂੰ ਲਾਠੀਚਾਰਜ ਕਰਨਾ ਪਿਆ।

ਇਸੇ ਦੌਰਾਨ ਮੌਕੇ 'ਤੇ ਪਹੁੰਚੇ ਆਰਐੱਲਡੀ ਦੇ ਉੱਪ ਪ੍ਰਧਾਨ ਜਯੰਤ ਚੌਧਰੀ ਤੇ ਉਨ੍ਹਾਂ ਦੇ ਹਮਾਇਤੀ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸੀ ਕਿ ਪੁਲੀਸ ਨੇ ਉਨ੍ਹਾਂ 'ਤੇ ਵੀ ਲਾਠੀਚਾਰਜ ਕਰ ਦਿੱਤਾ। ਆਰਐੱਲਡੀ ਆਗੂਆਂ ਨੇ ਸ਼ਾਂਤਮਈ ਵਫ਼ਦ 'ਤੇ ਪੁਲੀਸ ਦੇ ਲਾਠੀਚਾਰਜ ਦੀ ਨਿੰਦਾ ਕੀਤੀ ਹੈ। ਪਾਰਟੀ ਦੇ ਸਾਬਕਾ ਬੁਲਾਰੇ ਕਪਤਾਨ ਸਿੰਘ ਚਹਿਰ ਨੇ ਕਿਹਾ ਕਿ ਜਯੰਤ ਚੌਧਰੀ 'ਤੇ ਲਾਠੀਚਾਰਜ ਯੂਪੀ 'ਚ ਜੰਗਲ ਰਾਜ ਦੀ ਨਿਸ਼ਾਨੀ ਹੈ। ਇਸ ਘਟਨਾ 'ਚ ਪਾਰਟੀ ਵਰਕਰ ਜ਼ਖ਼ਮੀ ਹੋ ਗਏ ਹਨ।

ਉੱਧਰ ਹਾਥਰਸ ਜਬਰ ਜਨਾਹ ਦੇ ਮਾਮਲੇ 'ਚ ਅੱਜ ਭਾਜਪਾ ਦੇ ਸਾਬਕਾ ਵਿਧਾਇਕ ਰਾਜਵੀਰ ਸਿੰਘ ਦੇ ਘਰ ਬਾਹਰ ਸੈਂਕੜਿਆਂ ਦੀ ਗਿਣਤੀ 'ਚ ਲੋਕ ਇਕੱਠੇ ਹੋ ਗਏ। ਲੋਕਾਂ ਨੇ ਜਬਰ ਜਨਾਹ ਕੇਸ ਦੇ ਮੁਲਜ਼ਮਾਂ ਦੀ ਤਰਫ਼ਦਾਰੀ ਕਰਦਿਆਂ ਪੀੜਤ ਲੜਕੀ ਦੇ ਪਰਿਵਾਰ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ। ਰਾਜਵੀਰ ਸਿੰਘ ਪਹਿਲਵਾਨ ਦੇ ਘਰ ਬਾਹਰ ਵੱਡੀ ਗਿਣਤੀ 'ਚ ਪੁਲੀਸ ਮੌਜੂਦ ਰਹੀ। ਹਾਲਾਂਕਿ ਪਹਿਲਵਾਨ ਦੇ ਪੁੱਤਰ ਮਨਵੀਰ ਸਿੰਘ ਨੇ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਮੀਟਿੰਗ 'ਚ ਸਿਰਫ਼ ਉੱਚ ਜਾਤਾਂ ਦੇ ਲੋਕ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਇੱਥੇ ਸਮਾਜ ਦੇ ਵੱਖ ਵੱਖ ਵਰਗਾਂ ਤੋਂ ਲੋਕ ਪਹੁੰਚੇ ਹੋਏ ਸਨ। ਉਨ੍ਹਾਂ ਕਿਹਾ, 'ਅਸੀਂ ਮੁੱਖ ਮੰਤਰੀ ਵੱਲੋਂ ਕੇਸ ਦੀ ਜਾਂਚ ਸੀਬੀਆਈ ਹਵਾਲੇ ਕਰਨ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਾਂ। ਸਾਨੂੰ ਜਾਂਚ 'ਤੇ ਪੂਰਾ ਭਰੋਸਾ ਹੈ।' ਉਨ੍ਹਾਂ ਨਾਲ ਹੀ ਦਾਅਵਾ ਕੀਤਾ ਕਿ ਪੀੜਤ ਪਰਿਵਾਰ ਆਪਣੇ ਪੱਖ ਨੂੰ ਵਾਰ ਵਾਰ ਬਦਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਾਰਾ ਕੁਝ ਸੂਬਾ ਸਰਕਾਰ ਨੂੰ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਸ ਦੀ ਮੁਲਜ਼ਮ ਕਿਸੇ ਵੀ ਜਾਂਚ ਲਈ ਤਿਆਰ ਹਨ।

# ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਨੂੰ ਕਰੋਨਾ



ਨਵੀਂ ਦਿੱਲੀ: ਉਪ ਰਾਸ਼ਟਰਪਤੀ ਐੱਮ. ਵੈਂਕੱਈਆ ਨਾਇਡੂ ਦੀ ਕਰੋਨਾਵਾਇਰਸ ਰਿਪੋਰਟ ਪਾਜ਼ੇਟਿਵ ਆ ਗਈ ਹੈ।ਸ੍ਰੀ ਨਾਇਡੂ ਦਾ ਅੱਜ ਕਰੋਨਾ ਟੈਸਟ ਕੀਤਾ ਗਿਆ, ਜੋ ਪਾਜ਼ੇਟਿਵ ਨਿਕਲਿਆ। ਹਾਲਾਂਕਿ ਉਨ੍ਹਾਂ ਵਿੱਚ ਹਾਲ ਦੀ ਘੜੀ ਕੋਈ ਲੱਛਣ ਨਹੀਂ ਹਨ ਤੇ ਉਹ ਪੂਰੀ ਤਰ੍ਹਾਂ ਤੰਦਰੁਸਤ ਹਨ। ਉਨ੍ਹਾਂ ਦੇ ਦਫ਼ਤਰ ਨੇ ਇਕ ਟਵੀਟ 'ਚ ਕਿਹਾ, 'ਸ੍ਰੀ ਨਾਇਡੂ ਨੂੰ ਘਰ ਵਿੱਚ ਹੀ ਇਕਾਂਤਵਾਸ ਹੋਣ ਦੀ ਸਲਾਹ ਦਿੱਤੀ ਗਈ ਹੈ। ਉਨ੍ਹਾਂ ਦੀ ਪਤਨੀ ਸ੍ਰੀਮਤੀ ਊਸ਼ਾ ਨਾਇਡੂ ਦਾ ਟੈਸਟ ਨੈਗਟਿਵ ਆਇਆ ਹੈ ਤੇ ਉਹ ਸਵੈ-ਇਕਾਂਤਵਾਸ ਵਿੱਚ ਹਨ।'

# ਐਮਨੈਸਟੀ ਦਾ ਬਿਆਨ ਸੱਚਾਈ ਤੋਂ ਦੂਰ: ਗ੍ਰਹਿ ਮੰਤਰਾਲਾ




ਨਵੀਂ ਦਿੱਲੀ: ਗ੍ਰਹਿ ਮੰਤਰਾਲੇ ਨੇ ਅੱਜ ਅਮਨੈਸਟੀ ਇੰਟਰਨੈਸ਼ਨਲ ਦੇ ਉਸ ਬਿਆਨ ਨੂੰ ਮੰਦਭਾਗਾ ਤੇ ਸੱਚਾਈ ਤੋਂ ਦੂਰ ਦੱਸਿਆ ਹੈ ਜਿਸ 'ਚ ਉਸ ਨੇ ਕਿਹਾ ਹੈ ਕਿ ਉਸ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਮਨੁੱਖਤਾ ਲਈ ਕੰਮ ਕਰਨ ਤੇ ਸੱਤਾ ਨਾਲ ਸਿੱਧੀ ਗੱਲ ਕਰਨ ਬਾਰੇ ਦਿੱਤਾ ਗਿਆ ਬਿਆਨ ਹੋਰ ਕੁਝ ਨਹੀਂ ਬਲਕਿ ਸੰਸਥਾ ਦਾ ਉਨ੍ਹਾਂ ਸਾਰੀਆਂ ਗਤੀਵਿਧੀਆਂ ਤੋਂ ਧਿਆਨ ਭਟਕਾਉਣ ਦਾ ਢੰਗ ਹੈ ਜੋ ਭਾਰਤੀ ਕਾਨੂੰਨ ਦੀ ਉਲੰਘਣਾ ਕਰਦਾ ਹੈ। ਉਨ੍ਹਾਂ ਕਿਹਾ, 'ਅਜਿਹੇ ਬਿਆਨਾਂ ਦਾ ਮਕਸਦ ਪਿਛਲੇ ਕੁਝ ਸਾਲਾਂ 'ਚ ਕੀਤੀਆਂ ਗਈਆਂ ਬੇਨਿਯਮੀਆਂ ਤੇ ਗ਼ੈਰ ਕਾਨੂੰਨੀ ਗਤੀਵਿਧੀਆਂ ਦੀ ਵੱਖ ਵੱਖ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਜਾਂਚ ਨੂੰ ਪ੍ਰਭਾਵਿਤ ਕਰਨਾ ਹੈ।'

For All Types of
Advertisements
please contact :
0437641033 and 0416606334
or email :thepunjabherald1@gmail.com

# ਸਿੱਖ ਵਿਰੋਧੀ ਦੰਗੇ: ਅਭਿਸ਼ੇਕ ਵਰਮਾ ਦੀ ਸੁਰੱਖਿਆ ਬਰਕਰਾਰ ਰੱਖਣ ਦੇ ਹੁਕਮ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ ਅੱਜ ਪੁਲੀਸ ਨੂੰ ਨਿਰਦੇਸ਼ ਦਿੱਤੇ ਹਨ ਉਸ ਦੇ ਪਰਿਵਾਰ ਲਈ ਸੁਰੱਖਿਆ ਬਰਕਰਾਰ ਰੱਖੀ ਜਾਵੇ। ਹਾਈ ਕੋਰਟ ਨੇ



ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸ ਦੇ ਗਵਾਹ ਵਿਵਾਦਤ ਅਸਲਾ ਡੀਲਰ ਅਭਿਸ਼ੇਕ ਵਰਮਾ ਨੂੰ ਸੁਰੱਖਿਆ ਦੇਣੀ ਜਾਰੀ ਰੱਖੀ ਜਾਵੇ। ਜ਼ਿਕਰਯੋਗ ਹੈ ਕਿ ਵਰਮਾ ਨੂੰ ਤਿੰਨ ਸੁਰੱਖਿਆ ਕਰਮੀ ਮਿਲੇ ਹੋਏ ਹਨ ਜੋ ਚੌਵੀ ਘੰਟੇ ਤਾਇਨਾਤ ਰਹਿੰਦੇ ਹਨ। ਅਭਿਸ਼ੇਕ ਨੂੰ ਪਹਿਲਾਂ ਧਮਕੀਆਂ ਵੀ ਮਿਲਦੀਆਂ ਰਹੀਆਂ ਹਨ।

ਅਦਾਲਤ ਨੇ ਕਿਹਾ ਕਿ ਹਾਈ ਕੋਰਟ ਦੇ 2017 ਦੇ ਹੁਕਮ ਮੁਤਾਬਕ ਵਰਮਾ ਤੇ ਸੀਬੀਆਈ ਤੇ ਦਿੱਲੀ ਪੁਲੀਸ ਨੂੰ ਵਰਮਾ ਦੀ ਪਟੀਸ਼ਨ 'ਤੇ ਜਵਾਬ ਦਾਖ਼ਲ ਕਰਨ ਲਈ ਵੀ ਕਿਹਾ ਹੈ। ਅਭਿਸ਼ੇਕ ਵਰਮਾ ਨੇ ਅਦਾਲਤ ਵਿਚ ਪਟੀਸ਼ਨ ਦਾਇਰ ਕਰ ਕੇ ਕਿਹਾ ਸੀ ਕਿ ਅਥਾਰਿਟੀ ਨੂੰ ਉਦੋਂ ਤੱਕ ਸੁਰੱਖਿਆ ਬਰਕਰਾਰ ਰੱਖਣ ਦੇ ਹੁਕਮ ਜਾਰੀ ਕੀਤੇ ਜਾਣ ਜਦ ਤੱਕ ਟਰਾਇਲ ਅਦਾਲਤ ਵਿਚ ਦੰਗਿਆਂ ਦੇ ਕੇਸ ਦੀ ਸੁਣਵਾਈ ਜਾਰੀ ਹੈ। ਅਦਾਲਤ ਨੇ ਅਗਲੀ ਸੁਣਵਾਈ 26 ਨਵੰਬਰ ਨੂੰ ਤੈਅ ਕੀਤੀ ਹੈ।

# ਟਕਰਾਅ ਨਹੀਂ, ਸਹਿਮਤੀ ਦੀ ਲੋੜ: ਬਾਦਲ

ਚੰਡੀਗੜ੍ਹ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਖਿਆ ਕਿ ਸੰਵੇਦਨਸ਼ੀਲ ਮੁੱਦਿਆਂ 'ਤੇ ਟਕਰਾਅ ਦੀ ਨੀਤੀ ਛੱਡ ਕੇ ਆਮ ਸਹਿਮਤੀ ਤੇ ਉਸਾਰੂ ਸਮਝੌਤੇ ਦੀ ਨੀਤੀ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਰਕਾਰ ਦੀ ਅਸਹਿਣਸ਼ੀਲ ਪਹੁੰਚ ਕਾਰਨ ਦੇਸ਼ ਦਾ ਅਕਸ ਨਹੀਂ ਵਿਗੜਨਾ ਚਾਹੀਦਾ। ਸ੍ਰੀ ਬਾਦਲ ਨੇ ਕਿਹਾ ਕਿ ਸਾਰੇ ਸੂਬੇ 'ਚ ਕੱਲ੍ਹ ਇਸ ਗੱਲ ਦਾ ਉਤਸ਼ਾਹ ਸੀ ਕਿ ਕਿਸਾਨੀ ਦੇ ਹੱਕ ਵਿੱਚ ਅਕਾਲੀ ਲਹਿਰ ਅਸਲ ਵਿੱਚ ਪੰਥਕ ਲਹਿਰ ਬਣ ਗਈ ਹੈ। ਉਨ੍ਹਾਂ ਕਿਹਾ ਕਿ ਜੋ ਲੋਕਤੰਤਰੀ ਪੰਥਕ ਰਵਾਇਤਾਂ ਦੀ ਗੱਲ ਕਰਦੇ ਹਨ, ਉਨ੍ਹਾਂ ਲਈ ਇਹ ਵੇਖਣ ਵਾਲਾ ਵੱਡਾ ਮੌਕਾ ਸੀ। ਸ੍ਰੀ ਬਾਦਲ ਕਿਹਾ ਕਿ ਟਕਰਾਅ ਜਦੋਂ ਹਿੰਸਕ ਬਣ ਜਾਵੇ ਤਾਂ ਫਿਰ ਉਹ ਦੇਸ਼ ਲਈ ਖ਼ਤਰਨਾਕ ਹੋ ਸਕਦਾ ਹੈ ਜਿਸ ਨਾਲ ਦੇਸ਼ ਦਾ ਮਾਣ ਸਨਮਾਨ ਵੀ ਗੁਆਚ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਵੰਨ-ਸੁਵੰਨਤਾ ਦੀ ਹਰ ਹਾਲਤ ਵਿੱਚ ਨਾ ਸਿਰਫ ਰਾਖੀ ਕੀਤੀ ਚਾਹੀਦੀ ਹੈ ਸਗੋਂ ਹਰ ਵਿਅਕਤੀ ਜੋ ਦੇਸ਼ ਦੀ ਕਿਸਮਤ ਬਦਲਣ 'ਚ ਲੱਗਿਆ ਹੋਇਆ ਹੈ, ਉਸ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸਲ ਸਹਿਕਾਰੀ ਸੰਘਵਾਦ ਦੇ ਸਨਮਾਨ ਦੀ ਜ਼ਰੂਰਤ ਇਕ ਪਾਸੇ ਹੈ ਜਦਕਿ ਲੋਕਤੰਤਰੀ ਬਗਾਵਤ ਦੂਸਰੇ ਪਾਸੇ ਹੈ। ਸਾਬਕਾ ਮੁੱਖ ਮੰਤਰੀ ਨੇ ਲੰਘੀ ਰਾਤ ਚੰਡੀਗੜ੍ਹ ਪੁਲੀਸ ਵੱਲੋਂ ਅਕਾਲੀ ਵਰਕਰਾਂ ਖਾਸ ਤੌਰ 'ਤੇ ਸ਼ਾਂਤੀਪੂਰਨ ਰੋਸ ਵਿਖਾਵਾ ਕਰ ਰਹੇ ਕਿਸਾਨਾਂ ਖ਼ਿਲਾਫ਼ ਧੱਕੇਸ਼ਾਹੀ ਕਰਨ ਨੂੰ ਬਹੁਤ ਹੀ ਹੈਰਾਨੀਜਨਕ ਤੇ ਬੇਲੋੜੀ ਕਾਰਵਾਈ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸ਼ਾਂਤੀਪੂਰਨ ਤੇ ਲੋਕਤੰਤਰੀ ਤਰੀਕੇ ਨਾਲ ਆਪਣੀ ਗੱਲ ਸੁਣਾਉਣਾ ਹਰ ਕਿਸੇ ਦਾ ਬੁਨਿਆਦੀ ਹੱਕ ਹੈ। ਉਨ੍ਹਾਂ ਕਿਹਾ ਕਿ ਜੇਕਰ ਉਹ ਰਾਜਪਾਲ ਦੇ ਅਹੁਦੇ 'ਤੇ ਹੁੰਦੇ ਤਾਂ ਨੰਗੇ ਪੈਰ ਚੱਲ ਕੇ ਸ਼ਾਂਤੀਪੂਰਨ ਮੁਜ਼ਾਹਰਾ ਕਰਨ ਵਾਲਿਆਂ ਨੂੰ ਜਾ ਕੇ ਮਿਲਦੇ।



# ਰਾਹੁਲ ਦਿੱਲੀ 'ਚ ਮੋਦੀ ਦਰਬਾਰ ਘੇਰਨ: ਬੈਂਸ

ਲੁਧਿਆਣਾ : ਖੇਤੀ ਬਿੱਲ ਦੇ ਵਿਰੋਧ 'ਚ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੇ ਪੰਜਾਬ ਦੌਰੇ 'ਤੇ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ 'ਚ ਤਾਂ ਸਾਰੀਆਂ ਪਾਰਟੀਆਂ ਪਹਿਲਾਂ ਹੀ ਕੇਂਦਰ ਸਰਕਾਰ ਦਾ ਵਿਰੋਧ ਕਰ ਰਹੀਆਂ ਹਨ। ਪੰਜਾਬ 'ਚ ਵਿਰੋਧ ਕਰਨ ਵਾਲਿਆਂ ਨੂੰ ਦਿੱਲੀ ਜਾਣ ਲਈ ਹਰਿਆਣਾ 'ਚ ਵੀ ਦਾਖਲ ਨਹੀਂ ਹੋਣ ਦਿੱਤਾ ਜਾ ਰਿਹਾ। ਰਾਹੁਲ ਗਾਂਧੀ ਦਿੱਲੀ 'ਚ ਹੀ ਹੈ ਤੇ ਉਨ੍ਹਾਂ ਨੂੰ ਪੰਜਾਬ ਆਉਣ ਦੀ ਬਜਾਏ ਸਾਰੇ ਦੇਸ਼ ਦੇ ਕਾਂਗਰਸੀਆਂ ਨੂੰ ਇਕਜੁੱਟ ਕਰ ਕੇ ਮੋਦੀ ਦਰਬਾਰ ਘੇਰਨਾ ਚਾਹੀਦਾ ਹੈ। ਉਹ ਪੰਜਾਬ 'ਚ ਟਰੈਕਟਰ ਰੈਲੀ ਸ਼ੋਸ਼ੇ ਲਈ ਕਰਨ ਆ ਰਹੇ ਹਨ। ਬੈਂਸ ਨੇ ਕਿਹਾ ਕਿ ਉਹ ਕੈਪਟਨ ਨੂੰ ਚਿੱਠੀ ਲਿਖ ਚੁੱਕੇ ਹਨ ਤੇ ਟਵੀਟ ਕਰਕੇ ਵੀ ਮੰਗ ਕਰ ਚੁੱਕੇ ਹਨ ਕਿ ਉਹ ਵਿਧਾਨ ਸਭਾ ਦਾ ਸੈਸ਼ਨ ਬੁਲਾਉਣ ਤੇ ਕਾਨੂੰਨਾਂ ਖਿਲਾਫ਼ ਪ੍ਰਸਤਾਵ ਰੱਖਣ ਤੇ ਉਸ ਨੂੰ ਬਦਲਾਅ ਲਈ ਕੇਂਦਰ 'ਤੇ ਜ਼ੋਰ ਪਾਉਣ।



# ਖੇਤੀ ਕਾਨੂੰਨ: ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਜ਼ੋਰਦਾਰ ਮੁਜ਼ਾਹਰੇ

ਨਵੀਂ ਦਿੱਲੀ : ਖੇਤੀ ਐਕਟਾਂ ਦੇ ਵਿਰੋਧ 'ਚ ਅੱਜ ਵੱਖ ਵੱਖ ਸੂਬਿਆਂ 'ਚ ਕਾਂਗਰਸ ਵਰਕਰਾਂ ਅਤੇ ਕਿਸਾਨਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਕੀਤੇ ਗਏ। ਦਿੱਲੀ, ਉੱਤਰ ਪ੍ਰਦੇਸ਼, ਗੁਜਰਾਤ, ਤਿਲੰਗਾਨਾ ਅਤੇ ਹੋਰ ਥਾਵਾਂ 'ਤੇ ਕਾਂਗਰਸ ਵੱਲੋਂ ਕਿਸਾਨਾਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ ਗਿਆ। ਕਰਨਾਟਕ 'ਚ ਕਿਸਾਨਾਂ ਨੇ ਖੇਤੀ ਕਾਨੂੰਨਾਂ ਖਿਲਾਫ਼ ਰੋਸ ਮੁਜ਼ਾਹਰਾ ਕਰਦਿਆਂ ਇਨ੍ਹਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ। ਦਿੱਲੀ 'ਚ ਕਾਂਗਰਸ ਆਗੂਆਂ ਅਤੇ ਵਰਕਰਾਂ ਨੇ ਪ੍ਰਧਾਨ ਅਨਿਲ ਕੁਮਾਰ ਦੀ ਅਗਵਾਈ ਹੇਠ ਪ੍ਰਦਰਸ਼ਨ ਕੀਤਾ। ਉੱਤਰ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਜੈ ਕੁਮਾਰ ਲਾਲੂ ਅਤੇ ਹੋਰ ਪਾਰਟੀ ਵਰਕਰਾਂ ਨੂੰ ਅੱਜ ਲਖਨਊ 'ਚ ਪ੍ਰਦਰਸ਼ਨ ਦੌਰਾਨ ਹਿਰਾਸਤ 'ਚ ਲੈ ਲਿਆ ਗਿਆ। ਕਾਂਗਰਸ ਵਰਕਰ ਪਰਿਵਰਤਨ ਚੌਕ 'ਤੇ ਇਕੱਠੇ ਹੋਏ ਸਨ ਅਤੇ ਜਦੋਂ ਉਨ੍ਹਾਂ ਰਾਜ ਭਵਨ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਪੁਲੀਸ ਨੇ ਹਿਰਾਸਤ 'ਚ ਲੈ ਲਿਆ। ਕੁਝ ਜ਼ਿਲ੍ਹਿਆਂ 'ਚ ਪਾਰਟੀ ਵਰਕਰਾਂ ਨੂੰ ਰਾਹ 'ਚ ਹੀ ਰੋਕ ਲਿਆ ਗਿਆ ਅਤੇ ਉਨ੍ਹਾਂ ਨੂੰ ਲਖਨਊ ਨਹੀਂ ਆਉਣ ਦਿੱਤਾ ਗਿਆ। ਇਸ ਦੌਰਾਨ ਕਾਂਗਰਸ ਦੀ ਗੁਜਰਾਤ ਇਕਾਈ ਦੇ ਸੂਬਾ ਪ੍ਰਧਾਨ ਅਮਿਤ ਚਾਵੜਾ ਸਮੇਤ ਕਰੀਬ 100 ਪਾਰਟੀ ਵਰਕਰਾਂ ਨੂੰ ਪੁਲੀਸ ਨੇ ਗਾਂਧੀਨਗਰ 'ਚ ਹਿਰਾਸਤ 'ਚ ਲੈ ਲਿਆ। ਕਾਂਗਰਸ ਆਗੂ ਵਿਧਾਨ ਸਭਾ ਕੰਪਲੈਕਸ ਨੇੜੇ ਅੰਬੇਦਕਰ ਦੇ ਬੁੱਤ ਕੋਲ ਇਕੱਠੇ ਹੋਏ ਸਨ। ਬਾਅਦ 'ਚ ਪੁਲੀਸ ਨੇ ਚਾਵੜਾ, ਵਿਧਾਇਕਾਂ ਪਰੇਸ਼ ਧਨਾਨੀ, ਬਲਦੇਵਜੀ ਠਾਕੁਰ, ਸੀ ਜੇ ਚਵੜਾ ਅਤੇ ਹੋਰ ਪਾਰਟੀ ਵਰਕਰਾਂ ਨੂੰ ਹਿਰਾਸਤ 'ਚ ਲੈ ਲਿਆ। ਤਿਲੰਗਾਨਾ ਮਾਮਲਿਆਂ ਦੇ ਇੰਚਾਰਜ ਮਨਿਕਮ ਟੈਗੋਰ ਅਤੇ ਸੂਬਾ ਪ੍ਰਧਾਨ ਐੱਨ ਉੱਤਮ ਕੁਮਾਰ ਰੈੱਡੀ ਦੀ ਅਗਵਾਈ ਹੇਠ ਕਾਂਗਰਸ ਆਗੂ ਜਦੋਂ ਰਾਜਪਾਲ ਟੀ ਸੁੰਦਰਰਾਜਨ ਨੂੰ ਮੰਗ ਪੱਤਰ ਦੇਣ ਲਈ ਅੱਗੇ ਵਧੇ ਤਾਂ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ। ਬਾਅਦ 'ਚ ਪੁਲੀਸ ਨੇ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਕਰਨਾਟਕ 'ਚ ਕਿਸਾਨ ਪੱਖੀ ਜਥੇਬੰਦੀਆਂ ਨੇ ਖੇਤੀ ਐਕਟਾਂ ਖਿਲਾਫ਼ ਅੱਜ ਬੰਦ ਦਾ ਸੱਦਾ ਦਿੱਤਾ ਸੀ। ਬੰਦ ਨੂੰ ਕਾਂਗਰਸ, ਜਨਤਾ ਦਲ (ਐੱਸ), ਕਰਨਾਟਕ ਰਕਸ਼ਣਾ ਵੇਦਿਕੇ ਅਤੇ ਖੱਬੇ ਪਾਰਟੀਆਂ ਨੇ ਹਮਾਇਤ ਦਿੱਤੀ ਸੀ।



# ਸੁਪਰੀਮ ਕੋਰਟ ਵੱਲੋਂ ਸੈਕਸ ਵਰਕਰਾਂ ਨੂੰ ਸੁੱਕਾ ਰਾਸ਼ਨ ਮੁਹੱਈਆ ਕਰਨ ਦੇ ਹੁਕਮ



ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਸਾਰੇ ਰਾਜਾਂ ਨੂੰ ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜ਼ੇਸ਼ਨ (ਐੱਨਏਸੀਓ) ਵੱਲੋਂ ਸ਼ਨਾਖ਼ਤ ਕੀਤੇ ਸੈਕਸ ਵਰਕਰਾਂ ਨੂੰ ਸੁੱਕਾ ਰਾਸ਼ਨ ਤੇ ਕਾਨੂੰਨੀ ਸੇਵਾਵਾਂ ਮੁਹੱਈਆ ਕਰਵਾਉਣ ਦੀ ਹਦਾਇਤ ਕੀਤੀ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਅਜਿਹਾ ਕਰਨ ਮੌਕੇ ਇਨ੍ਹਾਂ ਵਰਕਰਾਂ 'ਤੇ ਸ਼ਨਾਖ਼ਤ ਦੇ ਸਬੂਤ ਲਈ ਜ਼ੋਰ ਨਹੀਂ ਪਾਇਆ ਜਾਵੇਗਾ। ਸੁਪਰੀਮ ਕੋਰਟ ਨੇ ਸੁੱਕਾ ਰਾਸ਼ਨ ਹਾਸਲ ਕਰਨ ਵਾਲੇ ਸੈਕਸ ਵਰਕਰਾਂ ਦੀ ਤਫ਼ਸੀਲ ਤੇ ਉਪਰੋਕਤ ਹਦਾਇਤਾਂ ਦੀ ਪਾਲਣਾ ਸਬੰਧੀ ਰਿਪੋਰਟ ਚਾਰ ਹਫ਼ਤਿਆਂ 'ਚ ਦਾਖ਼ਲ ਕਰਨ ਦੀ ਤਾਕੀਦ ਕੀਤੀ ਹੈ। ਜਸਟਿਸ ਐੱਲ.ਨਾਗੇਸ਼ਵਰ ਰਾਓ ਤੇ ਅਜੈ ਰਸਤੋਗੀ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ ਕਿ ਉਹ ਕੋਵਿਡ-19 ਮਹਾਮਾਰੀ ਦੇ ਅਰਸੇ ਦੌਰਾਨ (ਸੈਕਸ ਵਰਕਰਾਂ ਨੂੰ) ਵਿੱਤੀ ਇਮਦਾਦ ਦੇਣ ਦੇ ਪਹਿਲੂ ਨਾਲ ਬਾਅਦ ਵਿੱਚ ਸਿੱਝੇਗਾ। ਬੈਂਚ ਨੇ ਉਪਰੋਕਤ ਹੁਕਮ ਸੈਕਸ ਵਰਕਰਾਂ ਨੂੰ ਦਰਪੇਸ਼ ਮੁਸ਼ਕਲਾਂ ਸਬੰਧੀ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੀਤੇ ਹਨ।



# ਲਿਬੀਆ ਵਿਰੋਧੀਆਂ ਵੱਲੋਂ ਕੈਦੀਆਂ ਦੇ ਤਬਾਦਲੇ ਲਈ ਸਮਝੌਤਾ

UNITED NATIONS

ਕਾਹਿਰਾ: ਸੰਯੁਕਤ ਰਾਸ਼ਟਰ ਨੇ ਕਿਹਾ ਕਿ ਮਿਸਰ ਵਿੱਚ ਲਿਬੀਆ ਦੇ ਵਿਰੋਧੀਆਂ ਵਿਚਾਲੇ ਗੱਲਬਾਤ ਕੈਦੀਆਂ ਦੇ ਆਦਾਨ-ਪ੍ਰਦਾਨ ਅਤੇ ਦੇਸ਼ ਦੇ ਵੰਡੇ ਹੋਏ ਖਿੱਤੇ ਵਿੱਚ ਹਵਾਈ ਅਤੇ ਜ਼ਮੀਨੀ ਆਵਾਜਾਈ ਖੋਲ੍ਹਣ ਦੇ ਸ਼ੁਰੂਆਤੀ ਸਮਝੌਤਿਆਂ ਨਾਲ ਸਮਾਪਤ ਹੋਈ ਹੈ। ਫ਼ੌਜਾਂ ਵਿਚਾਲੇ ਆਹਮੋ-ਸਾਹਮਣੀ ਗੱਲਬਾਤ ਸੋਮਵਾਰ ਹੁਰਗਾਡਾ ਦੇ ਰੈੱਡ ਸੀ ਰਿਜ਼ੌਰਟ 'ਚ ਦੋਵੇਂ ਧਿਰਾਂ 'ਤੇ ਜੰਗ ਸਬੰਧੀ ਕੌਮਾਂਤਰੀ ਦਬਾਅ ਅਤੇ ਉਨ੍ਹਾਂ ਦੇ ਵਿਦੇਸ਼ੀ ਸਮਰਥਕਾਂ ਵੱਲੋਂ ਸੰਕਟ ਗਹਿਰਾਉਣ ਤੋਂ ਰੋਕਣ ਦੇ ਯਤਨਾਂ ਦੌਰਾਨ ਹੋਈ। ਲਿਬੀਆ ਵਿੱਚ ਸੰਯੁਕਤ ਰਾਸ਼ਟਰ ਦੇ ਸਹਿਯੋਗੀ ਮਿਸ਼ਨ ਨੇ ਲਿਖਤੀ ਬਿਆਨ 'ਚ ਕਿਹਾ ਕਿ ਦੋ ਦਿਨਾ ਗੱਲਬਾਤ 'ਜ਼ਿੰਮੇਵਾਰੀ ਦੀ ਭਾਵਨਾ, ਪਾਰਦਰਸ਼ਤਾ ਅਤੇ ਆਪਸੀ ਭਰੋਸੇ' ਦੌਰਾਨ ਹੋਈ ਜਿਸ ਦੇ ਨਤੀਜੇ ਵਜੋਂ ਦੋਵੇਂ ਧਿਰਾਂ ਦੌਰਾਨ ਲੜਾਈ ਸਬੰਧੀ ਕਈ ਸੁਸਤ ਮੁੱਦਿਆਂ ਬਾਰੇ ਗੱਲ ਅੱਗੇ ਵਧੀ ਹੈ। ਬਿਆਨ ਮੁਤਾਬਕ ਦੋਵੇਂ ਧਿਰਾਂ ਇਹ ਗੱਲ ਨਾਲ ਸਹਿਮਤ ਹੋਈਆਂ ਹਨ ਕਿ ਫ਼ੌਜੀ ਅਪਰੇਸ਼ਨਾਂ ਦੌਰਾਨ ਬੰਦੀ ਬਣਾਏ ਗਏ ਸਾਰੇ ਕੈਦੀਆਂ ਦੀ ਰਿਹਾਈ ਲਈ ਅਗਲੇ ਮਹੀਨੇ ਦੌਰਾਨ ਕਦਮ ਚੁੱਕਣੇ ਯਕੀਨੀ ਬਣਾਏ ਜਾਣਗੇ।

# ਆਸਟਰੇਲੀਆ ਵੱਲੋਂ ਨਾਗਰਿਕਤਾ ਟੈਸਟ 'ਚ ਬਦਲਾਅ

ਸਿਡਨੀ: ਆਸਟਰੇਲੀਆ ਨੇ ਨਾਗਰਿਕਤਾ ਦੇਣ ਦੇ ਨਿਯਮਾਂ ਵਿਚ



ਬਦਲਾਅ ਕੀਤਾ ਹੈ। ਨਵਾਂ ਸਿਟੀਜ਼ਨਸ਼ਿਪ ਟੈਸਟ 15 ਨਵੰਬਰ ਤੋਂ ਲਾਗੂ ਹੋਣ ਜਾ ਰਿਹਾ ਹੈ। ਇਹ ਟੈਸਟ ਨਾਗਰਿਕਾਂ ਦੀਆਂ ਨੈਤਿਕ ਜ਼ਿੰਮੇਵਾਰੀਆਂ ਤੇ ਅਧਿਕਾਰਾਂ ਬਾਰੇ ਹੈ। ਪਰਵਾਸੀਆਂ ਨੂੰ ਹੁਣ ਟੈਸਟ ਪਾਸ ਕਰਨ ਲਈ ਆਸਟਰੇਲੀਆ ਦੇ ਬਹੁ-ਸੱਭਿਆਚਾਰ ਤੇ ਕਾਨੂੰਨ ਪ੍ਰਤੀ ਵਚਨਬੱਧਤਾ ਨਾਲ ਜੁੜੇ ਸਵਾਲਾਂ ਦਾ ਉੱਤਰ ਦੇਣਾ ਹੋਵੇਗਾ। ਸਿਟੀਜ਼ਨਸ਼ਿਪ ਮੰਤਰੀ ਐਲਨ ਟੂਜ਼ ਨੇ ਦੱਸਿਆ ਕਿ ਟੈਸਟ ਵਿਚ 20 ਪ੍ਰਸ਼ਨ ਹੋਣਗੇ, ਜਿਨ੍ਹਾਂ 'ਚ ਆਸਟਰੇਲਿਆਈ ਕਦਰਾਂ-ਕੀਮਤਾਂ ਬਾਰੇ 5 ਪ੍ਰਸ਼ਨ ਸ਼ਾਮਲ ਹਨ। ਬਿਨੈਕਾਰ ਨੂੰ ਇਨ੍ਹਾਂ 5 ਪ੍ਰਸ਼ਨਾਂ ਦਾ ਸਹੀ ਉੱਤਰ ਦੇਣਾ ਜ਼ਰੂਰੀ ਹੈ।

# ਸੰਯੁਕਤ ਰਾਸ਼ਟਰ ਜਨਰਲ ਇਜਲਾਸ 'ਚ ਲਿੰਗ ਬਰਾਬਰੀ ਦਾ ਮੁੱਦਾ ਉੱਭਰਿਆ



ਸੰਯੁਕਤ ਰਾਸ਼ਟਰ: ਸੰਯੁਕਤ ਰਾਸ਼ਟਰ ਜਨਰਲ ਇਜਲਾਸ ਵਿਚ ਪਿਛਲੇ ਹਫ਼ਤੇ ਸੰਬੋਧਨ ਕਰਦਿਆਂ ਬੰਗਲਾਦੇਸ਼ੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਕਿਹਾ ਕਿ ਕੌਮਾਂਤਰੀ ਪੱਧਰ 'ਤੇ ਲਿੰਗ ਬਰਾਬਰੀ ਯਕੀਨੀ ਬਣਾਉਣ ਲਈ ਲੰਮਾ ਰਾਸਤਾ ਤੈਅ ਕੀਤਾ ਗਿਆ ਹੈ। ਪਰ ਇਸ ਦੇ ਬਾਵਜੂਦ ਸਾਨੂੰ ਆਪਣਾ ਅਹਿਦ ਮਜ਼ਬੂਤ ਕਰਨ ਤੇ ਸਹਿਯੋਗ ਵਧਾਉਣ ਦੀ ਲੋੜ ਹੈ। ਹਸੀਨਾ ਨੇ ਕਿਹਾ ਕਿ ਅਜੇ ਵੀ ਕਾਫ਼ੀ ਗੁੰਜਾਇਸ਼ ਹੈ ਤੇ ਲੰਮਾ ਰਾਸਤਾ ਤੈਅ ਕਰਨਾ ਪਵੇਗਾ। ਸੰਯੁਕਤ ਰਾਸ਼ਟਰ ਭਲਕ ਤੋਂ ਮਹਿਲਾ ਸਸ਼ਕਤੀਕਰਨ ਬਾਰੇ ਵੱਖਰਾ ਸੰਮੇਲਨ ਵੀ ਕਰਵਾ ਰਿਹਾ ਹੈ। ਇਸ ਵਰ੍ਹੇ ਦਾ ਸੰਯੁਕਤ ਰਾਸ਼ਟਰ ਜਨਰਲ ਇਜਲਾਸ ਬਹੁਪੱਖੀ ਪਹੁੰਚ ਤੇ ਸਹਿਯੋਗ ਦੇ ਮੰਤਵ ਨਾਲ ਸ਼ੁਰੂ ਹੋਇਆ ਸੀ ਪਰ ਮਗਰੋਂ ਇਸ ਵਿਚ ਜ਼ਿਆਦਾਤਰ ਵੰਡੀਆਂ ਪੈਂਦੀਆਂ ਹੀ ਨਜ਼ਰ ਆਈਆਂ।

# ਡੋਨਲਡ ਟਰੰਪ ਤੇ ਮੇਲਾਨੀਆ ਕਰੋਨਾ ਪਾਜ਼ੇਟਿਵ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਦੇ ਕਰੋਨਾ ਪਾਜ਼ੇਟਿਵ



ਹੋਣ ਦੀ ਪੁਸ਼ਟੀ ਹੋਈ ਹੈ। ਟਰੰਪ ਨੇ ਟਵੀਟ ਕਰਕੇ ਇਸ ਬਾਰੇ ਜਾਣਕਾਰੀ ਦਿੱਤੀ। ਟਰੰਪ ਨੇ ਟਵੀਟ ਕੀਤਾ, 'ਮੇਲਾਨੀਆ ਤੇ ਮੇਰੇ ਕਰੋਨਾ ਪਾਜ਼ੇਟਿਵ ਹੋਣ ਦੀ ਪੁਸ਼ਟੀ ਹੋਈ ਹੈ। ਅਸੀਂ ਤੁਰੰਤ ਇਕਾਂਤਵਾਸ ਤੇ ਇਲਾਜ ਦੀ ਪ੍ਰਕਿਰਿਆ ਸ਼ੁਰੂ ਕਰ ਰਹੇ ਹਾਂ। ਅਸੀਂ ਇਸ ਦਾ ਇਕੱਠਿਆਂ ਸਾਹਮਣਾ ਕਰਾਂਗੇ।' ਟਰੰਪ ਦੇ ਡਾਕਟਰ ਸੀਨ ਕੌਨਲੀ ਨੇ ਕਿਹਾ, 'ਰਾਸ਼ਟਰਪਤੀ ਤੇ ਪ੍ਰਥਮ ਮਹਿਲਾ ਦੋਵੇਂ ਤੰਦਰੁਸਤ ਹਨ ਅਤੇ ਇਲਾਜ ਦੌਰਾਨ ਉਨ੍ਹਾਂ ਵ੍ਹਾਈਟ ਹਾਊਸ 'ਚ ਆਪਣੇ ਘਰ 'ਚ ਰਹਿਣ ਦਾ ਹੀ ਫ਼ੈਸਲਾ ਕੀਤਾ ਹੈ।' ਵ੍ਹਾਈਟ ਹਾਊਸ ਦੇ ਬਾਹਰ ਟਰੰਪ ਦੇ ਸਾਰੇ ਦੌਰੇ ਤੇ ਮੀਟਿੰਗਾਂ ਰੱਦ ਕਰ ਦਿੱਤੀਆਂ ਗਈਆਂ ਹਨ। ਵ੍ਹਾਈਟ ਹਾਊਸ ਨੇ ਕਈ ਪ੍ਰੋਗਰਾਮ ਰੱਦ ਹੋਣ ਮਗਰੋਂ ਨਵਾਂ ਪ੍ਰੋਗਰਾਮ ਜਾਰੀ ਕੀਤਾ ਹੈ। ਵ੍ਹਾਈਟ ਹਾਊਸ ਨੇ ਕਿਹਾ, 'ਰਾਸ਼ਟਰਪਤੀ ਕੋਵਿਡ-19 ਸੰਵੇਦਨਸ਼ੀਲ ਬਜ਼ੁਰਗਾਂ ਦੀ ਹਮਾਇਤ 'ਚ ਇੱਕ ਫੋਨ ਕਾਲ ਦੀ ਮੇਜ਼ਬਾਨੀ ਕਰਨਗੇ।' ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਟਰੰਪ ਤੇ ਉਨ੍ਹਾਂ ਦੀ ਪਤਨੀ ਦੇ ਜਲਦ ਸਿਹਤਯਾਬ ਹੋਣ ਦੀ ਕਾਮਨਾ ਕੀਤੀ। ਮੋਦੀ ਨੇ ਟਵੀਟ ਕੀਤਾ, 'ਮੈਂ ਮੇਰੇ ਦੋਸਤ ਡੋਨਲਡ ਟਰੰਪ ਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਦੇ ਜਲਦੀ ਸਿਹਤਯਾਬ ਹੋਣ ਦੀ ਪ੍ਰਾਰਥਨਾ ਕਰਦਾ ਹਾਂ।' ਇਸੇ ਦੌਰਾਨ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਵੀ ਡੋਨਲਡ ਟਰੰਪ ਤੇ ਮੇਲਾਨੀਆ ਦੇ ਜਲਦੀ ਸਿਹਤਯਾਬ ਹੋਣ ਲਈ ਸ਼ੁਭ ਕਾਮਨਾਵਾਂ ਭੇਜੀਆਂ ਹਨ।

# ਭਾਰਤ ਸਣੇ ਚਾਰ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ 'ਤੇ ਚੀਨ ਨੂੰ ਇਤਰਾਜ਼



ਪੇਈਚਿੰਗ : ਟੋਕੀਓ ਵਿਚ ਹੋਣ ਵਾਲੀ ਭਾਰਤ, ਆਸਟਰੇਲੀਆ, ਜਪਾਨ ਤੇ ਅਮਰੀਕਾ ਦੇ ਵਿਦੇਸ਼ ਮੰਤਰੀਆਂ ਦੀ ਮਿਲਣੀ ਦੀ ਚੀਨ ਨੇ ਨਿਖੇਧੀ ਕੀਤੀ ਹੈ। ਚੀਨ ਨੇ ਕਿਹਾ ਕਿ ਉਹ ਇਸ ਤਰ੍ਹਾਂ ਦਾ 'ਵਿਸ਼ੇਸ਼ ਗੁੱਟ' ਕਾਇਮ ਕਰਨ ਦੇ ਖ਼ਿਲਾਫ਼ ਹੈ ਤੇ ਇਹ ਕਿਸੇ ਤੀਜੀ ਧਿਰ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਏਗਾ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ 6 ਅਕਤੂਬਰ ਨੂੰ ਇਸ ਬੈਠਕ ਵਿਚ ਹਿੱਸਾ ਲੈਣਗੇ। ਉਹ 6 ਤੇ 7 ਅਕਤੂਬਰ ਨੂੰ ਟੋਕੀਓ ਦਾ ਦੌਰਾ ਕਰਨਗੇ। ਜਪਾਨ ਤੇ ਭਾਰਤ ਇਸ ਦੌਰਾਨ ਸਾਂਝੇ ਹਿੱਤਾਂ ਵਾਲੇ ਦੁਵੱਲੇ ਤੇ ਖੇਤਰੀ ਮੁੱਦਿਆਂ 'ਤੇ ਵਿਚਾਰ-ਚਰਚਾ ਕਰਨਗੇ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਖੇਤਰੀ ਮੁਲਕਾਂ ਵਿਚਾਲੇ ਆਪਸੀ ਸਮਝ ਤੇ ਭਰੋਸਾ ਵਿਕਸਿਤ ਕਰਨ ਲਈ ਯਤਨ ਹੋਣੇ ਚਾਹੀਦੇ ਹਨ ਨਾ ਕਿ ਗੁੱਟ ਬਣਾ ਕੇ ਕਿਸੇ ਤੀਜੀ ਧਿਰ ਨੂੰ ਨਿਸ਼ਾਨਾ ਬਣਾਉਣਾ ਚਾਹੀਦਾ ਹੈ।

# ਕੁਵੈਤ ਦੇ ਸ਼ਾਸਕ ਸ਼ੇਖ਼ ਸਬ੍ਹਾ ਦਾ ਦੇਹਾਂਤ

ਦੁਬਈ: ਕੁਵੈਤ ਦੇ ਸ਼ਾਸਕ ਸ਼ੇਖ਼ ਸਬ੍ਹਾ ਅਲ ਅਹਿਮਦ ਅਲ ਸਬ੍ਹਾ (91) ਦਾ ਅੱਜ ਦੇਹਾਂਤ ਹੋ ਗਿਆ। ਉਨ੍ਹਾਂ ਕਤਰ ਅਤੇ ਅਰਬ ਮੁਲਕਾਂ ਵਿਚਕਾਰ ਜਾਰੀ ਵਿਵਾਦ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਉਨ੍ਹਾਂ ਦੀ ਥਾਂ 'ਤੇ ਚਚੇਰੇ ਭਰਾ ਸ਼ੇਖ਼ ਨਵਾਬ ਅਲ ਅਹਿਮਦ ਸਬ੍ਹਾ ਦੇ ਕੁਵੈਤ ਦਾ ਨਵਾਂ ਸ਼ਾਸਕ ਬਣਨ ਦੀ ਸੰਭਾਵਨਾ ਹੈ।



# ਤੇਰਾ ਲੁੱਟਿਆ ਸ਼ਹਿਰ ਲਾਹੌਰ, ਨੀ ਸੱਸੀਏ ਬੇ-ਖ਼ਬਰੇ

## ਦੇਸ਼ ਦੀ ਤਬਾਹੀ ਦਾ ਕਾਰਨ ਬਣੇਗੀ, ਦੇਸ਼ ਦੇ ਧੰਨ, ਸਾਧਨਾਂ-ਵਸੀਲਿਆਂ ਦੀ ਲੁੱਟ !

**ਗੁਰਮੀਤ ਸਿੰਘ ਪਲਾਹੀ**

ਮਾਨਸੂਨ ਸੈਸ਼ਨ 2020 ਦੀ ਸੰਸਦ ਦੀ ਕਾਰਵਾਈ ਵਿੱਚ ਜ਼ਿਕਰ ਹੋਇਆ ਸੀ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਾਰਚ 2015 ਤੋਂ ਨਵੰਬਰ 2019 ਦਰਮਿਆਨ ਕੁੱਲ 58 ਦੇਸ਼ਾਂ ਦੀ ਯਾਤਰਾ ਕੀਤੀ ਅਤੇ ਇਹਨਾਂ ਯਾਤਰਾਵਾਂ ਉੱਤੇ ਕੁੱਲ ਮਿਲਾਕੇ 517 ਕਰੋੜ 82 ਲੱਖ ਰੁਪਏ ਖ਼ਰਚ ਹੋਏ। ਇਹ ਯਾਤਰਾਵਾਂ ਸਰਕਾਰੀ ਪੱਖ ਅਨੁਸਾਰ ਗਲੋਬਲ ਮੁੱਦਿਆਂ ਸਬੰਧੀ ਭਾਰਤ ਦੇ ਦ੍ਰਿਸ਼ਟੀਕੋਣ ਬਾਰੇ ਹੋਰ ਦੇਸ਼ਾਂ ਨਾਲ ਸਮਝ ਵਧਾਉਣ ਅਤੇ ਦੇਸ਼ ਦੇ ਵਪਾਰ ਅਤੇ ਨਿਵੇਸ਼, ਤਕਨਾਲੋਜੀ, ਰੱਖਿਆ ਸਹਿਯੋਗ ਵਧਾਉਣ ਸਬੰਧੀ ਕੀਤੀਆਂ ਗਈਆਂ। ਪਰ ਅਮਰੀਕਾ ਦੀ ਝੋਲੀ ਪੈ ਕੇ, ਇਕਪਾਸੜ ਫ਼ੈਸਲੇ ਕਰਕੇ ਕੀ ਭਾਰਤ ਨੇ ਆਪਣੇ ਗਵਾਂਢੀ ਮੁਲਕਾਂ ਚੀਨ, ਨੇਪਾਲ, ਪਾਕਿਸਤਾਨ ਨਾਲ ਵੈਰ-ਵਿਰੋਧ ਨਹੀਂ ਵਧਾ ਲਿਆ? ਗੁਆਂਢੀ ਦੇਸ਼ਾਂ ਨਾਲ ਸੁਖਾਵੇਂ ਸਬੰਧਾਂ ਦੀ ਥਾਂ ਉਹਨਾ ਨਾਲ ਕੌੜ ਵਧਿਆ ਹੈ ਅਤੇ ਚੀਨ ਨਾਲ ਤਾਂ ਵੈਰ-ਵਿਰੋਧ ਇੰਨਾ ਵਧਿਆ ਹੈ ਕਿ ਜੰਗ ਤੱਕ ਦੀ ਨੌਬਤ ਆਈ ਹੋਈ ਹੈ। ਇਹਨਾਂ ਵਿਦੇਸ਼ੀ ਫੇਰੀਆਂ ਨੇ ਨਰੇਂਦਰ ਮੋਦੀ ਦੀ ਸ਼ਖ਼ਸੀਅਤ ਨੂੰ ਤਾਂ ਜ਼ਰੂਰ ਉਭਾਰਿਆ ਹੋਏਗਾ, ਪਰ ਉਸ ਗ਼ਰੀਬ ਦੇਸ਼ ਦੀ ਕਰੋੜਾਂ ਦੀ ਸੰਪਤੀ ਨੂੰ ਚੂਨਾ ਲਗਾਇਆ ਗਿਆ ਹੈ, ਜਿੱਥੋਂ ਦੇ ਲੋਕਾਂ ਨੂੰ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਦੇ ਅਵੱਲੇ ਕੰਮਾਂ ਨੇ ਲੋਕਾਂ ਦੀ ਪ੍ਰੇਸ਼ਾਨੀ ਵਿੱਚ ਲਗਾਤਾਰ ਵਾਧਾ ਕੀਤਾ ਹੈ ਅਤੇ ਦੇਸ਼ ਦੀ ਆਰਥਿਕਤਾ ਨੂੰ ਵੱਡੀ ਢਾਅ ਲਾਈ ਹੈ। ਦੇਸ਼ ਦੇ ਪੈਸੇ ਦੀ ਦੁਰਵਰਤੋਂ ਦੀਆਂ ਤਾਂ ਅਨੇਕਾਂ ਹੈਰਾਨ ਕੁੰਨੀ ਉਦਾਹਰਨਾਂ ਹਨ, ਜਿਹੜੀਆਂ ਸੰਜੀਦਾ ਮਨੁੱਖ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੰਦੀਆਂ ਹਨ। ਨੋਟ ਬੰਦੀ ਨੇ ਆਮ ਆਦਮੀ ਤੇ ਛੋਟੇ ਕਾਰੋਬਾਰੀਆਂ, ਕਿਸਾਨਾਂ, ਮਜ਼ਦੂਰਾਂ ਨੂੰ ਗ਼ਰੀਬ-ਰੇਖਾ ਤੋਂ ਹੇਠਾਂ ਵੱਲ ਧਕੇਲ ਦਿੱਤਾ। ਜੀ.ਐਸ.ਟੀ. ਕਾਹਲ ਵਿੱਚ ਲਾਗੂ ਕਰਨ ਨਾਲ ਕਾਰੋਬਾਰੀਆਂ ਦੇ ਕਾਰੋਬਾਰਾਂ ਨੂੰ ਤਾਂ ਧੱਕਾ ਪਹੁੰਚਾ ਹੀ, ਆਮ ਲੋਕਾਂ ਦਾ ਜਨ-ਜੀਵਨ ਵੀ ਪ੍ਰਭਾਵਿਤ ਹੋਇਆ । ਇੱਥੇ ਹੀ ਬੱਸ ਨਹੀਂ ਕੇਂਦਰ ਸਰਕਾਰ ਨੇ ਜੀ.ਐਸ.ਟੀ. ਉੱਤੇ ਲਗਾਏ ਸੈੱਸ ਦੀ ਦੁਰਵਰਤੋਂ ਕੀਤੀ। ਕੈਗ ਨੇ ਹੁਣੇ ਜਿਹੇ ਇੱਕ ਰਿਪੋਰਟ ਛਾਪੀ ਹੈ, ਜਿਸ ਅਨੁਸਾਰ ਕੇਂਦਰ ਸਰਕਾਰ ਨੇ ਨਿਯਮਾਂ ਦੀ ਉਲੰਘਣਾ ਕਰਦਿਆਂ 2017-18 ਤੇ 2018-19 ਵਿੱਚ ਜੀ.ਐਸ.ਟੀ. ਮੁਆਵਜ਼ੇ ਦੀ 47, 272 ਕਰੋੜ ਰੁਪਏ ਦੀ ਰਕਮ ਕੰਸੋਲੀਡੇਟਿਡ ਫੰਡ ਆਫ ਇੰਡੀਆ ( ਸੀ.ਐਫ. ਆਈ.) ਵਿੱਚ ਰੱਖੀ ਤੇ ਇਸ ਫੰਡ ਨੂੰ ਦੂਜੇ ਕੰਮਾਂ ਲਈ ਵਰਤਿਆ, ਜੋ ਕਿ ਜੀ.ਐਸ.ਟੀ. ਮੁਆਵਜ਼ਾ ਸੈੱਸ ਐਕਟ 2017 ਦੇ ਨਿਯਮਾਂ ਦੀ ਉਲੰਘਣਾ ਹੈ। ਕਾਨੂੰਨ ਮੁਤਾਬਿਕ ਕਿਸੇ ਵੀ ਸਾਲ ਵਿੱਚ ਜਮਾਂ ਕੀਤੇ ਗਏ ਕੁਲ ਸੈੱਸ ਨੂੰ ਜੀ.ਐਸ.ਟੀ. ਕੰਪਨ ਸੈਸ਼ਨ ਸੈੱਸ ਫੰਡ ਵਿੱਚ ਕਰੈਡਿਟ ਕੀਤਾ ਜਾਂਦਾ ਹੈ। ਇਹ ਪਬਲਿਕ ਅਕਾਊਂਟ ਦਾ ਹਿੱਸਾ ਹੈ ਅਤੇ ਇਸ ਦੀ ਵਰਤੋਂ ਰਾਜਾਂ ਨੂੰ ਜੀ.ਐਸ.ਟੀ. ਮਾਲੀਏ ਵਿੱਚ ਕਮੀ ਦੀ ਭਰਪਾਈ ਲਈ ਕੀਤੀ ਜਾਂਦੀ ਹੈ ਪਰ ਕੇਂਦਰ ਸਰਕਾਰ ਨੇ ਕੁਲ ਜੀ.ਐਸ.ਟੀ. ਸੈੱਸ ਨੂੰ ਜੀ.ਐਸ.ਟੀ. ਕੰਪਨ ਸੈਸ਼ਨ ਫੰਡ ਵਿੱਚ ਟਰਾਂਸਫਰ ਕਰਨ ਦੀ ਥਾਂ ਸੀ.ਐਫ.ਆਈ ਵਿੱਚ ਹੀ ਰੱਖਿਆ। ਪੰਜਾਬ ਸਮੇਤ ਕਈ ਰਾਜ ਸਰਕਾਰਾਂ ਜੀ.ਐਸ.ਟੀ. ਦੇ ਹਿੱਸੇ ਦੀ ਮੰਗ ਕਰਦੀਆਂ ਰਹੀਆਂ ਪਰ ਕੇਂਦਰ ਸਰਕਾਰ ਆਪਣੇ "ਥਾਣੇਦਾਰੀ" ਵਤੀਰੇ ਨੂੰ ਕਾਇਮ ਰੱਖਦਿਆਂ ਆਪਣੀਆਂ ਹੀ ਸ਼ਰਤਾਂ ਉੱਤੇ ਫੰਡ ਰਿਲੀਜ਼ ਕਰਨਾ ਜਾਂ ਕਰਜ਼ਾ ਦੇਣ ਲਈ ਸੂਬਿਆਂ ਨੂੰ ਫੰਡ ਰਿਲੀਜ਼ ਕਰਨ ਲਈ ਮੰਨੀ। ਅਸਲ ਵਿੱਚ ਤਾਂ ਕਰੋਨਾ ਆਫ਼ਤ ਦੇ ਸਮੇਂ ਜਿੱਥੇ ਸੂਬਿਆਂ ਦੀਆਂ ਸੰਵਿਧਾਨਕ ਸ਼ਕਤੀਆਂ ਦੀ ਸੰਘੀ ਘੁੱਟੀ ਗਈ, ਉੱਥੇ ਹੀ ਵਿੱਤੀ ਸੰਘੀ ਘੁੱਟ ਕੇ ਵਿਰੋਧੀ ਧਿਰ ਦੀਆਂ ਸਰਕਾਰਾਂ ਵਾਲੇ ਸੂਬਿਆਂ ਨੂੰ ਪ੍ਰੇਸ਼ਾਨ ਕਰਨ ਦਾ ਰੁੱਖ ਕੇਂਦਰ ਸਰਕਾਰ ਨੇ ਅਪਣਾਈ ਰੱਖਿਆ।

ਲੋੜੋਂ ਵੱਧ ਬਹੁਮਤ ਦੀ ਪ੍ਰਾਪਤੀ ਮੋਦੀ ਸਰਕਾਰ ਦੇ ਸਿਰ ਚੜ੍ਹਕੇ ਬੋਲਦੀ ਰਹੀ ਅਤੇ ਉਸ ਵੱਲੋਂ ਕਈ ਵਿਵਾਦਿਤ ਬਿੱਲ ਪਾਸ ਕਰਕੇ ਆਪਣੀਆਂ ਚੰਮ ਦੀ ਚੱਲਾਈਆਂ ਹਨ। ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਖ਼ਤਮ ਕਰ ਦਿੱਤੀ ਗਈ। ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਖੋਹਕੇ ਉਸਨੂੰ ਭਾਗਾਂ 'ਚ ਵੰਡ ਕੇ ਕੇਂਦਰ ਸ਼ਾਸ਼ਤ ਬਣਾ ਦਿੱਤਾ ਗਿਆ। ਪੰਜਾਬੀ ਬੋਲਦੇ ਜੰਮੂ-ਕਸ਼ਮੀਰ 'ਚ ਰਹਿੰਦੇ ਪੰਜਾਬੀ ਦਾ ਹੱਕ ਖੋਂਹਦਿਆਂ ਪੰਜਾਬੀ ਨੂੰ ਸਰਕਾਰੀ ਭਾਸ਼ਾਵਾਂ ਦੇ ਦਰਜੇ ਤੋਂ ਮਹਿਰੂਮ ਕਰ ਦਿੱਤਾ ਗਿਆ।

ਦੇਸ਼ ਦੀਆਂ ਘੱਟ ਗਿਣਤੀਆਂ ਦੀ ਪ੍ਰੇਸ਼ਾਨੀ ਵਧਾਉਂਦਿਆਂ ਅਤੇ ਭਾਰਤੀ ਸੰਵਿਧਾਨਕ ਦੀ ਮੂਲ ਭਾਵਨਾ ਨੂੰ ਅੱਖੋਂ-ਪਰੋਖੇ ਕਰਦਿਆਂ ਨਾਗਰਿਕਤਾ ਸੋਧ ਬਿੱਲ ਬਣਾ ਕੇ ਲੋਕਾਂ ਦੀ ਪ੍ਰੇਸ਼ਾਨੀ 'ਚ ਵਾਧਾ ਕੀਤਾ ਗਿਆ। ਆਪਣੇ ਹੱਕਾਂ ਲਈ ਸ਼ਾਹੀਨ ਬਾਗ ਦਿੱਲੀ ਅਤੇ ਹੋਰ ਥਾਵਾਂ ਉੱਤੇ ਡਟੇ ਘੱਟ ਗਿਣਤੀ ਲੋਕਾਂ ਉੱਤੇ ਪੁਲਿਸ ਤਸ਼ੱਦਦ ਕੀਤਾ ਗਿਆ। ਦਿੱਲੀ 'ਚ ਦੰਗੇ ਭੜਕੇ। ਦਰਜਨ ਭਰ ਸਿਆਸੀ ਨੇਤਾਵਾਂ ਉੱਤੇ ਦੰਗੇ ਭੜਕਾਉਣ ਦੇ ਦੋਸ਼ਾਂ ਤਹਿਤ ਦਿੱਲੀ ਪੁਲਿਸ ਵਲੋਂ ਐਫ.ਆਈ.ਆਰ. ਦਰਜ਼ ਕੀਤੀ ਗਈ। ਇੱਥੇ ਹੀ ਬੱਸ ਨਹੀਂ ਕਰੋਨਾ ਆਫ਼ਤ ਦੀ ਆੜ ਵਿੱਚ ਮਜ਼ਦੂਰਾਂ ਵਿਰੋਧੀ ਕਨੂੰਨਾਂ 'ਚ ਸੋਧਾਂ ਕਰਨ ਲਈ ਆਰਡੀਨੈਂਸ ਜਾਰੀ ਕੀਤੇ ਗਏ ਅਤੇ ਕਿਸਾਨਾਂ ਵਿਰੋਧੀ ਆਰਡੀਨੈਂਸ ਜੂਨ 2020 'ਚ ਜਾਰੀ ਕਰਕੇ, ਕਿਸਾਨਾਂ ਨੂੰ ਇਹਨਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਸੜਕਾਂ ਉੱਤੇ ਆਉਣ ਤੇ ਮਜਬੂਰ ਕਰ ਦਿੱਤਾ ਗਿਆ। ਕਾਰਪੋਰੇਟ ਸੈਕਟਰ ਅਤੇ ਵੱਡੇ ਵਪਾਰੀਆਂ ਹੱਥ ਜ਼ਮੀਨਾਂ ਸੌਂਪਣ ਦਾ ਰਾਹ ਪੱਧਰਾ ਕਰਨ ਲਈ ਇਹ ਆਰਡੀਨੈਂਸ ਕਾਨੂੰਨ ਬਣਾ ਦਿੱਤੇ ਗਏ ਹਨ। ਜ਼ਰੂਰੀ ਵਸਤਾਂ ਬਿੱਲ 'ਚ ਸੋਧ ਕਰਕੇ ਹਰ ਰੋਜ਼ ਵਰਤੋਂ ਵਾਲੀਆਂ ਵਸਤਾਂ ਨੂੰ ਜ਼ਖ਼ੀਰੇਬਾਜ਼ਾਂ ਹੱਥ ਫੜਾ ਦਿੱਤਾ ਗਿਆ ਅਤੇ ਲੋਕਾਂ ਦੀ ਲੁੱਟ ਦਾ ਰਾਹ ਪੱਧਰਾ ਕਰ ਦਿੱਤਾ ਗਿਆ ਹੈ। ਅਸਲ ਵਿੱਚ ਲੋਕਾਂ ਦੀ ਆਜ਼ਾਦੀ ਦੀ ਲੁੱਟ ਦੇ ਨਾਲ-ਨਾਲ ਲੰਮੇ ਸਮੇਂ ਤੋਂ ਮੋਦੀ ਸਰਕਾਰ ਲੋਕਾਂ ਦੇ ਸਾਧਨਾਂ ਦੀ ਵਿੱਤੀ ਲੁੱਟ ਕਰਨ ਤੇ ਤੁਲੀ ਹੋਈ ਹੈ ਅਤੇ ਦੇਸ਼ ਦਾ ਰਾਜ ਭਾਗ, ਇਲੈੱਕਟ੍ਰਾਨਿਕ ਮੀਡੀਆ ਅਡਾਨੀਆਂ, ਅੰਬਾਨੀਆਂ ਦੇ ਹੱਥ ਸੌਂਪਕੇ ਦੇਸ਼ ਦੇ ਲੋਕਾਂ ਨੂੰ ਗੁਲਾਮੀ ਦੀਆਂ ਜ਼ੰਜੀਰਾਂ 'ਚ ਜਕੜਨ ਦੇ ਰਾਹ ਤੋਰ ਰਹੀ ਹੈ।

ਦੇਸ਼ ਵਿੱਚ ਕੇਂਦਰੀਕਰਨ ਅਤੇ ਵਪਾਰੀਕਰਨ ਦੀ ਨੀਤੀ ਕੀ ਲੋਕ ਕਲਿਆਣਕਾਰੀ ਸਰਕਾਰਾਂ ਕਰ ਸਕਦੀਆਂ ਹਨ? ਸੰਵਿਧਾਨ ਦੇ ਆਸ਼ੇ ਦੇ ਉਲਟ ਜਾ ਕੇ ਕੀ ਲੋਕ ਹਿਤੈਸ਼ੀ ਸਰਕਾਰਾਂ ਆਪਣੀ ਨੀਤੀ ਘੜ ਸਕਦੀਆਂ ਹਨ? ਦੇਸ਼ ਦੇ ਹਾਕਮ ਟੋਲੇ ਵੱਲੋਂ ਨਵੀਂ ਸਿੱਖਿਆ ਨੀਤੀ ਦਾ ਜਿਸ ਢੰਗ ਨਾਲ ਵਪਾਰੀਕਰਨ ਕਰਦਿਆਂ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਦੇਸ਼ 'ਚ ਪੈਰ ਪਸਾਰਨ ਦਾ ਸੱਦਾ ਦਿੱਤਾ ਹੈ, ਕੀ ਉਹ ਜਾਇਜ਼ ਠਹਿਰਾਇਆ ਜਾ ਸਕਦਾ ਹੈ? ਕੀ ਰੇਲਵੇ ਸਮੇਤ ਏਅਰ ਇੰਡੀਆ ਅਤੇ ਹੋਰ ਸਰਕਾਰੀ ਸੰਸਥਾਵਾਂ ਨੂੰ ਪ੍ਰਾਈਵੇਟ ਕੰਪਨੀਆਂ ਹੱਥ ਸੌਂਪ, ਲੋਕਾਂ ਨੂੰ ਸਸਤੇ 'ਚ ਮਿਲਦੀਆਂ ਸੇਵਾਵਾਂ ਦਾ ਘਾਣ ਕਰਨਾ ਨਹੀਂ? ਰੇਲਵੇ ਦੇ ਨਿੱਜੀਕਰਨ ਕਰਦਿਆਂ ਸਫ਼ਾਈ ਮਜ਼ਦੂਰਾਂ ਦੀ ਵੱਡੀ ਗਿਣਤੀ ਨੂੰ ਬੇਰੁਜ਼ਗਾਰੀ ਵੱਲ ਧੱਕ ਦਿੱਤਾ ਗਿਆ। ਹੁਣ ਰੇਲਵੇ ਪ੍ਰੈੱਸ ਅਤੇ ਕਈ ਪਲੇਟਫ਼ਾਰਮ ਪ੍ਰਾਈਵੇਟ ਕੰਪਨੀਆਂ ਹੱਥ ਸੌਂਪੇ ਜਾ ਰਹੇ ਹਨ। ਆਮ ਲੋਕ, ਜਿਹਨਾ ਲਈ ਘੱਟ ਲਾਗਤ ਵਾਲੇ ਸਫ਼ਰ ਲਈ , ਜੋ ਰੇਲ ਸਫ਼ਰ ਸਹੂਲਤਾਂ ਦਿੱਤੀਆਂ ਗਈਆਂ ਕੀ ਇਹ ਖੋਹਣ ਦਾ ਕੋਝਾ ਯਤਨ ਨਹੀਂ?

ਕੇਂਦਰੀ ਲੁੱਟ-ਖਸੁੱਟ ਅਤੇ ਕਾਰਪੋਰੇਟ ਭਾਈਵਾਲੀ ਦੀ ਵੱਡੀ ਉਦਾਹਰਨ ਕਿਸਾਨ ਵਿਰੋਧੀ ਬਣ ਗਏ ਐਕਟ ਹਨ, ਜਿਹਨਾ ਨੇ ਕਿਸਾਨਾਂ ਖ਼ਾਸ ਕਰਕੇ ਪੰਜਾਬ, ਹਰਿਆਣਾ, ਯੂ.ਪੀ., ਮਹਾਰਾਸ਼ਟਰ, ਰਾਜਸਥਾਨ, ਉੜੀਸਾ ਦੇ ਕਿਸਾਨਾਂ ਦੀ ਹੋਣੀ ਹੀ ਬਦਲ ਦੇਣੀ ਹੈ। ਉਸ ਦੀਆਂ ਫ਼ਸਲਾਂ ਕਿਸਾਨਾਂ ਦੀ ਆਮਦਨ ਦੋ ਗੁਣੀ ਕਰਨ ਦਾ ਸਬਜ਼ ਬਾਗ ਵਿਖਾਕੇ, ਲੁੱਟਣ ਦਾ ਬੰਨ੍ਹ-ਛੁੱਬ ਕਰ ਦਿੱਤਾ ਹੈ। ਮੰਡੀਆਂ ਦਾ ਖ਼ਾਤਮਾ ਕਰਕੇ, ਸਰਕਾਰੀ ਖਰੀਦ ਤੋਂ ਹੱਥ ਖਿੱਚੇ ਗਏ ਹਨ। ਫ਼ਸਲਾਂ ਦੇ ਘੱਟ ਲਾਗਤ ਮੁੱਲ ਤੋਂ ਕਿਨਾਰਾ ਕੀਤਾ ਜਾ ਰਿਹਾ ਹੈ। ਕਿਸਾਨ ਜਿਹੜਾ ਪਹਿਲਾਂ ਹੀ ਘਾਟੇ ਦੀ ਖੇਤੀ ਕਰਦਾ ਹੈ, ਜਿਸ ਵਿੱਚ ਡਾ: ਸਵਾਮੀਨਾਥਨ ਦੀ ਰਿਪੋਰਟ ਚੋਣਾਂ ਤੋਂ ਪਹਿਲਾ ਲਾਗੂ ਕਰਨ ਦੇ ਲਾਗਤ ਮੁੱਲ ਤੋਂ ਉਪਰ 50 ਫ਼ੀਸਦੀ ਨਫੇ ਦੀ ਗੱਲ ਸ਼ਾਮਿਲ ਸੀ, ਤੋਂ ਕਿਨਾਰਾ ਕਰਕੇ ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਨੇਤਾ ਸ਼ਾਂਤਾ ਕੁਮਾਰ ਕਮੇਟੀ ਦੀ ਰਿਪੋਰਟ ਲਾਗੂ ਕਰਦਿਆਂ ਕਿਸਾਨਾਂ ਤੋਂ ਸਭੋ ਕੁਝ ਖੋਹਕੇ ਉਹਨਾ ਨੂੰ ਹੱਥਲ ਬਣਾ ਦਿੱਤਾ ਗਿਆ। ਕੀ ਇਹ ਕਿਸਾਨਾਂ ਦੇ ਖੇਤਾਂ ਨੂੰ "ਵੱਡਿਆਂ" ਕੋਲ ਜ਼ਮੀਨ "ਗਿਰਬੀ" ਕਰਨ ਦੀ ਸਾਜ਼ਿਸ਼ ਨਹੀਂ ਹੈ? ਮਗਰਮੱਛ ਦੇ ਹੰਝੂ ਵਹਾਉਂਦਿਆਂ ਇਹਨਾਂ ਕਾਨੂੰਨਾਂ ਨੂੰ ਕਿਸਾਨ ਪੱਖੀ ਗਰਦਾਨਿਆਂ ਜਾ ਰਿਹਾ ਹੈ ਅਤੇ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ, ਪਰ ਅਸਲ ਅਰਥਾਂ ਵਿੱਚ ਇਹ ਸਭ ਕੁਝ ਕਿਸਾਨੀ ਖ਼ਾਸ ਕਰਕੇ ਪੰਜਾਬ ਦੀ ਕਿਸਾਨੀ ਅਤੇ ਪੰਜਾਬ ਦੀ ਆਰਥਿਕਤਾ ਨੂੰ ਰੋਲਣ ਦੀ ਇੱਕ ਵੱਡੀ ਸਾਜ਼ਿਸ਼ ਹੈ।

ਕੇਂਦਰ ਸਰਕਾਰ ਨੇ ਪਿਛਲੇ ਸਾਲਾਂ ਵਿੱਚ ਕਾਰਪੋਰੇਟ ਜਗਤ ਨੂੰ ਕਿੰਨੀਆਂ ਸਹੂਲਤਾਂ ਦਿੱਤੀਆਂ? ਕਿੰਨੀਆਂ ਸਹੂਲਤਾਂ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਨੂੰ ਦਿੱਤੀਆਂ। ਕਿੰਨਾ ਕਰਜ਼ਾ ਕਾਰਪੋਰੇਟ ਜਗਤ ਦਾ ਮੁਆਫ਼ ਕੀਤਾ, ਇਹ ਕਹਿਕੇ ਕਿ ਇਹ ਕਰਜ਼ਾ ਚੁਕਾਉਣ ਦੇ ਕਾਬਲ ਨਹੀਂ ਹਨ, ਤੇ ਕਿੰਨਾ ਕਰਜ਼ਾ ਕਿਸਾਨਾਂ ਦਾ ਮੁਆਫ਼ ਕੀਤਾ? ਇਹ ਸਭ ਕੁਝ ਲੋਕ ਕਚਹਿਰੀ ਵਿੱਚ ਦਰਜ਼ ਹੈ। ਕਿਸਾਨਾਂ ਦੇ ਥੋੜ੍ਹੇ ਜਿਹੇ ਕਰਜ਼ੇ ਪਿੱਛੇ ਵਰੰਟ ਕੱਢੇ ਜਾਂਦੇ ਹਨ, ਪਰ ਵੱਡਿਆਂ ਦੇ ਕਰਜ਼ੇ ਹੀ ਮੁਆਫ਼ ਨਹੀਂ ਕੀਤੇ ਜਾਂਦੇ ਸਗੋਂ ਉਹਨਾ ਨੂੰ ਬੈਂਕਾਂ ਨਾਲ ਫਰਾਡ ਕਰਕੇ ਵਿਦੇਸ਼ ਭੱਜਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ। ਸਾਲ 2019 ਵਿੱਤੀ ਵਰ੍ਹੇ 'ਚ ਭਾਰਤੀ ਬੈਂਕਾਂ ਨੇ 2.54 ਲੱਖ ਕਰੋੜ ਦਾ ਕਾਰਪੋਰੇਟ ਕਰਜ਼ਾ ਨਾ ਮੋੜਨ ਯੋਗ ਸਮਝਦਿਆਂ ਮੁਆਫ਼ ਕੀਤਾ। ਪਰ ਕਿਸਾਨਾਂ ਦਾ ਕਰਜ਼ਾ ਕੇਂਦਰ ਸਰਕਾਰ ਨੇ ਮੁਆਫ਼ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ। ਜਦਕਿ ਸਾਲ 2020 ਦੇ ਪਹਿਲੇ ਮਹੀਨਿਆਂ 'ਚ ਜਦੋਂ ਕੋਵਿਡ-19 ਦਾ ਦੌਰ ਚੱਲ ਰਿਹਾ ਹੈ, ਸੀ.ਬੀ.ਆਈ. ਨੇ 14424 ਕਰੋੜ ਦੇ ਬੈਂਕ ਘਪਲੇ ਦੇ 40 ਕੇਸ ਫੜੇ ਹਨ। ਸਾਲ 2019 ਵਿੱਚ 71543 ਕਰੋੜ ਰੁਪਏ ਦੇ ਗਬਨ ਹੋਏ ਸਨ। ਦੂਜੇ ਲਫਜ਼ਾਂ ਵਿੱਚ ਲੋਕਾਂ ਦਾ ਪੈਸਾ ਲੁੱਟਿਆ ਜਾ ਰਿਹਾ ਹੈ। ਸਰਕਾਰ ਹੱਥ ਤੇ ਹੱਥ ਧਰਕੇ ਬੈਠੀ ਹੈ। ਉਸਨੂੰ ਚਿੰਤਾ ਆਪਣੀ ਵੋਟ ਬੈਂਕ ਪੱਕੀ ਕਰਨ ਦੀ ਹੈ। ਕਰੋਨਾ ਆਫ਼ਤ ਸਮੇਂ ਨਰੇਂਦਰ ਮੋਦੀ ਵਲੋਂ ਪੀ.ਐਮ,. ਕੇਅਰ ਫੰਡ ਸਥਾਪਤ ਕੀਤਾ ਗਿਆ, ਇਸ ਫੰਡ ਨੂੰ ਪ੍ਰਾਈਮ ਮਨਿਸਟਰ ਨੈਸ਼ਨਲ ਰਿਲੀਫ ਫੰਡ ਤੋਂ ਵੱਖਰਾ ਰੱਖਿਆ ਗਿਆ ਤਾਂ ਕਿ ਇਸ ਗੱਲ ਦੀ ਪੁੱਛਗਿੱਛ ਨਾ ਹੋਵੇ ਕਿ ਇਸ ਫੰਡ ਵਿਚੋਂ ਕਿੰਨੀ ਰਾਸ਼ੀ, ਕਿਥੇ ਤੇ ਕਿਸ ਲਈ ਖ਼ਰਚ ਕੀਤੀ ਗਈ। ਇਸ ਸਬੰਧੀ ਸਵਾਲ ਪੁੱਛਿਆ ਜਾਣਾ ਬਣਦਾ ਹੈ ਕਿ ਜਦੋਂ ਪੀ.ਐਮ. ਰਿਲੀਫ ਫੰਡ ਵਿੱਚ 500 ਮਿਲੀਅਨ ਡਾਲਰ ਦੀ ਰਕਮ ਅਣਵਰਤੀ ਪਈ ਸੀ, ਤਾਂ ਨਵਾਂ ਪੀ.ਐਮ. ਕੇਅਰ ਫੰਡ ਬਣਾਉਣ ਦੀ ਕੀ ਲੋੜ ਸੀ? ਸਵਾਲ ਤਾਂ ਇਹ ਵੀ ਕਰਨਾ ਬਣਦਾ ਹੈ ਕਿ ਇਸ ਫੰਡ ਦਾ ਆਡਿਟ ਨਾ ਕਰਨ ਦਾ ਪਰਾਵਾਧਾਨ ਕਿਉਂ ਕੀਤਾ ਗਿਆ ਹੈ? ਇਸ ਨਵੇਂ ਫੰਡ ਵਿੱਚ ਰੇਲਵੇ ਨੇ 151 ਕਰੋੜ, ਆਰਮੀ, ਨੇਵੀ, ਏਅਰ ਫੋਰਸ ਅਤੇ ਰੱਖਿਆ ਵਿਭਾਗ ਨੇ 500 ਕਰੋੜ ਦਿੱਤੇ ਹਨ ਅਤੇ ਵੱਡੀਆਂ ਰਕਮਾਂ ਕੰਪਨੀਆਂ ਵਲੋਂ ਇਸ ਫੰਡ 'ਚ ਆਈਆਂ ਹਨ। ਇਸ ਫੰਡ ਨੂੰ ਕੈਗ ਦੇ ਦਖ਼ਲ ਤੋਂ ਵਾਂਝਿਆਂ ਕਰਨਾ, ਕੀ ਕਿਸੇ ਵਿੱਤੀ ਦੁਰਵਰਤੋਂ ਵੱਲ ਇਸ਼ਾਰਾ ਨਹੀਂ ਕਰਦਾ? ਦੇਸ਼ ਅੱਜ ਜਦੋਂ ਕਰਾਹ ਕਰਾਹ ਕਰ ਰਿਹਾ ਹੈ। ਬੇਕਾਰੀ ਨੇ ਉਸਦੇ ਪੈਰ ਜਕੜ ਲਏ ਹਨ। ਦੇਸ਼ ਦੀ ਜੀ.ਡੀ.ਪੀ. ਮਾਈਨਸ 23 ਹੋ ਚੁੱਕੀ ਹੈ, ਉਸ ਵੇਲੇ ਦੇਸ਼ ਦੇ ਧੰਨ, ਸਾਧਨਾਂ-ਵਸੀਲਿਆਂ, ਲੋਕਾਂ ਦੀ ਆਜ਼ਾਦੀ-ਜਜ਼ਬਿਆਂ ਦੀ ਬੇ-ਖ਼ਬਰੀ ਲੁੱਟ ਦੇਸ਼ ਦੀ ਤਬਾਹੀ ਦਾ ਕਾਰਨ ਬਣੇਗੀ!

# ਪਿਆਰੇ ਦਾ ਪਿਆਰਾ



ਮੋਹਲੇ ਧਾਰ ਮੀਹ ਲਹਿ ਪਿਆ। ਇਸ ਉਜਾੜ ਬੀਆਬਾਨ ਵਿੱਚ ਚੌਫੇਰੇ ਕੋਈ ਸਿਰ ਲੁਕਾਈ ਨਹੀਂ ਸੀ। ਕੱਪੜੇ ਵੀ ਮੀਹ ਨਾਲ ਭਿਜ ਗਏ। ਨੰਗੇ ਪੈਰ ਸੀਤ ਵੀ ਪੈਰਾਂ ਨੂੰ ਚੁਭਣ ਲਗ ਪਈ। ਚਾਰ ਚੁਫੇਰੇ ਅੱਖਾਂ ਪਾੜ ਪਾੜ ਕੇ ਵੇਖਿਆ ਪਰ ਕੋਈ ਠਾਹਰ ਨਜ਼ਰ ਨਾ ਆਈ। ਆਖਰ ਇਸ ਉਜਾੜ ਬੀਆਬਾਨ ਵਿੱਚ ਇਕ ਗੁੰਬਜ ਜਿਹਾ ਦਿਸ ਪਿਆ। "ਡੁਬਦੇ ਨੂੰ ਤਿਨਕੇ ਦਾ ਸਹਾਰਾ" ਵਾਲੀ ਗੱਲ ਹੋਈ। ਡਰਦਾ ਡਰਦਾ ਅੰਦਰ ਜਾ ਵੜਿਆ। ਉਸ ਮੱਠ ਨੁਮਾ ਗੁੰਬਜ ਨੂੰ ਕੋਈ ਬੂਹਾ ਜਾਂ ਚੂਥੀ ਨਹੀਂ ਸੀ। ਫਿਰ ਵੀ ਮਸਾਂ ਬੈਠਣ ਜਾਂ ਗੋਡੇ ਸਿਧੇ ਕਰਨ ਜੋਗੀ ਥਾਂ ਸੀ, ਜਿਸ ਵਿੱਚ ਗਿੱਲੇ ਕੱਪੜੇ ਲਾਹ ਕੇ ਗੁੱਛਾ ਮੁੱਛਾ ਜਿਹਾ ਹੋਇਆ ਲੇਟ ਗਿਆ ਤੇ ਲੇਟਦੇ ਸਾਰ ਹੀ ਨੀਦ ਦੀ ਗੋਦ ਵਿੱਚ ਸਮਾ ਗਿਆ।

ਅਗਲੇ ਦਿਨ ਹਾਲੀ ਉਠਿਆ ਵੀ ਨਹੀਂ ਸੀ ਕਿ ਨਾਲ ਲਗਦੇ ਗਰਾਂ ਦੀ ਧੀ, ਮਾਂ ਦੀ ਲਾਡਲੀ, ਜਿਸ ਦਾ ਨਾਂ ਵੀਰੋ ਸੀ। ਰਾਠ ਸਰਦਾਰ ਮਾਪਿਆਂ ਦੀ ਇਕੋ ਇਕ ਧੀ ਸੀ। ਮੁੰਡਿਆਂ ਵਾਂਗ ਸਖੀਆਂ ਨਾਲ ਖੇਡਣਾ, ਘੋੜ ਸਵਾਰੀ ਕਰਨੀ, ਤੀਰ ਅੰਦਾਜੀ, ਤਲਵਾਰ ਅਤੇ ਨੇਜ਼ੇਬਾਜ਼ੀ ਕਰਨੀ। ਅੱਖੜ ਅਤੇ ਸੁਤੰਤਰ ਸੁਭਾ ਦੀ ਮਾਲਕ। ਨਾ ਡਰ ਨਾ ਖੌਫ। ਜੰਗਲ ਵਿੱਚ ਸ਼ਿਕਾਰ ਖੇਡਣਾ। ਖਿੱਦੋਖੂੰ, ਲੁਕਣ ਮੀਟੀ ਅਤੇ ਸਖੀਆਂ ਨਾਲ ਤਰ੍ਹਾਂ ਤਰ੍ਹਾਂ ਦੇ ਖੇਲ ਤਮਾਸ਼ੇ ਖੇਡਦੀ। ਸਰਦਾਰ ਦੀ ਧੀ ਹੋਣ ਕਰਕੇ ਕਿਸੇ ਦੀ ਕੀ ਮਜਾਲ ਜੋ ਉਸ ਵੱਲ ਅੱਖ ਪੁੱਟ ਕੇ ਵੀ ਵੇਖ ਜਾਵੇ। ਸਵੇਰ ਤੋਂ ਸ਼ਾਮ ਤਕ ਹੱਸਣਾ, ਖੇਡਣਾ ਤੇ ਖਾਣਾ।




ਮੋਹਨ ਸਿੰਘ ਵਿਰਕ
ਸਿਡਨੀ (ਆਸਟਰੇਲੀਆ)
ਫੋਨ: +610409660701


ਮੌਜਾਂ ਵਿੱਚ ਤੱਪੇ ਨਗਰ ਵਿੱਚ ਦੌੜਨਾ ਅਤੇ ਮੌਜ ਮਸਤੀ ਕਰਨੀ। ਇਹੋ ਹੀ ਉਸ ਦੀ ਨਿਤ ਕਿਰਿਆ ਸੀ। ਅੱਜ ਸਵੇਰੇ ਉਠਦੇ ਸਾਰ ਸਖੀਆਂ ਨਾਲ ਰਲ਼ ਕੇ, ਘੋੜੇ ਤੇ ਮਾਰ ਪਲਾਕੀ ਅਹੁ ਗਈ ਅਹੁ ਗਈ। ਨਦੀ ਕਿਨਾਰੇ ਪੁੱਜ ਕੇ ਕੁਦਰਤ ਵਾਲੇ ਦੀ ਕੁਦਰਤ ਨੂੰ ਵੇਖ ਕੇ ਮੁਗਧ ਹੋ ਗਈ।ਨਦੀ ਦਾ ਕਿਨਾਰਾ, ਹਰਿਆਲੀ,ਕੁਦਰਤੀ ਉਗੇ ਹੋਏ ਫੁਲਾਂ ਦੀ ਮਸਤੀ ਭਰੀ ਖੁਸ਼ਬੂ, ਉਤੋਂ ਕੁਦਰਤ ਦੀ ਦੇਣ, ਮਸਤੀ ਭਰੀ ਠੰਡੀ ਠੰਡੀ ਪਵਨ ਤਪਦੇ ਦਿਲਾਂ ਨੂੰ ਮੋਹ ਲੈਣ ਵਾਲੀ ਠੰਡਕ ਭਰੀ ਹਵਾ ਦੇ ਨਿੰਮੇ ਨਿੰਮੇ ਹੁਲਾਰੇ ਮਹਿਸੂਸ ਹੁੰਦੇ। ਮਨ ਮੁਗਧ ਕਰਨ ਵਰਗਾ ਸਰੂਰ। ਉਤੋਂ ਪੰਛੀਆਂ ਦੀ ਮਿਠਾਸ ਭਰੀ ਚੂੰ ਚੂੰ ਦੀ ਆਵਾਜ਼। ਪਰਭਾਤ ਵੇਲੇ ਦੇ ਮਨ ਮੋਹਕ ਬੋਲ ਅਤੇ ਨਦੀ ਦੇ ਵਗਦੇ ਜਲ ਦੀਆਂ ਮਸਤੀ ਭਰੀਆਂ ਤਰੰਗਾਂ ਦੀ ਸ਼ਾਂ ਸ਼ਾਂ, ਹੋਰ ਵੀ ਮਨ ਮੋਹ ਰਹੀਆਂ ਸਨ। ਇਹ ਸਭ ਵੇਖ ਕੇ ਵੀਰੋ ਸਾਰੀਆਂ ਸਖੀਆਂ ਸਮੇਤ ਨਦੀ ਵਿੱਚ ਵੜ ਗਈ। ਪਾਣੀ ਨਾਲ ਖੇਡ ਤਮਾਸ਼ਾ, ਤੇ ਕਲੋਲ ਕਰਦੀਆਂ ਥੱਕ ਟੁਟ ਕੇ ਨਦੀ ਤੋਂ ਬਾਹਰ ਆ ਗਈਆਂ। ਕਪੜੇ ਪਾਏ ਅਤੇ ਫਿਰ ਘੋੜਿਆਂ ਤੇ ਚੜ੍ਹ ਕੇ ਸ਼ਿਕਾਰ ਖੇਡਣ ਤੁਰ ਪਈਆਂ। ਬਹੁਤ ਦੂਰੋਂ ਉਹਨਾਂ ਨੂੰ ਭੁਲਾਵਾ ਜਿਹਾ ਪਿਆ ਕਿ ਚਿਤਰਾ ਬੈਠਾ ਹੈ। ਕੋਈ ਸਖੀ ਕਹੇ ਚਿਤਰਾ ਹੈ। ਕੋਈ ਕਹੇ ਪਾਹੜਾ ਨਾਮੀ ਹਰਨ ਹੈ। ਕੋਈ ਸ਼ੇਰ, ਕੋਈ ਬਘਿਆੜ ਕੋਈ ਕੁਝ ਹੋਰ ਦੱਸੇ ਪਰ ਕੋਈ ਵੀ ਤਸੱਲੀ ਬਖਸ਼ ਨਾ ਦੱਸ ਸਕਿਆ। ਆਖਰ ਵੀਰੋ ਨੇ ਦਿਲ ਪੀਡਾ ਕਰ ਕੇ ਤੀਰ ਦਾ ਨਿਸ਼ਾਨਾ ਸਾਧਿਆ। ਜਦ ਚਲਾਉਣ ਲੱਗੀ ਤਾਂ ਪਹਿਲੀ ਵਾਰੀ ਜੀ ਵਿੱਚ ਕੁਝ ਹੋਇਆ। ਉਹ ਤੜਫੀ ਵੀ ਪਰ ਤੀਰ ਚਲ ਗਿਆ ਅਤੇ ਠੀਕ ਨਿਸ਼ਾਨੇ ਤੇ ਜਾ ਲੱਗਾ। ਜਿਸ ਨੂੰ ਤੀਰ ਵੱਜਾ ਉਹ ਉਠਿਆ ਨਹੀਂ, ਬੱਸ ਓਥੇ ਹੀ ਦੋ ਕੁ ਭਵਾਟਣੀਆਂ ਲੈ ਕੇ ਬੇਹਾਲ ਹੋ ਗਿਆ। ਜਾਂ ਉਹ ਓਥੇ ਪਹੁੰਚੀਆਂ ਤਾਂ ਵੀਰੋ ਦੀ ਦਰਦ ਭਰੀ ਆਵਾਜ਼ ਵਿਚੋਂ ਨਿਕਲਿਆ,"ਹਾਏ ਰੱਬਾ, ਇਹ ਕੀ ਕਰ ਦਿਤਾ?" ਉਹ ਤਾਂ ਇਕ ਆਦਮੀ ਸੀ। ਖ਼ੂਬਸੂਰਤ ਪ੍ਰਭਾਵਸ਼ਾਲੀ ਚੇਹਰਾ। ਅੱਖਾਂ ਵਿੱਚ ਅਨੋਖੀ ਚਮਕ। ਚੇਹਰੇ ਦਾ ਜਲਾਲਇਵੇਂ, ਜਿਵੇਂ ਕਿਸੇ ਰੱਬੀ ਰੂਹ ਦੇ ਦਰਸ਼ਨ ਹੋ ਗਏ ਹੋਣ!"ਤੀਰ ਤਾਂ ਉਸ ਬੇਕਸੂਰ ਨੂੰ ਵੱਜਾ ਹੈ ਪਰ ਵਿੰਨ੍ਹੀ ਮੈਂ ਆਪ ਗਈ ਹਾਂ।ਹਾਏ, ਹੁਣ ਮੈ ਕੀ ਕਰਾਂ?ਤੀਰ ਚਲਾਉਂਦੇ ਵਕਤ ਵੀ ਮੇਰੇ ਜੀ ਨੂੰ ਕੁਝ ਹੋਇਆ ਸੀ ਪਰ ਪਤਾ ਨਹੀਂ ਉਹ ਕੀ ਸੀ? ਮੈਂ ਭੱਜ ਕੇ ਉਸ ਦੇ ਕੋਲ਼ ਗਈ। ਉਸ ਦੀ ਹਾਲਤ ਦੇਖ ਕੇ ਮੈਂ ਬੇਬਸ ਹੋ ਗਈ ਮੇਰੇ ਹੱਥ ਜੁੜ ਗਏ। ਮੇਰਾ ਅਝੁਕ ਸਿਰ ਉਸ ਅੱਗੇ ਝੁਕ ਗਿਆ। ਮੈਂ ਉਸ ਦੇ ਅੱਗੇ ਬੇਸੁਧੀ ਜਹੀ ਹਾਲਤ ਵਿੱਚ ਡਿਗ ਪਈ। ਮੇਰੀਆਂ ਅੱਖਾਂ ਵਿੱਚੋਂ ਛਮ ਛਮ ਨੀਰ ਵਹਿ ਰਿਹਾ ਸੀ।ਉਸ ਮੋਹਨੀ ਸੂਰਤ ਦੇ ਸਰੀਰ ਵਿੱਚ ਤੀਰ ਵੱਜਣ ਵਾਲੀ ਥਾਂ ਵਿੱਚੋਂ ਲਹੂ ਦੀ ਧਾਰ ਵਹਿ ਰਹੀ ਸੀ। ਮੈਂ ਰੋਈ, ਕੰਬੀ। ਆਪਣੇ ਹੱਥਾਂ ਨਾਲ ਉਸ ਤੀਰ ਨੂੰ ਕੱਢਿਆ ਅਤੇ ਜ਼ਖਮ ਤੇ ਹੱਥ ਰੱਖ ਕੇ ਘੁਟ ਕੇ ਫੜਿਆ ਤਾਂ ਜੋ ਲਹੂ ਰੁਕ ਜਾਵੇ। ਮੇਰੀ ਇਹ ਤਰਸ ਭਰੀ ਹਾਲਤ ਵੇਖ ਕੇ ਸਖੀਆਂ ਨਗਰ ਵੱਲ ਭਜੀਆਂ।ਮੈ ਬੜੀ ਕੋਸ਼ਿਸ਼ ਕੀਤੀ ਕਿ ਉਹ ਅੱਖਾਂ ਖੋਹਲ ਦੇਵੇ ਪਰ ਸਭ ਬਿਅਰਥ। ਮੈਂ ਨਿਮਾਣੀ ਉਸ ਤੇ ਕੁਰਬਾਨ ਹੋ ਗਈ ਸਾਂ। ਤੜਫ ਉਠੀ। ਆਪਣੇ ਕੀਤੇ ਤੇ ਪਛਤਾ ਰਹੀ ਸਾਂ ਪਰ ਕੀ ਕਰਾਂ ਕੁਝ ਸਮਝ ਨਹੀਂ ਆ ਰਹੀ ਸੀ। ਏਨੇ ਨੂੰ ਉਸ ਮੋਹਨੀ ਸੂਰਤ ਵਾਲੇ ਦੇ ਬੁਲ੍ਹ ਖੁਲ੍ਹੇ ਪਰ ਮੈਂ ਸਮਝ ਨਾ ਸਕੀ ਕਿ ਉਸ ਨੇ ਕੀ ਕਿਹਾ ਹੈ। ਮੈਨੂੰ ਜੋ ਬੋਲ ਚੇਤੇ ਹਨ ਉਹ ਸਨ "ਸ੍ਰੀ - ਵਾ - ਹ ਗੁ - ਰੂ" ਕਹਿ ਕੇ ਫਿਰ ਅੱਖਾਂ ਮੀਟ ਲਈਆਂ। ਏਨੇ ਨੂੰ ਮੇਰੇ ਪਿਤਾ, ਮਾਤਾ, ਹਕੀਮ, ਵੈਦ ਤੇ ਕਈ ਦਾਸ ਵੀ ਆ ਗਏ। ਮੇਰੀ ਹਾਲਤ ਵੇਖ ਕੇ ਮੇਰੇ ਪਿਤਾ ਅਤੇ ਮਾਤਾ ਪਹਿਲੀ ਵਾਰੀ ਹੱਸੇ ਨਹੀਂ

ਅਗਲੇ ਦਿਨ ਹਾਲੀ ਉਠਿਆ ਵੀ ਨਹੀਂ ਸੀ ਕਿ ਨਾਲ ਲਗਦੇ ਗਰਾਂ ਦੀ ਧੀ, ਮਾਂ ਦੀ ਲਾਡਲੀ, ਜਿਸ ਦਾ ਨਾਂ ਵੀਰੋ ਸੀ। ਰਾਠ ਸਰਦਾਰ ਮਾਪਿਆਂ ਦੀ ਇਕੋ ਇਕ ਧੀ ਸੀ। ਮੁੰਡਿਆਂ ਵਾਂਗ ਸਖੀਆਂ ਨਾਲ ਖੇਡਣਾ, ਘੋੜ ਸਵਾਰੀ ਕਰਨੀ, ਤੀਰ ਅੰਦਾਜ਼ੀ, ਤਲਵਾਰ ਅਤੇ ਨੇਜ਼ੇਬਾਜ਼ੀ ਕਰਨੀ। ਅੱਖੜ ਅਤੇ ਸੁਤੰਤਰ ਸੁਭਾ ਦੀ ਮਾਲਕ। ਨਾ ਡਰ ਨਾ ਖੌਫ। ਜੰਗਲ ਵਿੱਚ ਸ਼ਿਕਾਰ ਖੇਡਣਾ। ਖਿੱਦੋਖੂੰ, ਲੁਕਣ ਮੀਟੀ ਅਤੇ ਸਖੀਆਂ ਨਾਲ ਤਰ੍ਹਾਂ ਤਰ੍ਹਾਂ ਦੇ ਖੇਲ ਤਮਾਸ਼ੇ ਖੇਡਦੀ। ਸਰਦਾਰ ਦੀ ਧੀ ਹੋਣ ਕਰਕੇ ਕਿਸੇ ਦੀ ਕੀ ਮਜਾਲ ਜੋ ਉਸ ਵੱਲ ਅੱਖ ਪੁੱਟ ਕੇ ਵੀ ਵੇਖ ਜਾਵੇ। ਸਵੇਰ ਤੋਂ ਸ਼ਾਮ ਤਕ ਹੱਸਣਾ, ਖੇਡਣਾ ਤੇ ਖਾਣਾ। ਮੌਜਾਂ ਵਿੱਚ ਤੱਪੇ ਨਗਰ ਵਿੱਚ ਦੌੜਨਾ ਅਤੇ ਮੌਜ ਮਸਤੀ ਕਰਨੀ। ਇਹੋ ਹੀ ਉਸ ਦੀ ਨਿਤ ਕਿਰਿਆ ਸੀ। ਅੱਜ ਸਵੇਰੇ ਉਠਦੇ ਸਾਰ ਸਖੀਆਂ ਨਾਲ ਰਲ਼ ਕੇ, ਘੋੜੇ ਤੇ ਮਾਰ ਪਲਾਕੀ ਅਹੁ ਗਈ ਅਹੁ ਗਈ। ਨਦੀ ਕਿਨਾਰੇ ਪੁੱਜ ਕੇ ਕੁਦਰਤ ਵਾਲੇ ਦੀ ਕੁਦਰਤ ਨੂੰ ਵੇਖ ਕੇ ਮੁਗਧ ਹੋ ਗਈ।ਨਦੀ ਦਾ ਕਿਨਾਰਾ, ਹਰਿਆਲੀ,ਕੁਦਰਤੀ ਉਗੇ ਹੋਏ ਫੁਲਾਂ ਦੀ ਮਸਤੀ ਭਰੀ ਖੁਸ਼ਬੂ, ਉਤੋਂ ਕੁਦਰਤ ਦੀ ਦੇਣ, ਮਸਤੀ ਭਰੀ ਠੰਡੀ ਠੰਡੀ ਪਵਨ ਤਪਦੇ ਦਿਲਾਂ ਨੂੰ ਮੋਹ ਲੈਣ ਵਾਲੀ ਠੰਡਕ ਭਰੀ ਹਵਾ ਦੇ ਨਿੰਮੇ ਨਿੰਮੇ ਹੁਲਾਰੇ ਹਿਸੂਸ ਹੁੰਦੇ। ਮਨ ਮੁਗਧ ਕਰਨ ਵਰਗਾ ਸਰੂਰ। ਉਤੋਂ ਪੰਛੀਆਂ ਦੀ ਮਿਠਾਸ ਭਰੀ ਚੂੰ ਚੂੰ ਦੀ ਆਵਾਜ਼। ਪਰਭਾਤ ਵੇਲੇ ਦੇ ਮਨ ਮੋਹਕ ਬੋਲ ਅਤੇ ਨਦੀ ਦੇ ਵਗਦੇ ਜਲ ਦੀਆਂ ਮਸਤੀ ਭਰੀਆਂ ਤਰੰਗਾਂ ਦੀ ਸ਼ਾਂ ਸ਼ਾਂ, ਹੋਰ ਵੀ ਮਨ ਮੋਹ ਰਹੀਆਂ ਸਨ।

ਉਦਾਸ ਹੋ ਗਏ।ਵੈਦ ਤੇ ਹਕੀਮ ਦੌੜ ਕੇ ਆਏ ਅਤੇ ਜ਼ਖਮੀ ਥਾਂ ਤੋਂ ਮੇਰਾ ਹੱਥ ਹਟਾ ਕੇ ਮਲ੍ਹਮ ਪੱਟੀ ਕਰਨ ਲਗ ਪਏ। ਮੇਰੇ ਪਿਤਾ ਨੇ ਮੈਨੂੰ ਗਲਵਕੜੀ ਵਿੱਚ ਲੈ ਕੇ ਕਿਹਾ,"ਰਾਠ ਪਿਓ ਦੀਏ ਬੱਚੀਏ, ਇਹ ਕੀ ਹੋ ਗਿਆ?ਤੇਰਾ ਦਿਲ ਤਾਂ ਏਨਾ ਕਮਜੋਰ ਨਹੀਂ ਸੀ!" "ਮੈਂ ਪਿਤਾ ਨੂੰ ਤੜਫਦੀ ਆਵਾਜ਼ ਵਿੱਚ ਕਿਹਾ,"ਇਸ ਨੂੰ ਬਚਾ ਲਵੋ।"

ਆਖਰ ਉਸ ਦੀ ਮਲ੍ਹਮ ਪੱਟੀ ਹੋ ਗਈ। ਮੇਰੇ ਕਹੇ ਤੇ ਉਸ ਨੂੰ ਡੋਲੇ ਵਿੱਚ ਪਾ ਕੇ ਨਗਰ ਨੂੰ ਲੈ ਤੁਰੇ। ਮੈਂ ਆਪਣੇ ਸੌਣ ਵਾਲੇ ਥਾਂ ਉਸ ਦਾ ਡੇਰਾ ਕਰਾਇਆ। ਉਸ ਦੀ ਟਹਿਲ ਸੇਵਾ ਕੀਤੀ ਪਰ ਉਸ ਦੀ ਅੱਖ ਨਾਂ ਖੁਲ੍ਹੀ। ਆਖਰ ਤੀਜੇ ਦਿਨ ਅੱਧੀ ਰਾਤ ਵੇਲੇ ਉਸ ਦੇ ਬੁਲ੍ਹ ਖੁਲ੍ਹੇ ਅਤੇ ਆਵਾਜ ਆਈ,"ਧੰ-ਨ-ਗੁ-ਰੂ-ਨਾ-ਨ-ਕ ਅਤੇ ਨੇਤਰ ਫਿਰ ਬੰਦ ਹੋ ਗਏ। ਕੋਈ ਚੌਥੇ ਦਿਨ ਫਿਰ ਅਵਾਜ ਆਈ:

*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ।*

ਮੈਂ ਨਿਮਾਣੀ ਫਿਰ ਨਾ ਸਮਝ ਸਕੀ। ਬੱਸ ਏਹੋ ਹੀ ਸਮਝ ਪਈ ਕਿ ਮੈਂ ਮੰਦਾ ਕੀਤਾ ਹੈ। ਮੈਨੂੰ ਇਹ ਨਹੀਂ ਸੀ ਕਰਨਾ ਚਾਹੀਦਾ। ਮੈਂ ਤੀਰ ਮਾਰ ਕੇ ਪਾਪ ਕੀਤਾ ਹੈ। ਉਸ ਦੇ ਫਿਰ ਬੁਲ੍ਹ ਖੁਲ੍ਹੇ ਤੇ ਕਹਿਣ ਲਗੇ,"ਤੁਸਾਂ ਬਹੁਤ ਸੇਵਾ ਕੀਤੀ ਹੈ। ਤੀਰ ਤਾਂ ਮੈਨੂੰ ਮੇਰੇ ਪਾਪਾਂ ਨੇ ਮਾਰਿਆ ਹੈ।ਰਾਜੀ ਰਹੋ।" ਇਹ ਕਹਿ ਕੇ ਉਹ ਫਿਰ ਸੌਂ ਗਿਆ। ਮੈਂ ਨਿਮਾਣੀ ਉਸ ਦੇ ਪਿਆਰ ਵਿੱਚ ਗੜੁੱਚ ਹੋ ਗਈ।

ਇਕ ਦਿਨ ਦੁਪਹਿਰੇ ਜਦ ਮੈਂ ਘਰ ਆਈ। ਰੋਟੀ ਖਾਦੀ ਤੇ ਲੇਟ ਗਈ ਅੰਮੀ ਨੇ ਜਾਤਾ ਮੈਂ ਸੌਂ ਗਈ ਹਾਂ। ਬਾਪੂ ਜੀ ਕਹਿਣ ਲਗੇ,"ਕਾਕੀ ਸਿਆਣੀ ਹੋ ਗਈ ਹੈ; ਇਸ ਦਾ ਕਾਰਜ ਕਰ ਦੇਣਾ ਚਾਹੀਦਾ ਹੈ।ਨਾਲੇ ਸਾਡੇ ਕੋਲ ਇਸ ਤੋਂ ਸਿਵਾ ਹੋਰ ਕੋਈ ਬੇਟਾ ਵੀ ਨਹੀਂ ਹੈ, ਕੌਣ ਸੰਭਾਲੇਗਾ ਇਹ ਸਰਦਾਰੀ? ਇਹ ਰੁਤਬਾ, ਇਹ ਸਰਦਾਰੀ ਸ਼ਰੀਕ ਭੰਗ ਦੇ ਭਾੜੇ ਹੀ ਲੈ ਜਾਣਗੇ!"

ਬਾਪੂ ਦੇ ਜਾਣ ਤੋਂ ਬਾਅਦ ਮੈਂ ਅੰਮੀ ਨੂੰ ਕਿਹਾ,"ਮੇਰੀ ਪਿਆਰੀ ਅੰਮੀ ਜੀ, ਜਦੋਂ ਤੁਸੀਂ ਮੇਰੇ ਕਾਰਜ ਦੀ ਗੱਲ ਕਰ ਰਹੇ ਸੀ, ਮੈਂ ਜਾਗਦੀ ਸੀ। ਅੰਮੀ ਜੀ, ਮੇਰਾ ਫਿਕਰ ਕਰਨਾ ਛੱਡ ਦਿਓ। ਮੈਂ ਆਪਣੇ ਪਿਆਰੇ ਦੀ ਹੋ ਚੁੱਕੀ ਹਾਂ। ਕਿਸੇ ਹੋਰ ਦੇ ਬਾਰੇ ਸੋਚਣਾ ਵੀ ਮੇਰੇ ਵਾਸਤੇ ਪਾਪ ਹੈ। ਠੀਕ ਹੈ ਮੇਰੀ ਬੱਚੀ; ਜਿਵੇਂ ਤੂੰ ਖੁਸ਼ ਹੈਂ ਸਾਡੀ ਖੁਸ਼ੀ ਵੀ ਤੇਰੇ ਨਾਲ ਹੀ ਹੈ।" ਇਹਨਾਂ ਜੋੜ ਧਕਿਆਂ ਵਿੱਚ ਗੁਰੂ ਸਾਹਿਬਾਂ ਦੇ

ਹੁਕਮ ਅਤੇ ਭਾਣੇ ਵਿੱਚ ਉਹ ਗੁਰੂ ਦਾ ਪਿਆਰਾ, ਪਿਆਰੇ ਦਾ ਪਿਆਰਾ ਸਦਾ ਲਈ ਅੱਖਾਂ ਮੀਟ ਗਿਆ। ਮੈਂ ਹੋਰ ਉਦਾਸ ਹੋ ਗਈ। ਬੱਸ ਘਰ ਤੋਂ ਮੱਠ ਤਕ ਜਾਣਾ। ਰਾਤ ਨੂੰ ਘਰ ਆ ਜਾਣਾ। ਉਦਾਸ ਚਿੱਤ ਦਿਨ ਕਟੀ ਹੋਣ ਲੱਗੀ। ਇਕ ਦਿਨ ਮੱਠ ਵਿੱਚ ਅੱਖ ਲਗ ਗਈ। ਖਿਆਲਾਂ ਵਿੱਚ ਪਿਆਰੇ ਦੇ ਦੀਦਾਰ ਹੋ ਗਏ। ਉਹਨਾਂ ਕਿਹਾ,"ਫਿਕਰ ਨਾ ਕਰ। ਤੇਰੇ ਪਿਆਰੇ ਦਾ ਪਿਆਰਾ ਇਕ ਦਿਨ ਤੁਹਾਡੇ ਗਿਰਾਂ ਆਵੇਗਾ ਤੇ ਰਹਿਮਤਾਂ ਦੀ ਦਾਤ ਤੇਰੀ ਝੋਲੀ ਵਿੱਚ ਪਾ ਦੇਵੇਗਾ।" ਮੈਂ ਬੇਨਤੀ ਕੀਤੀ,"ਮੇਰੇ ਚੰਗੇ ਪਿਆਰੇ ਜੀਓ, ਮੈਂ ਤੁਹਾਡੀ ਯਾਦ ਵਿੱਚ ਸੁਖੀ ਹਾਂ। ਮੇਰੀ ਮਾਂ ਨੂੰ ਮੇਰਾ ਇਕ ਵੀਰ ਭੇਜ ਦਿਓ ਤਾਂ ਜੋ ਉਹ ਵੀ ਸੁਖੀ ਹੋ ਜਾਵੇ।" "ਫਿਕਰ ਨਾ ਕਰ। ਗੁਰੂ ਭਲੀ ਕਰੇਗਾ।" ਬੱਸ ਫਿਰ ਕੀ ਸੀ, ਵੀਰੋ ਇਹ ਸੁਣ ਕੇ ਨਿਹਾਲ ਹੋ ਗਈ ਅਤੇ ਘਰ ਆਕੇ ਦਸਿਆ,"ਅੰਮੀ, ਫਿਕਰ ਨਾ ਕਰ। ਚੰਗੇ ਦਿਨ ਸ਼ੁਰੂ ਹੋ ਗਏ ਹਨ। ਸਾਡੇ ਘਰ ਵੀਰ ਜੀ ਆ ਰਹੇ ਹਨ।" ਇਹ ਗਲ ਸੁਣ ਕੇ ਅੰਮੀ ਅਤੇ ਬਾਪੂ ਦੋ ਚਿਤਾਂ ਵਿੱਚ ਪੈ ਗਏ ਕਿ ਕੁੜੀ ਕੀ ਕਹਿ ਰਹੀ ਹੈ। ਗੱਲ ਆਈ ਗਈ ਹੋ ਗਈ। ਏਸੇ ਤਰ੍ਹਾਂ ਇਕ ਵਰ੍ਹਾ ਹੋਰ ਲੰਘ ਗਿਆ। ਸੱਚੀਂ ਮੁੱਚੀਂ ਮਾਂ ਦੇ ਉਜੜੇ ਗੁਲਜ਼ਾਰ ਵਿੱਚ ਬਹਾਰ ਆ ਗਈ। ਮਾਂ ਦੀ ਕੁੱਖ ਹਰੀ ਹੋ ਗਈ।ਠੀਕ ਸਮਾ ਲੰਘਣ ਤੋਂ ਬਾਅਦ ਸਾਡੇ ਘਰ ਇਕ ਵੀਰ ਜੀ ਆ ਗਏ।ਰੱਬ ਨੇ ਛੱਪਰ ਪਾੜ ਕੇ ਰਹਿਮਤਾਂ ਕਰ ਦਿਤੀਆਂ। ਇਲਾਕੇ ਦੇ ਸਰਦਾਰ ਦਾ ਵਾਰਸ ਆ ਗਿਆ। ਵੀਰ ਦੇ ਆਉਣ ਨਾਲ ਖੁਸ਼ੀਆਂ ਦੇ ਅੰਬਾਰ ਲੱਗ ਗਏ। ਸਾਰੇ ਇਲਾਕੇ ਵਿੱਚ ਲੱਡੂ ਵੰਡੇ ਗਏ।ਗਰੀਬਾਂ ਨੂੰ ਦਾਨ ਪੁਨ ਕੀਤੇ ਗਏ। ਗੁਰੂ ਸਾਹਿਬਾਂ ਦੇ ਸ਼ੁਕਰਾਨੇ ਲਈ ਅਖੰਡ ਪਾਠ ਸਾਹਿਬ ਕਰਵਾ ਕੇ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਗਈਆਂ। ਪਿਆਰੇ ਦੇ ਬਖਸ਼ਿਸ਼ ਕੀਤੇ ਹੋਏ ਵਰਦਾਨ ਦਾ ਸ਼ੁਕਰਾਨਾ ਕੀਤਾ। ਵੀਰ ਜੀ ਦੇ ਆਉਣ ਨਾਲ ਮਾਪਿਆਂ ਦੇ ਜੀ ਵਿੱਚੋਂ ਮੇਰੇ ਵਹਿਮਣ ਹੋਣ ਦਾ ਭੁਲੇਖਾ ਦੂਰ ਹੋ ਗਿਆ, ਸਗੋਂ ਘਰ ਵਿੱਚ ਆਖਣ ਕਿ ਕਾਕੀ ਤਾਂ ਦੇਵੀ ਜਾਪਦੀ ਹੈ।

ਇਕ ਦਿਨ ਮੇਰੀ ਅੰਮੀ ਤੇ ਬਾਪੂ ਨੇ ਕਿਹਾ,"ਕਾਕੀ, ਤੇਰੀ ਅਰਜੋਈ ਨਾਲ ਸਾਡਾ ਉਜੜਿਆ ਗੁਲਜ਼ਾਰ ਆਬਾਦ ਹੋ ਗਿਆ ਹੈ। ਇਕ ਹੋਰ ਬੇਨਤੀ ਹੈ ਦੇਵੀ ਕਾਕੀ ਅੱਗੇ" "ਬਾਪੂ ਜੀ, ਦੇਵੀ ਨਾ ਕਹੋ। ਮੈਂ ਤੁਹਾਡੀ ਧੀ ਹਾਂ। ਆਪਣੀ ਧੀ ਹੀ ਰਹਿਣ ਦਿਓ। ਮੇਰੇ ਵਾਸਤੇ ਕੀ ਹੁਕਮ ਹੈ, ਦੱਸਣ ਦੀ ਕਿਰਪਾ ਕਰੋ।" "ਪੁੱਤਰੀ, ਜਿਵੇਂ ਤੂੰ ਆਪਣੇ ਪਿਆਰੇ ਦੀ ਯਾਦ ਵਿੱਚ ਰੰਗੇਤੜੀ ਹੋਈ ਪਈ ਹੈਂ ਸਾਡੀ ਮਨਸ਼ਾ ਹੈ ਜੇ ਕਿਤੇ ਤੇਰੇ ਪਿਆਰੇ ਦਾ ਪਿਆਰਾ ਸਾਡੇ ਨਿਭਾਗੇ ਤਪੇ ਵਿੱਚ ਚਰਨ ਪਾ ਦੇਵੇ ਤਾਂ ਅਸੀਂ ਵੀ ਜੀਂਦਿਆਂ 'ਚ ਹੋ ਜਾਈਏ।" "ਠੀਕ ਹੈ ਬਾਪੂ ਜੀ !ਵਕਤ ਆਉਣ ਤੇ ਸਭ ਠੀਕ ਹੋ ਜਾਵੇਗਾ।"

ਏਸੇ ਤਰ੍ਹਾਂ ਇਕ ਹੋਰ ਸਾਲ ਲੰਘ ਗਿਆ। ਉਸ ਮਾਲਕ ਦੀ ਖਿੱਚ ਹਿਰਦੇ ਵਿੱਚ ਹੋਰ ਵੱਧ ਗਈ। ਇਸ ਖਿੱਚੇ ਨੇ ਮੈਨੂੰ ਹੋਰ ਅਲ੍ਹੜ ਬਣਾ ਦਿਤਾ। ਮੈਂ ਹੱਸਦੀ, ਖੇਡਦੀ, ਗੁਟਕਦੀ ਫਿਰਦੀ ਮੱਠ ਵਿੱਚ ਜਾ ਬੈਠਦੀ। ਪਿਆਰੇ ਦੀ ਲਿਵ ਵਿੱਚ ਘੰਟੇ ਬੱਧੀ ਜੁੜੀ ਰਹਿੰਦੀ।ਮੇਰੇ ਪਿਆਰੇ ਦਾ ਪਿਆਰਾ ਹੈ।

ਇਕ ਦਿਨ ਤੜਕ ਸਾਰ ਜਦ ਮੱਠ ਵੱਲ ਆਈ ਤਾਂ ਦੂਰੋਂ ਮੈਨੂੰ ਗਾਉਣ ਦੀ ਆਵਾਜ਼ ਸੁਣਾਈ ਦਿਤੀ। ਜਦ ਧਿਆਨ ਨਾਲ ਸੁਣਿਆਂ ਤਾਂ ਬੜੀ ਰਸ ਭਰੀ ਸੁਰ ਕੰਨਾਂ ਵਿੱਚ ਪਈ, ਜੋ ਕਿ ਵੈਰਾਗ ਦੀ ਸੱਦ ਸੀ। ਸਮਝ ਨਹੀਂ ਆਈ ਇਹ ਰਾਗ ਸੀ ਕਿ ਜਿੰਦ ਪਾਉਣ ਵਾਲਾ ਅੰਮ੍ਰਿਤ ਸੀ। ਜੋ ਕਿ ਇੰਜ ਸੀ:

*ਮਨਹੁ ਨ ਨਾਮ ਵਿਸਾਰਿ ਅਹਿਨਿਸ*
*ਧਿਆਈਐ ॥*
*ਜਿਉ ਰਾਖਹਿ ਕਿਰਪਾ ਧਾਰ ਤਿਵੈ ਸੁਖ*
*ਪਾਈਐ ॥*

ਕੋਲ ਜਾ ਕੇ ਵੇਖਿਆ ਤਾਂ ਪਤਾ ਲੱਗਾ ਕਿ ਓਥੇ ਗਾਉਣ ਵਾਲੇ ਤਿੰਨ ਸਨ। ਇਕ ਗਾ ਰਿਹਾ ਸੀ, ਦੂਸਰਾ ਕੋਈ ਸਾਜ ਵਜਾ ਰਿਹਾ ਸੀ ਤੇ ਤੀਸਰਾ ਬੜੇ ਅਦਬ ਨਾਲ ਚੌਰ ਕਰ ਰਿਹਾ ਸੀ। ਮੈਂ ਸਮਝ ਗਈ ਇਹੋ ਹੀ ਮੇਰੇ ਪਿਆਰੇ ਦਾ ਪਿਆਰਾ ਹੈ। ਹਿੰਮਤ ਕਰ ਕੇ ਚਰਨਾਂ ਤੇ ਢਹਿ ਪਈ। ਕਿਪ੍ਰਾਲੂ ਜੀ ਨੇ ਮੇਰੇ ਸਿਰ ਤੇ ਹੱਥ ਰੱਖਿਆ, ਜਿਸ ਨਾਲ ਸਾਰੇ ਸਰੀਰ ਵਿੱਚ ਝਰਨਾਹਟ ਭਰ ਗਈ।ਪਰਮਪਿਤਾ ਬਖਸ਼ਿੰਦ ਸਾਹਿਬ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਇਕੋ ਹੀ ਛੋਹ ਨਾਲ ਮੈਂ ਨਿਮਾਣੀ ਦੇ ਅੰਦਰੋਂ ਗਿਆਨ ਦਾ ਪ੍ਰਕਾਸ਼ ਹੋ ਗਿਆ।ਮੈਂ ਗਰੀਬੜੀ ਦੇ ਭਾਗ ਖੁਲ੍ਹ ਗਏ। ਨੈਣਾਂ ਵਿੱਚੋਂ ਨੀਰ ਵਹਿ ਤੁਰਿਆ, ਜਿਸ ਨਾਲ ਪ੍ਰਭੂ ਦੇ ਚਰਨ ਸੇਜਲ ਹੋ ਗਏ।ਉਸ ਜੋਤੀ ਸਰੂਪ ਨੇ ਧੀਰਜ ਦੇ ਕੇ ਉਠਾਇਆ। ਧਰਵਾਸ ਦਿਤੀ। ਪਿਆਰ ਕੀਤਾ, ਜਿਸ ਨਾਲ ਮੈ ਨਿਮਾਣੀ ਦਾ ਮਨ ਅਡੋਲਤਾ ਵਿੱਚ ਆ ਗਿਆ। ਏਨੇ ਨੂੰ ਬੇਬੇ ਅਤੇ ਬਾਪੂ ਵੀ ਆ ਗਏ। ਉਹਨਾਂ ਨੇ ਵੀ ਡੰਡਾਉਤ ਕੀਤੀ ਅਤੇ ਗੁਰੂ ਸਾਹਿਬਾਂ ਦੀ ਬਖਸ਼ਿਸ਼ ਪ੍ਰਾਪਤ ਕਰਕੇ ਜੀਵਨ ਸਫਲ ਕੀਤਾ। ਬਾਪੂ ਜੀ ਨੇ ਬੜੇ ਅਦਬ ਸਤਿਕਾਰ ਨਾਲ ਹੱਥ ਜੋੜ ਕੇ ਬੇਨਤੀ ਕੀਤੀ,"ਹੇ ਕ੍ਰਿਪਾਲੂ ਜੀਓ, ਕਰੋ ਕਿਰਪਾ। ਦਾਸ ਦਾ ਘਰ ਪਵਿਤਰ ਕਰੋ। ਇਸ ਕੂਕਰ ਵੱਲੋਂ ਸੇਵਾ ਪ੍ਰਵਾਨ ਕਰੋ।" ਮੇਰੇ ਵੀ ਹੱਥ ਜੁੜ ਗਏ ਤੇ ਮੈਂ ਬੇਨਤੀ ਕੀਤੀ,"ਹੇ ਕ੍ਰਿਪਾਲੂ ਜੀਓ, ਜਗਤ ਦੇ ਤਾਰਨਹਾਰ ਜੀਓ, ਕਰੋ ਕਿਰਪਾ। ਆਪਣੀ ਇਸ ਨਿਮਾਣੀ ਸੇਵਕਾ ਦੀ ਬੇਨਤੀ ਪ੍ਰਵਾਨ ਕਰੋ। ਮੇਰੇ ਬਾਪੂ ਦੇ ਗਰੀਬ ਖਾਨੇ ਵਿੱਚ ਚਰਨ ਪਾਉਣ ਦੀ ਕਿਰਪਾ ਕਰੋ। ਆਪਣੇ ਪਾਵਨ ਪਵਿਤਰ ਚਰਨਾਂ ਨਾਲ ਗ੍ਰਿਹ ਪਵਿਤਰ ਕਰਨ ਦੀ ਕਿਰਪਾ ਕਰ ਦਿਓ।" ਬਾਪੂ ਜੀ ਨੇ ਘਰ ਚਰਨ ਪਾਉਣ ਦੀ ਵਾਰ ਵਾਰ ਬੇਨਤੀ ਕੀਤੀ।

ਦੀਨ ਦਿਆਲ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਅਤੇ ਕਿਹਾ,"ਇਹ ਪੁੱਤਰੀ ਉਸ ਦੇ ਰੰਗਾਂ ਵਿਚ ਰੰਗੀ ਗਈ ਹੈ। ਇਸ ਨੂੰ ਕਦੀ ਵੀ ਕਿਸੇ ਗੱਲ ਤੇ ਮਜਬੂਰ ਨਾ ਕਰਨਾ। ਅਗਰ ਇਹ ਆਪਣੀ ਖੁਸ਼ੀ ਨਾਲ ਆਪਣਾ ਕਾਰਜ ਕਰਵਾਉਣ ਨੂੰ ਤਿਆਰ ਹੋ ਜਾਵੇ ਤਾਂ ਠੀਕ ਹੈ ਨਹੀਂ ਤਾਂ ਇਸ ਨਾਲ ਧੱਕਾ ਨਹੀਂ ਕਰਨਾ। "ਸਤਿ ਬਚਨ ਕਿਰਪਾਲੂ ਜੀਓ!

ਸਾਡੀਆਂ ਬੇਨਤੀਆਂ ਪਰਵਾਨ ਹੋ ਗਈਆਂ। ਮੇਰੇ ਜਨਮ ਦਾਤਿਆਂ ਦੇ ਗਰੀਬਖਾਨੇ ਵਿੱਚ ਚਰਨ ਪਾ ਕੇ ਸਾਹਿਬਾਂ ਨੇ ਗ੍ਰਹਿ ਪਵਿਤਰ ਕਰ ਦਿਤਾ। ਸਾਡੇ ਲਈ ਹੁਣ ਖੁਸ਼ੀਆਂ ਭਰਿਆ ਸਮਾ ਸੀ ਜਿਸ ਨਾਲ ਸਾਡਾ ਜੀਵਨ ਹੀ ਬਦਲ ਗਿਆ। ਰਹਿਮਤਾਂ ਦੇ ਸਾਈਂ ਦੀ ਸੇਵਾ ਦੇ ਰੰਗ ਵਿੱਚ ਰੰਗੇਜਾ ਕੇ ਨਿਹਾਲ ਹੋ ਗਏ। ਅਖੀਰ ਉਤੇ ਸਮੂੰਹ ਪਾਠਕ ਵੀਰਾਂ ਅਗੇ ਬੇਨਤੀ ਹੈ: ਕਰੋ ਕਿਰਪਾ ਆਪਣੇ ਆਪ ਉਤੇ ਅਤੇ ਸਾਹਿਬਾਂ ਤੋਂ ਇਹ ਦਾਤ ਮੰਗ ਕੇ ਆਪਣਾ ਜੀਵਨ ਸਫਲਾ ਕਰ ਲਵੋ। ਕੇਹੜੀ ਦਾਤ ਮੰਗਣੀ ਹੈ:

*ਵਿਸਰੁ ਨਾਹੀ ਦਾਤਾਰ ਆਪਣਾ ਨਾਮੁ*
*ਦੇਹੁ ॥*
*ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ*
*ਏਹੁ ॥*

# ਸਿੱਖਾਂ ਦੀ ਬਹਾਦਰੀ ਦੀ ਅਨੋਖੀ ਦਾਸਤਾਨ ਸਾਰਾਗੜ੍ਹੀ ਦੀ ਲੜਾਈ

ਮੈਂ ਆਪਣੇ ਸੁਭਾਅ ਅਨੁਸਾਰ ਜਿਸ ਮਸਲੇ ਨੂੰ ਪਕੜਦਾ ਹਾਂ, ਉਸ ਦੀ ਪੂਰਤੀ ਲਈ ਲਗਾਤਾਰ ਯਤਨ ਕਰਦਾ ਰਹਿੰਦਾ ਹਾਂ। ਮੈਨੂੰ ਸਾਰਾਗੜ੍ਹੀ ਕੀ ਹੈ, ਇਸ ਦੀ ਚਰਚਾ ਵਿਸ਼ਵ ਦੀਆਂ ਜੰਗੀ ਕਿਤਾਬਾਂ ਵਿਚ ਕਿਉਂ ਹੈ, ਦਾ ਕੁਝ ਵੀ ਪਤਾ ਨਹੀਂ ਸੀ। ਇਸ ਲਈ ਕਿ ਸਿੱਖ ਇਤਿਹਾਸ ਵਿਚ ਜਾਂ ਸਕੂਲ ਜਾਂ ਕਾਲਜ ਦੀਆਂ ਪਾਠ-ਪੁਸਤਕਾਂ ਵਿਚ ਇਸ ਬਾਰੇ ਕਿਧਰੇ ਨਹੀਂ ਪੜ੍ਹਿਆ ਸੀ। 1957 ਵਿਚ ਮੈਂ ਫਿਰੋਜ਼ਪੁਰ ਵਿਚ ਡਿਸਟ੍ਰਿਕਟ ਪਬਲਿਕ ਰਿਲੇਸ਼ਨ ਅਫਸਰ ਲੱਗਿਆ ਸੀ। ਮੇਰੇ ਦਫਤਰ ਦੇ ਨੇੜੇ ਇਕ ਗੁਰਦੁਆਰਾ ਸੀ। ਉਸ ਦਾ ਨਾਂਅ ਸਾਰਾਗੜ੍ਹੀ 'ਤੇ ਸੀ। ਉਸੇ ਸਾਲ 12 ਸਤੰਬਰ ਨੂੰ ਲੈਫਟੀਨੈਂਟ ਜਨਰਲ ਸ: ਕੁਲਵੰਤ ਸਿੰਘ ਫਿਰੋਜ਼ਪੁਰ ਅੱਗੇ ਬੜੀ ਪਰੇਡ ਹੋਈ। ਬੈਂਡ ਵੱਜੇ, ਬਿਗਲ ਵਜਾਏ ਗਏ। ਉਨ੍ਹਾਂ ਭਾਸ਼ਣ ਦਿੱਤਾ ਤੇ ਕਿਹਾ ਕਿ ਸਾਰਾਗੜ੍ਹੀ ਦੀ ਜੰਗ, ਜੋ 1897 ਵਿਚ ਹੋਈ, ਨੇ ਭਾਰਤੀ ਫੌਜ ਦਾ ਸਿਰ ਉੱਚਾ ਕੀਤਾ ਹੈ। ਉਨ੍ਹਾਂ ਸਾਰਾਗੜ੍ਹੀ ਦੇ ਸ਼ਹੀਦ ਸਿਪਾਹੀਆਂ ਨੂੰ ਸਿਰ ਨਿਵਾਇਆ। ਮੈਂ ਸੁਣ ਕੇ ਸੋਚਿਆ ਕਿ ਗੁਰਦੁਆਰੇ ਦਾ ਇਸ ਨਾਲ ਕੀ ਸਬੰਧ ਹੈ ? ਮੇਰੀ ਖੁਸ਼ੀ ਤੇ ਕੌਮੀ ਮਾਣ ਦੀ ਹੱਦ ਹੋ ਗਈ ਜਦ ਪਤਾ ਲੱਗਿਆ ਕਿ ਸਾਰਾਗੜ੍ਹੀ ਦੀ ਲੜਾਈ ਵਿਚ ਸ਼ਹੀਦ ਹੋਣ ਵਾਲੇ ਸਾਰੇ ਸਿੱਖ ਫੌਜੀ ਸਨ। ਇਸ ਕਰਕੇ ਉਨ੍ਹਾਂ ਸਿੱਖਾਂ ਦੀ ਯਾਦ ਵਿਚ ਇਕ ਗੁਰਦੁਆਰਾ ਫਿਰੋਜ਼ਪੁਰ ਕਿਉਂ ਜੋ ਸਿੱਖ ਰੈਜਮੈਂਟ ਉਸ ਵਕਤ ਉਥੇ ਸੀ ਤੇ ਦੂਜਾ ਅੰਮ੍ਰਿਤਸਰ ਵਿਚ ਬਣਵਾਇਆ ਗਿਆ। ਸਿੱਖਾਂ ਦੀ ਐਸੀ ਪਰੰਪਰਾ ਬਣੀ ਹੈ ਕਿ ਅਸੀਂ ਯਾਦਗਾਰ ਕੇਵਲ ਗੁਰਦੁਆਰਾ ਬਣਾਉਣ ਤੱਕ ਸੀਮਤ ਰੱਖਦੇ ਹਾਂ। ਸਿੱਖ ਇਤਿਹਾਸ ਯਾਦਗਾਰੀ ਘਟਨਾਵਾਂ ਨਾਲ ਭਰਿਆ ਪਿਆ ਹੈ ਪਰ ਸਾਡੇ ਵੱਲੋਂ ਉਨ੍ਹਾਂ ਨੂੰ ਦਰਸਾਇਆ ਨਹੀਂ ਗਿਆ। ਬਾਬਾ ਬੰਦਾ ਬਹਾਦਰ ਦੀ ਯਾਦ ਵਿਚ ਚੱਪੜਚਿੜੀ (ਸਰਹਿੰਦ) ਦੀ ਜਿੱਤ ਦਾ ਪਿੱਛੇ ਜਿਹੇ ਫਤਹਿ ਬੁਰਜ ਪੰਜਾਬ ਸਰਕਾਰ ਨੇ ਬਣਾਇਆ। ਤਿੰਨ ਸੌ ਸਾਲ ਪਿੱਛੋਂ ਘੱਲੂਘਾਰਿਆਂ ਦੀਆਂ ਵੀ



ਯਾਦਗਾਰਾਂ ਬਣਾਈਆਂ ਗਈਆਂ ਹਨ।

1957 ਤੋਂ ਮੈਂ ਸਾਰੀ ਸਿੱਖ ਕੌਮ ਨੂੰ ਹੋਕਾ ਦੇ ਰਿਹਾ ਹਾਂ ਕਿ ਸਾਰਾਗੜ੍ਹੀ ਦੀ ਲੜਾਈ ਨੂੰ ਅਪਣਾ ਲਵੋ ਤੇ ਇਸ ਇਤਿਹਾਸਕ ਘਟਨਾ ਤੋਂ ਆਪਣੇ ਬੱਚਿਆਂ ਨੂੰ ਵੀ ਜਾਣੂ ਕਰਵਾਓ। ਘੱਟ ਤੋਂ ਘੱਟ ਹਰ ਸਿੱਖ ਵਿਦਿਆਰਥੀ ਨੂੰ ਇਸ 'ਤੇ ਮਾਣ ਹੋਣਾ ਚਾਹੀਦਾ ਹੈ। ਪਰ ਮੇਰੀ ਇਸ ਅਪੀਲ 'ਤੇ ਹੁਣ ਤੱਕ ਕੋਈ ਅਸਰ ਨਹੀਂ ਹੋਇਆ। ਅਸੀਂ ਹਮੇਸ਼ਾ ਸਿੱਖ ਸੂਰਬੀਰਾਂ ਦਾ ਵਰਨਣ ਕਰਦੇ ਹਾਂ ਪਰ ਅੱਜ ਦਾ ਯੁੱਗ ਉਨ੍ਹਾਂ ਬਾਰੇ ਮਿਊਜ਼ੀਅਮ ਬਣਾਉਣ, ਫਿਲਮਾਂ ਬਣਾਉਣ ਅਤੇ ਕਿਤਾਬਾਂ ਲਿਖ ਕੇ ਪੇਸ਼ ਕਰਨ ਦੀ ਮੰਗ ਕਰਦਾ ਹੈ। ਸਾਡੇ ਕੋਲ ਜੋ ਇਤਿਹਾਸਕ ਵਿਰਾਸਤ ਹੈ, ਉਸ ਨੂੰ ਆਧੁਨਿਕ ਸੂਚਨਾ ਤਕਨੀਕਾਂ ਨਾਲ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੀ ਲੋੜ ਹੈ।

ਸਾਰਾਗੜ੍ਹੀ ਕਿਉਂ ਮਸ਼ਹੂਰ ਹੈ। ਇਹ ਮੰਨਿਆ ਜਾਂਦਾ ਹੈ ਕਿ ਪਿਛਲੇ ਢਾਈ ਹਜ਼ਾਰ ਸਾਲ ਵਿਚ ਜੋ ਸਮੂਹਿਕ ਬਹਾਦਰੀ ਦੀ ਦਾਸਤਾਨ ਵਾਲੀਆਂ ਲੜਾਈਆਂ ਮੰਨੀਆਂ ਗਈਆਂ ਹਨ, ਉਹ ਕੇਵਲ 6 ਹਨ। ਉਨ੍ਹਾਂ ਵਿਚ ਸਾਰਾਗੜ੍ਹੀ ਸ਼ਾਮਿਲ ਹੈ। ਕਿੰਨਾ ਵੱਡਾ ਕਾਰਨਾਮਾ ਸਿੱਖ ਫੌਜੀਆਂ ਨੇ ਕੀਤਾ ਕਿ ਇਤਿਹਾਸ ਰਚ ਗਏ। ਇਤਿਹਾਸਕਾਰ ਲਿਖਦੇ ਹਨ ਕਿ ਜੋ 6 ਜੰਗਾਂ ਬਹਾਦਰੀ ਲਈ ਚੁਣੀਆਂ ਗਈਆਂ ਹਨ, ਉਨ੍ਹਾਂ ਵਿਚ ਪਹਿਲੀ ਹੈ ਜੋ 2500 ਸਾਲ ਪਹਿਲਾਂ ਯੂਨਾਨ ਦੇਸ਼ ਵਿਚ ਹੋਈ। ਉਸ ਦਾ ਨਾਂਅ ਸੀ-'ਛਪ ਗ□ "ਿਕਗਠਰਬਖ;ਕ', ਜਦ ਯੂਨਾਨ ਫੌਜ ਦੀ ਇਕ ਟੁਕੜੀ ਨੇ ਪਰਸ਼ੀਆਂ ਦੀ ਫੌਜ ਦੇ ਦੰਦ ਖੱਟੇ ਕਰ ਦਿੱਤੇ ਸਨ।

ਸਾਰਾਗੜ੍ਹੀ ਕਬਾਇਲੀ ਇਲਾਕਾ, ਜੋ ਅਫ਼ਗਾਨਿਸਤਾਨ ਤੇ ਪੇਸ਼ਾਵਰ ਦੇ ਵਿਚਕਾਰ ਹੈ, 'ਤੇ ਇਕ ਪਹਾੜ 'ਤੇ ਅੰਗਰੇਜ਼ ਵੱਲੋਂ ਬਣਾਈ ਫੌਜੀ ਚੌਕੀ ਸੀ। ਉਸ ਚੌਕੀ 'ਤੇ 21 ਸਿੱਖ ਫੌਜੀ, ਜੋ ਪੰਜਵੀਂ ਸਿੱਖ ਬਟਾਲੀਅਨ ਦੇ ਸਨ, ਉਥੇ ਤਾਇਨਾਤ ਸਨ। ਹਵਾਲਦਾਰ ਈਸ਼ਰ ਸਿੰਘ ਉਨ੍ਹਾਂ ਦਾ ਮੁਖੀ ਸੀ। ਇਸ ਚੌਕੀ 'ਤੇ ਹਜ਼ਾਰਾਂ ਕਬਾਇਲੀਆਂ ਨੇ 12 ਸਤੰਬਰ 1897 ਨੂੰ ਹਮਲਾ ਕਰ ਦਿੱਤਾ। ਉਸ ਜ਼ਮਾਨੇ ਵਿਚ ਕੋਈ ਟੈਲੀਫੋਨ ਜਾਂ ਵਾਇਰਲੈੱਸ ਨਹੀਂ ਸੀ। ਹੱਥ ਵਿਚ ਝੰਡੀਆਂ ਫੜ ਕੇ ਇਕ ਥਾਂ ਤੋਂ ਦੂਜੀ ਪਹਾੜੀ ਤੱਕ ਸੁਨੇਹਾ ਦਿੱਤਾ ਜਾਂਦਾ ਸੀ। ਲੋਕਹਾਰਟ ਕਿਲ੍ਹਾ ਨੇੜੇ ਸੀ। ਉਥੇ ਇਨ੍ਹਾਂ ਝੰਡੀਆਂ ਰਾਹੀਂ ਸਾਰੀ ਇਤਲਾਹ ਦਿੱਤੀ ਗਈ, ਜੋ ਉਥੇ ਰਿਕਾਰਡ ਕੀਤੀ ਗਈ। ਸਵੇਰੇ ਹਮਲਾ ਅਰੰਭ ਹੋਇਆ। ਕਿਵੇਂ ਸਿੱਖੀ ਸਪਿਰਟ ਜਾਗੀ, ਇਕੱਲਾ-ਇਕੱਲਾ ਫੌਜੀ ਬਾਹਰ ਆ ਕੇ ਹਮਲਾਵਰਾਂ 'ਤੇ ਟੁੱਟ ਕੇ ਪੈਂਦਾ ਤੇ ਸ਼ਹਾਦਤ ਲੈ ਲੈਂਦਾ। ਇਹ ਸਿਲਸਿਲਾ 21 ਫੌਜੀਆਂ ਨੇ ਸਾਰਾ ਦਿਨ ਚਲਾ ਕੇ ਸੈਂਕੜੇ ਕਬਾਇਲੀ ਮਾਰ ਦਿੱਤੇ ਤੇ ਆਪ ਸ਼ਹੀਦ ਹੋਏ। ਅਖੀਰ ਹਵਾਲਦਾਰ ਈਸ਼ਰ ਸਿੰਘ ਨੇ ਆਪ ਬਾਹਰ ਆ ਕੇ ਬਹਾਦਰੀ ਵਿਖਾਈ ਤੇ ਸ਼ਹੀਦੀ ਪ੍ਰਾਪਤ ਕੀਤੀ। ਏਦਾਂ 21 ਸਿੱਖਾਂ ਨੇ ਗੜ੍ਹੀ ਨੂੰ ਬਚਾ ਕੇ ਹਮਲਾਵਰਾਂ ਦੇ ਦੰਦ ਖੱਟੇ ਕੀਤੇ ਤੇ ਜਾਨਾਂ ਵਾਰ ਕੇ ਇਤਿਹਾਸ ਰਚਿਆ। ਇਸ ਲੜਾਈ ਦਾ ਜਦ ਵੇਰਵਾ ਲੰਦਨ ਪੁੱਜਾ ਤਾਂ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਜੋ ਬਿਆਨ ਦਿੱਤਾ ਕਿ ਕਿਵੇਂ ਸਿੱਖ ਫੌਜ ਨੇ ਆਪਣੀ ਹਿੰਮਤ ਨਾਲ ਇਕ ਹਜੂਮ ਨੂੰ ਰੋਕੀ ਰੱਖਿਆ, ਜਦ ਤੱਕ ਉਹ ਆਪ ਮਰ ਨਹੀਂ ਗਏ। ਸਾਰੇ ਪਾਰਲੀਮੈਂਟ ਮੈਂਬਰ ਸਤਿਕਾਰ ਵਜੋਂ ਖੜ੍ਹੇ ਹੋਏ ਤੇ ਹਰ ਫੌਜੀ ਨੂੰ ਉਸ ਵਕਤ ਦਾ ਸਭ ਤੋਂ ਉੱਚਾ ਮੈਡਲ 'ਇੰਡੀਅਨ ਆਰਡਰ ਆਫ ਮੈਰਿਟ' ਦਿੱਤਾ ਗਿਆ। ਉਸ ਵਕਤ ਵਿਕਟੋਰੀਆ ਕਰਾਸ ਨਹੀਂ ਸੀ ਹੁੰਦਾ। ਇਸ ਲੜਾਈ ਨੂੰ ਅੰਗਰੇਜ਼ ਸਰਕਾਰ ਨੇ ਆਪਣੇ ਰਾਜ ਵਿਚ ਸਭ ਤੋਂ ਵੱਧ ਬਹਾਦਰੀ ਵਾਲਾ ਵਾਕਿਆ ਗਿਣਿਆ। ਯੂਨੈਸਕੋ ਨੇ ਵਿਸ਼ਵ ਪੱਧਰੀ ਜੋ 6 ਲੜਾਈਆਂ ਦਰਜ ਕੀਤੀਆਂ ਹਨ, ਸਾਰਾਗੜ੍ਹੀ ਉਨ੍ਹਾਂ ਵਿਚ ਦਰਜ ਹੈ।

ਅੱਜ ਲੋੜ ਹੈ ਕਿ ਇਸ ਜੰਗ ਦਾ ਮਿਊਜ਼ੀਅਮ ਪੰਜਾਬ ਤੇ ਲੰਦਨ ਵਿਚ ਬਣਾਇਆ ਜਾਵੇ। ਇਸ ਨਾਲ ਸਿੱਖ ਕੌਮ ਦਾ ਸਿਰ ਉੱਚਾ ਹੋਵੇਗਾ, ਵਲੈਤ ਰਹਿੰਦੇ ਸਿੱਖਾਂ ਦੀ ਕਦਰ ਵਧੇਗੀ। ਪਿਛਲੇ ਸਾਲ ਲੰਦਨ ਵਿਚ ਸਾਰਾਗੜ੍ਹੀ ਪੋਲੋ ਮੈਚ ਹੋਇਆ। ਸ਼ਹਿਜ਼ਾਦਾ ਚਾਰਲਸ ਆਪ



ਆਏ। ਆਓ ਇਸ ਸ਼ਾਨਦਾਰ ਵਿਰਸੇ ਨੂੰ ਯਾਦ ਕਰੀਏ ਪਰ ਸਦੀਵੀ ਤੌਰ 'ਤੇ। ਹਰ ਪਾਸੇ ਸਿੱਖ ਇਸ ਦਾ ਪ੍ਰਚਾਰ ਕਰਨ।

**ਤਰਲੋਚਨ ਸਿੰਘ**

# ਕਿਸਾਨੀ ਦੇ 'ਲਹੂ ਡੋਲਵੇਂ ਸੰਘਰਸ਼' 'ਚ ਨਿੱਤਰਨ ਵਾਲੇ ਕਲਾਕਾਰ ...

ਅੱਜ ਜਿਸ ਵੇਲੇ ਕੇਂਦਰ ਦੀ ਹਕੂਮਤ ਵੱਲੋਂ ਖੇਤੀ ਬਿੱਲਾਂ ਰਾਹੀਂ ਪੰਜਾਬ ਦੀ ਕਿਸਾਨੀ ਦੇ ਕਾਲੇ ਅਧਿਆਏ ਦੀ ਇਬਾਰਤ ਲਿਖੀ ਜਾ ਰਹੀ ਹੈ ਤਾਂ ਉਸ ਵੇਲੇ ਚਿਰਾਂ ਤੋਂ ਚੁੱਪ ਬੈਠੇ ਪੰਜਾਬ ਦੇ ਕਲਾਕਾਰ ਵਰਗ ਦਾ ਵੱਡਾ ਹਿੱਸਾ ਵੀ ਕਿਸਾਨੀ ਦੇ ਦਰਦ ਨੂੰ ਸਮਝਦਿਆਂ ਹੋਇਆਂ ਉਨ੍ਹਾਂ ਦੇ ਨਾਲ ਉੱਠ ਖੜ੍ਹਾ ਹੋਇਆ ਹੈ । ਕਿਸਾਨੀ ਦੇ ਇਸ ਬੇਹੱਦ ਗੰਭੀਰ ਅਤੇ ਅਤਿ ਨਾਜ਼ੁਕ ਮਸਲੇ ਨੂੰ ਸਾਰਿਆਂ ਵਰਗਾਂ ਦਾ ਮਸਲਾ ਦੱਸਦਿਆਂ ਪੰਜਾਬੀ ਦੇ ਉੱਘੇ ਗਾਇਕ ਪਰਮਜੀਤ ਸਿੰਘ ਪੰਮੀ ਬਾਈ , ਪ੍ਰਸਿੱਧ ਲੋਕ ਗਾਇਕ ਸੁਖਵਿੰਦਰ ਸਿੰਘ ਸੁੱਖੀ , ਫ਼ਿਲਮ ਅਦਾਕਾਰ ਤੇ ਗਾਇਕ ਰਾਜ ਕਾਕੜਾ ,




*ਮਨਜਿੰਦਰ ਸਿੰਘ ਸਰੌਦ*
Manjinder Singh Saroud
919463463136




ਗਾਇਕ ਹਰਿੰਦਰ ਸੰਧੂ ,ਫਿਲਮ ਅਦਾਕਾਰ ਤੇ ਗਾਇਕ ਹਰਜੀਤ ਸਿੰਘ ਹਰਮਨ , ਹਰਵਿੰਦਰ ਹੈਰੀ ਅਤੇ ਭਗਵਾਨ ਹਾਂਸ ਸਮੇਤ ਅੱਧਾ ਦਰਜਨ ਦੇ ਕਰੀਬ ਕਲਾਕਾਰਾਂ ਵੱਲੋਂ ਇਨ੍ਹਾਂ ਖੇਤੀ ਬਿਲਾਂ ਨੂੰ ਕਿਸਾਨੀ ਦੀ ਮੌਤ ਦੇ ਵਾਰੰਟਾਂ ਤੇ ਦਸਤਖ਼ਤ ਕਰਨ ਦੇ ਤੁਲ ਦੱਸਦਿਆਂ ਇਸ ਔਖੀ ਘੜੀ ਅੰਦਰ ਸਾਰੇ ਵਰਗਾਂ ਨੂੰ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਦਾ ਸਾਥ ਦੇਣ ਦੀ ਅਪੀਲ ਵੀ ਕੀਤੀ ।

ਕਿਸਾਨਾਂ ਦੀ ਪੀੜ ਨੂੰ ਸਮਝਦਿਆਂ ਕਲਾਕਾਰ ਵਰਗ ਨੇ ਆਖਿਆ ਕਿ ਖੇਤੀ ਬਿਲਾਂ ਦੇ ਪਾਸ ਹੋਣ ਤੋਂ ਬਾਅਦ ਕਿਸਾਨ ਪਰਿਵਾਰਾਂ ਦਾ ਭਵਿੱਖ ਹਾਸ਼ੀਏ ਤੇ ਧੱਕਿਆ ਜਾਵੇਗਾ ਅਤੇ ਉਨ੍ਹਾਂ ਦੇ ਬੱਚੇ ਰੁਲ ਜਾਣਗੇ । ਉਨ੍ਹਾਂ ਕਿਹਾ ਕਿ ਅਸੀਂ ਕਲਾਕਾਰ ਮਗਰੋਂ ਹਾਂ ਪਹਿਲਾਂ ਕਿਸਾਨ ਅਤੇ ਧਰਤੀ ਦੇ ਪੁੱਤਰ ਹਾਂ । ਇਨ੍ਹਾਂ ਕਲਾਕਾਰਾਂ ਦੇ ਦਿਲ ਦਾ ਦਰਦ ਸੁਣਦਿਆਂ ਮਨ ਇਹ ਮੰਨਣ ਨੂੰ ਮਜਬੂਰ ਹੁੰਦਾ ਹੈ ਕਿ ਵਾਕਿਆ ਹੀ ਇਹ ਕਲਾਕਾਰ ਕਿਸਾਨੀ ਦੇ ਭਲੇ ਲਈ ਮਨ ਅੰਦਰ ਕੁਝ ਚੰਗੀ ਸੋਚ ਸੋਚਦੇ ਨੇ । ਉਨ੍ਹਾਂ ਕਲਾਕਾਰਾਂ ਦਾ ਕੀ ਕਰੀਏ ਜਿਹੜੇ ਇਹ ਕਹਿੰਦੇ ਨੇ ਕਿ ਅਸੀਂ ਤਾਂ ਪੰਜਾਬੀ ਗਾਇਕੀ ਦੇ ਬਾਬਾ ਬੋਹੜ ਹਾਂ ਸਾਡੇ ਵਰਗਾ ਤਾਂ ਕੋਈ ਨਹੀਂ ਅਤੇ ਹਰ ਰੋਜ਼ ਹੋ ਰਹੀਆਂ ਇੰਟਰਵਿਊਆਂ ਦੇ ਵਿੱਚ ਉਹ ਆਪਣੇ ਸਰੋਤਿਆਂ ਦੀ ਗਿਣਤੀ ਲੱਖਾਂ ਕਰੋੜਾਂ ਦੱਸਦੇ ਨੇ ਪਰ ਇਸ ਗੰਭੀਰ ਮਸਲੇ ਤੇ ਉਨ੍ਹਾਂ ਦੀ ਜ਼ਬਾਨ ਠਾਕੀ ਕਿਉਂ ਗਈ ਹੈ । ਉਸ ਤੋਂ ਵੀ ਵੱਧ ਹੈਰਾਨੀ ਹੁੰਦੀ ਹੈ ਸਾਡੇ ਨੌਜਵਾਨਾਂ ਦੀ ਸੋਚ ਤੇ , ਪਤਾ ਨਹੀਂ ਕੀ ਹੋ ਗਿਆ ਇਨ੍ਹਾਂ ਨੂੰ ਇਹ ਹਰ ਸਮੇਂ ਫੁਕਰਾਪੰਥੀ ਕਲਾਕਾਰਾਂ ਨੂੰ ਆਪਣਾ ਆਦਰਸ਼ ਮੰਨ ਕੇ ਉਨ੍ਹਾਂ ਪਿੱਛੇ ਇੱਕ ਦੂਜੇ ਨਾਲ ਲੜਨ ਮਰਨ ਨੂੰ ਤਿਆਰ ਹੋ ਜਾਂਦੇ ਹਨ ਪਿਛਲੇ ਸਮੇਂ ਕਈ ਕਲਾਕਾਰਾਂ ਨੇ ਇਕ ਦੂਜੇ ਨੂੰ ਗਾਲਾਂ ਕੱਢ ਕੇ ਚੰਗਾ ਖਿਲਾਰਾ ਪਾਇਆ , ਹੁਣ ਉਹ ਕਲਾਕਾਰ ਧਰਨੇ ਤੇ ਬੈਠੇ ਰੁਲ ਰਹੇ ਕਿਸਾਨਾਂ ਦੀ ਸਾਰ ਕਿਉਂ ਨਹੀਂ ਲੈਂਦੇ । ਗੀਤਾਂ ਵਿੱਚ ਆਪਣੇ ਆਪ ਨੂੰ ਹਾਈ-ਫਾਈ ਜੱਟ ਕਹਾਉਣ ਵਾਲੇ ਇਹ ਕਲਾਕਾਰ ਅਸਲ ਵਿੱਚ ਸਿਰਫ਼ ਫੋਕੀਆਂ ਫੜ੍ਹਾਂ ਮਾਰਨ ਜੋਗੇ ਹੀ ਹਨ ਇਸ ਤੋਂ ਵੱਧ ਕੇ ਕੁੱਝ ਵੀ ਨਹੀਂ , ਜੱਟਾਂ ਦੇ ਗੀਤਾਂ ਤੋਂ ਲੱਖਾਂ ਰੁਪਏ ਕਮਾ ਕੇ ਆਪਣੇ ਖੀਸਿਆਂ ਵਿੱਚ ਪਾਉਣ ਵਾਲੇ ਇਹ ਮਾਂ ਬੋਲੀ ਦੇ ਅਖੌਤੀ ਪੁੱਤਰ ਅੱਜ ਕਿਸਾਨੀ ਸੰਘਰਸ਼ ਵਿੱਚੋਂ ਗਾਇਬ ਕਿਉਂ ਨੇ । ਇਨ੍ਹਾਂ ਗੱਲਾਂ ਦਾ ਜਵਾਬ ਸ਼ਾਇਦ ਹੀ ਇਹ ਫੁਕਰਾ ਪੰਥੀ ਕਲਾਕਾਰ ਦੇ ਸਕਣ ,ਸਾਡੀ ਨੌਜਵਾਨੀ ਨੂੰ ਵੀ ਕੁਝ ਸੋਚਣਾ ਬਣਦਾ ਹੈ ।

## *ਕਰੋੜਾਂ 'ਨਕਲੀ ਵਿਊਆਂ' ਦੇ ਫੋਕੇ ਫੈਂਟਰ ਮਾਰਨ ਵਾਲੇ ਅਖੌਤੀ ਕਲਾਕਾਰ ਅਜੇ ਵੀ ਕਿਸਾਨਾਂ ਤੋਂ ਦੂਰ*

ਇਸ ਸਮੇਂ ਪੰਜਾਬ ਦਾ ਨੌਜਵਾਨ ਕਿਸਾਨੀ ਦੇ ਆਉਣ ਵਾਲੇ ਭਵਿੱਖ ਨੂੰ ਲੈ ਕੇ ਚਿੰਤਾ ਵਿੱਚ ਨਹੀਂ ਜਾਪ ਰਿਹਾ ਜਿਸ ਦਾ ਖਮਿਆਜ਼ਾ ਉਸ ਨੂੰ ਆਉਣ ਵਾਲੇ ਦਿਨਾਂ ਵਿੱਚ ਭੁਗਤਣਾ ਪੈ ਸਕਦਾ ਹੈ । ਲੋਕਾਂ ਵਿੱਚ ਇੱਕ ਚਰਚਾ ਆਮ ਹੈ ਕਿ ਜਿਹੜੇ ਕਲਾਕਾਰ ਇਹ ਸਮਝਦੇ ਨੇ ਕਿ ਅਸੀਂ ਪੰਜਾਬੀ ਗਾਇਕੀ ਦੇ ਖੈਰ ਖੁਆਹ ਹਾਂ ਸਾਡੇ ਬਿਨਾਂ ਪੱਤਾ ਵੀ ਨਹੀਂ ਹਿੱਲ ਸਕਦਾ ਅਤੇ ਸਾਡੇ 'ਵਿਊ ਮਿਲੀਅਨਾਂ' ਵਿੱਚ ਆਉਂਦੇ ਨੇ , ਉਹ ਚੁੱਪ ਚਾਪ ਘਰਾਂ ਵਿੱਚ ਕਿਉਂ ਬੈਠੇ ਹਨ ਉਨ੍ਹਾਂ ਨੂੰ ਵੀ ਕਿਸਾਨਾਂ ਦੀ ਹਮਾਇਤ ਵਿੱਚ ਆਉਣਾ ਚਾਹੀਦਾ ਹੈ । ਸਿਫ਼ਤ ਕਰਨੀ ਬਣਦੀ ਹੈ ਪੰਜਾਬੀ ਮਾਂ ਬੋਲੀ ਦੇ ਇਨ੍ਹਾਂ ਕੁਝ ਚੰਗੇ ਗਵੱਈਆਂ ਦੀ ਜਿਨ੍ਹਾਂ ਨੇ ਬਾਂਹ ਕੱਢ ਕੇ ਕਿਸਾਨਾਂ ਦੇ 'ਲਹੂ ਡੋਲਵੇਂ' ਸੰਘਰਸ਼ ਨੂੰ ਹਮਾਇਤ ਦਿੱਤੀ ਹੈ ਅਤੇ ਵਾਰ-ਵਾਰ ਇਹ ਗੱਲ ਕਹਿੰਦਿਆਂ ਕਿਸਾਨਾਂ ਦੇ ਧਰਨਿਆਂ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਕਿ ਜੇਕਰ ਕਿਸਾਨੀ ਹੀ ਨਾ ਰਹੀ ਤਾਂ ਪਿੱਛੇ ਬਾਕੀ ਬਚੇਗਾ ਕੁਝ ਵੀ ਨਹੀਂ ਇਨ੍ਹਾਂ ਕਲਾਕਾਰਾਂ ਦਾ ਆਖਣਾ ਹੈ ਅਸੀਂ ਕਿਸਾਨੀ ਦੇ ਜਾਏ ਅਤੇ ਧਰਤੀ ਮਾਂ ਦੇ ਪੁੱਤਰ ਹਾਂ ।

ਅੱਜ ਸਾਡਾ ਫਰਜ਼ ਬਣਦਾ ਹੈ ਕਿ ਅੰਨਦਾਤੇ ਦੀ ਸਾਰ ਲੈ ਕੇ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀਏ , ਅੱਜ ਉਸ ਨੂੰ ਛੱਡ ਕੇ ਭੱਜਣ ਦਾ ਵੇਲਾ ਨਹੀਂ । 'ਮਹਿੰਗੇ ਅਤੇ ਵੱਡੇ' ਕਲਾਕਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਸਮਾਂ ਰਹਿੰਦਿਆਂ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ ਵਿੱਚ ਤੁਰ ਪੈਣ ਨਹੀਂ ਤਾਂ ਸਮਾਂ ਉਨ੍ਹਾਂ ਨੂੰ ਮੁਆਫ਼ ਨਹੀਂ ਕਰੇਗਾ , ਤੁਸੀਂ ਇੱਕ ਦੂਜੇ ਕਲਾਕਾਰ ਦੇ ਨਾਲ ਲੜਨ ਦੇ ਲਈ ਤਾਂ ਸੈਂਕੜੇ ਮੀਲਾਂ ਤੋਂ ਸਮਾਂ ਬੰਨ੍ਹ ਕੇ ਆ ਜਾਂਦੇ ਹੋ ਪਰ ਕਿਸਾਨਾਂ ਪ੍ਰਤੀ ਏਨੀ ਬੇਰੁਖ਼ੀ ਕਿਉਂ । ਜੇਕਰ ਤੁਸੀਂ ਅੱਜ ਕਿਸਾਨਾਂ ਨੂੰ ਪਿੱਠ ਦਿਖਾ ਕੇ ਭੱਜ ਤੁਰੇ ਤਾਂ ਆਉਣ ਵਾਲੇ ਸਮੇਂ ਅੰਦਰ ਮੂੰਹ ਕਿਸੇ ਨੇ ਤੁਹਾਨੂੰ ਵੀ ਨਹੀਂ ਵਿਖਾਉਣਾ । ਇਸ ਲਈ ਚੰਗਾ ਹੋਵੇ ਤਾਂ ਮੌਕਾ ਸੰਭਾਲ ਕੇ ਕਿਸਾਨੀ ਦੇ ਦਰਦ ਨੂੰ ਵੇਖਦਿਆਂ ਉਸ ਦੇ ਨਾਲ ਦਾ ਯਤਨ ਕਰੋ।

# ਨੌਜਵਾਨ ਗ਼ਦਰੀ ਪ੍ਰੇਮ ਸਿੰਘ ਸਰਾਭਾ

## *ਬਰਸੀ 'ਤੇ ਵਿਸ਼ੇਸ਼*

ਪ੍ਰੇਮ ਸਿੰਘ ਦਾ ਜਨਮ ਜੀਵਾ ਸਿੰਘ ਅਤੇ ਜਿਉਣ ਕੌਰ ਦੇ ਘਰ ਹੋਇਆ। ਉਨ੍ਹਾਂ ਦੇ ਦੋ ਭਰਾ- ਤੇਜਾ ਸਿੰਘ ਸਫਰੀ (ਮਹਾਨ ਗ਼ਦਰੀ ਯੋਧਾ) ਤੇ ਜਗੀਰ ਸਿੰਘ ਸਨ। ਪ੍ਰੇਮ ਸਿੰਘ 'ਤੇ ਜਿੱਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਮਹਾਨ ਸੰਗ੍ਰਾਮੀ ਜੀਵਨ ਅਤੇ ਸ਼ਹਾਦਤ ਦਾ ਵੱਡਾ ਪ੍ਰਭਾਵ ਪਿਆ, ਉਥੇ ਗ਼ਦਰੀ ਸੂਰਮੇ ਵੱਡੇ ਵੀਰ ਤੇਜਾ ਸਿੰਘ ਸਫਰੀ ਦੀਆਂ ਇਨਕਲਾਬੀ ਸਰਗਰਮੀਆਂ ਦਾ ਵੀ ਡੂੰਘਾ ਅਸਰ ਹੋਇਆ।

ਪ੍ਰੇਮ ਸਿੰਘ ਦੀ ਉਮਰ ਹਾਲੇ 15 ਸਾਲ ਦੀ ਹੀ ਸੀ ਕਿ ਉਸ ਨੇ 1930 ਨੂੰ ਕਲਕੱਤਾ ਵਿੱਚ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਸਾਈਮਨ ਕਮਿਸ਼ਨ ਵਿਰੁੱਧ ਵੱਡੇ ਜਲੂਸ ਵਿੱਚ ਹਿੱਸਾ ਲਿਆ। ਇਸ ਦੌਰਾਨ ਪੁਲੀਸ ਵੱਲੋਂ ਭਾਰੀ ਲਾਠੀਚਾਰਜ ਕੀਤਾ ਗਿਆ। ਜ਼ਖ਼ਮੀ ਹੋਏ ਸੁਭਾਸ਼ ਨੂੰ ਜਦੋਂ ਹਸਪਤਾਲ 'ਚ ਪਤਾ ਲੱਗਾ ਕਿ ਪ੍ਰੇਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡੋਂ ਹੈ, ਤਾਂ ਉਹ ਬਹੁਤ ਖੁਸ਼ ਹੋਇਆ। ਉਹ ਕਲਕੱਤੇ ਰਹਿੰਦਿਆਂ ਪੰਜਾਬੀ ਨੌਜਵਾਨ ਸਭਾ ਦੇ ਜਨਰਲ ਸਕੱਤਰ ਬਣਿਆ। ਪ੍ਰੇਮ ਸਿੰਘ, ਸੁਭਾਸ਼ ਚੰਦਰ ਬੋਸ ਨਾਲ ਉਨ੍ਹਾਂ 7 ਆਦਮੀਆਂ 'ਚੋਂ ਸੀ, ਜਿਨ੍ਹਾਂ ਨੇ ਕਲਕੱਤਾ ਜੇਲ੍ਹ 'ਤੇ ਤਿਰੰਗਾ ਝੰਡਾ ਲਹਿਰਾਇਆ ਸੀ। ਇਸ ਮੌਕੇ ਜਦੋਂ ਪੁਲੀਸ ਸੁਭਾਸ਼ ਚੰਦਰ ਬੋਸ ਦੀ ਕੁੱਟਮਾਰ ਕਰ ਰਹੀ ਸੀ, ਤਾਂ ਪ੍ਰੇਮ ਸਿੰਘ ਉਸ ਉਪਰ ਪੈ ਗਿਆ ਤੇ ਆਪ ਜਬਰ ਝੱਲਦਾ ਰਿਹਾ। ਉਸ ਉੱਤੇ ਬੰਗਾਲ ਹਕੂਮਤ ਨੇ ਨੰਗੀ ਤਲਵਾਰ ਰੱਖਣ ਦਾ ਕੇਸ ਵੀ ਪਾਇਆ। ਉਸ ਨੇ ਗ਼ਦਰ-ਕਾਵਿ ਵੀ ਰਚਿਆ। ਉਸ ਦੀਆਂ ਰਚਨਾਵਾਂ 'ਪੰਜਾਬੀ ਪ੍ਰਤਿਕਾ' (ਕਲਕੱਤਾ) 'ਚ ਛਪਦੀਆਂ ਰਹੀਆਂ।



1932 'ਚ ਤੇਜਾ ਸਿੰਘ ਸਫਰੀ ਤੇ ਪ੍ਰੇਮ ਸਿੰਘ ਸਰਾਭਾ ਦੀ ਅਗਵਾਈ ਹੇਠ ਪਿੰਡ ਵਿੱਚ ਵੱਡਾ ਇਕੱਠ ਕਰਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਬਰਸੀ ਮਨਾਈ ਗਈ। ਅੰਗਰੇਜ਼ ਹਕੂਮਤ ਵੱਲੋਂ ਭਾਰੀ ਪੁਲੀਸ ਫੋਰਸ ਲਗਾਉਣ ਦੇ ਬਾਵਜੂਦ ਉਨ੍ਹਾਂ ਨੇ ਨਿਰਭੈ ਹੋ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਬਾਅਦ 'ਚ ਦੋਵੇਂ ਭਰਾਵਾਂ ਸਮੇਤ ਦਰਜਨਾਂ ਆਗੂਆਂ ਤੇ ਵਰਕਰਾਂ ਨੂੰ ਫੜ ਕੇ ਜੇਲ੍ਹਾਂ 'ਚ ਬੰਦ ਕਰ ਦਿੱਤਾ ਗਿਆ। ਲੰਮੇ ਅਰਸੇ ਬਾਅਦ ਰਿਹਾਈ ਮਗਰੋਂ ਬਾਹਰ ਆ ਕੇ ਫਿਰ ਉਨ੍ਹਾਂ ਨੇ ਅੰਗਰੇਜ਼ ਹਕੂਮਤ ਵਿਰੁੱਧ ਅਸਲੀ ਆਜ਼ਾਦੀ ਤੇ ਖਰੇ ਲੋਕ ਜਮਹੂਰੀ ਰਾਜ ਪ੍ਰਬੰਧ ਦੀ ਸਿਰਜਣਾ ਲਈ ਜੱਦੋ-ਜਹਿਦ ਜਾਰੀ ਰੱਖੀ। ਸੰਨ 1946 ਦੀ ਲੁਧਿਆਣਾ ਕਾਨਫਰੰਸ ਮੌਕੇ ਪ੍ਰੇਮ ਸਿੰਘ ਨੇ ਬਹੁਤ ਹੀ ਸੂਝ ਅਤੇ ਜੋਸ਼ ਭਰਪੂਰ ਤਕਰੀਰ ਰਾਹੀਂ ਗੋਰੀ ਹਕੂਮਤ ਨੂੰ ਨੰਗਾ ਕੀਤਾ। ਸਿੱਟੇ ਵਜੋਂ ਇਕ ਹੋਰ ਨਵਾਂ ਕੇਸ ਦਰਜ ਕਰਕੇ ਉਨ੍ਹਾਂ ਨੂੰ ਮੁੜ ਕੈਦ ਕਰ ਲਿਆ ਗਿਆ। ਮੁੜ ਰਿਹਾਈ ਮਗਰੋਂ ਉਨ੍ਹਾਂ ਨੂੰ ਕਈ ਵਾਰ ਪਿੰਡ 'ਚ ਵੀ ਜੂਹ ਬੰਦ ਕੀਤਾ ਗਿਆ। ਪਰ ਇਸ ਨੂੰ ਟਿੱਚ ਸਮਝਦੇ ਹੋਏ ਉਹ ਫਰਾਰ ਹੋ ਜਾਂਦੇ ਰਹੇ। 15 ਅਗਸਤ 1947 ਮੌਕੇ ਭਾਰਤ-ਪਾਕਿਸਤਾਨ ਦੀ ਵੰਡ ਵੇਲੇ 10 ਲੱਖ ਲੋਕਾਂ ਦੇ ਫਿਰਕੂ ਕਤਲੇਆਮ ਕਾਰਨ ਪ੍ਰੇਮ ਸਿੰਘ ਸਰਾਭਾ, ਤੇਜਾ ਸਿੰਘ ਸਫਰੀ ਸਮੇਤ ਅਨੇਕਾਂ ਕਮਿਊਨਿਸਟ ਯੋਧਿਆਂ ਨੇ ਸਮਝਿਆ ਕਿ ਦੇਸ਼ ਦੀ ਮਿਹਨਤਕਸ਼ ਜਨਤਾ ਨਾਲ ਵੱਡਾ ਧੋਖਾ ਹੋ ਗਿਆ ਹੈ। ਇਸ ਕਰਕੇ ਉਨ੍ਹਾਂ ਨੇ ਕਾਲੇ ਅੰਗਰੇਜ਼ਾਂ ਵਿਰੁੱਧ ਵੀ ਬਗਾਵਤ ਦਾ ਝੰਡਾ ਚੁੱਕ ਲਿਆ। ਸਿੱਟੇ ਵਜੋਂ ਪ੍ਰੇਮ ਸਿੰਘ ਨੂੰ ਮੁੜ ਜੇਲ੍ਹ 'ਚ ਡੱਕ ਦਿੱਤਾ ਗਿਆ। ਜੇਲ੍ਹ 'ਚੋਂ ਪਾੜ ਲਾ ਕੇ ਤਿੰਨ ਜੁਝਾਰੂ ਕੈਦੀ; ਕਾਮਰੇਡ ਵਿਧਾਤਾ ਰਾਮ, ਰਾਜਿੰਦਰ ਸਿੰਘ ਤੇ ਗੁਰਚਰਨ ਸਿੰਘ ਰੰਧਾਵਾ ਫਰਾਰ ਹੋ ਗਏ। ਪ੍ਰੇਮ ਸਿੰਘ 'ਤੇ ਭਾਰੀ ਤਸ਼ੱਦਦ ਕੀਤਾ ਗਿਆ। ਪੁਲੀਸ ਨੇ ਉਨ੍ਹਾਂ ਨੂੰ ਕੁੱਟ-ਕੁੱਟ ਕੇ ਸ਼ਹੀਦ ਕਰ ਦਿੱਤਾ। ਉਨ੍ਹਾਂ ਦੀ ਦੇਹ ਲੈਣ ਲਈ ਕਾਮਰੇਡ ਭਾਗ ਸਿੰਘ ਸਰਾਭਾ ਸਾਥੀਆਂ ਸਮੇਤ ਲੁਧਿਆਣਾ ਜੇਲ੍ਹ ਪੁੱਜੇ। ਪਰ ਉਨ੍ਹਾਂ ਨੂੰ ਕੋਰਾ ਜਵਾਬ ਦਿੱਤਾ ਗਿਆ ਅਤੇ ਦੇਹ ਨੂੰ ਜਬਰੀ ਜੇਲ੍ਹ ਦੇ ਅੰਦਰ ਹੀ ਦਫਨ ਕਰ ਦਿੱਤਾ ਗਿਆ।

ਪ੍ਰੇਮ ਸਿੰਘ ਸਰਾਭਾ ਨੇ ਸ਼ਹੀਦ ਹੋਣ ਤੋਂ ਪਹਿਲਾਂ ਵਜ਼ੀਰੇ ਆਜ਼ਮ ਜਵਾਹਰ ਲਾਲ ਨਹਿਰੂ ਨੂੰ ਇੱਕ ਪੱਤਰ ਲਿਖਿਆ, ਜਿਸ ਦੀ ਬਹੁਤ ਵੱਡੀ ਇਤਿਹਾਸਕ ਅਹਿਮੀਅਤ ਹੈ। ਇਸ ਦੀ ਸੰਖੇਪ ਸ਼ਬਦਾਵਲੀ ਇਸ ਤਰ੍ਹਾਂ ਹੈ, "ਅਸੀਂ ਜਿਹੜੇ ਅਸਲੀ ਆਜ਼ਾਦੀ ਤੇ ਸੱਚੀ ਬਰਾਬਰੀ ਲਈ ਲੜੇ, ਅੱਜ ਜੇਲ੍ਹਾਂ ਵਿੱਚ ਜੱਦੋ-ਜਹਿਦ ਕਰਦੇ ਮਰ ਰਹੇ ਹਾਂ। ਤੁਸੀਂ ਜਨਤਾ ਤੋਂ ਦੂਰ ਚਲੇ ਗਏ ਹੋ। ਆਪਣੇ ਭਾਰਤ ਤੋਂ ਦੂਰ। ਤੁਸੀਂ ਅਮਰੀਕਾ ਤੇ ਬਰਤਾਨੀਆ ਦੇ ਸ਼ਾਹੀ ਖਾਨਦਾਨਾਂ ਦੇ ਨੇੜੇ ਹੋ ਗਏ ਹੋ। ਸਾਡੀ ਅਤੇ ਕਿਰਤੀਆਂ ਦੀ ਵਫ਼ਾ ਤੇ ਤਪੱਸਿਆ ਆਪਣੇ ਹੱਕ ਮੰਗਦੀ ਹੈ। ਤੁਸੀਂ ਕਿਰਤੀਆਂ ਵੱਲ ਪਿੱਠ ਕਰ ਰਹੇ ਹੋ ਤੇ ਸਾਮਰਾਜੀਆਂ ਵੱਲ ਮੂੰਹ ਕਰ ਰਹੇ ਹੋ। ਤੁਸੀਂ ਜੋ ਕੀਤਾ, ਚੰਗਾ ਨਹੀਂ ਕੀਤਾ। ਸਾਡੀਆਂ ਜੇਲ੍ਹਾਂ ਵਿੱਚ ਹੋ ਰਹੀਆਂ ਸ਼ਹੀਦੀਆਂ, ਨਵੇਂ ਇਤਿਹਾਸ ਨੂੰ ਜਨਮ ਦੇਣਗੀਆਂ। ਅੱਛਾ ਮੈਂ ਜਾ ਰਿਹਾ ਹਾਂ, ਆਪਣੇ ਸ਼ਹੀਦਾਂ ਕੋਲ।" ਇਹ ਕਹਿਣ ਮਗਰੋਂ 30 ਸਤੰਬਰ 1949 ਨੂੰ ਉਹ ਦੇਸ਼ ਵਾਸੀਆਂ ਨੂੰ ਸਦਾ ਲਈ ਵਿਛੋੜਾ ਦੇ ਗਏ। ਉਨ੍ਹਾਂ ਦੇ ਬੋਲ ਦੇਸ਼ ਅੰਦਰ ਖਰੀ ਆਜ਼ਾਦੀ, ਖੁਸ਼ਹਾਲੀ, ਮੁਕੰਮਲ ਬਰਾਬਰੀ ਤੇ ਸਮਾਜਵਾਦ ਲਈ ਲੋਕ ਲਹਿਰਾਂ ਦਾ ਮਾਰਗ ਦਰਸ਼ਨ ਕਰਦੇ ਰਹਿਣਗੇ।

*ਜਸਦੇਵ ਸਿੰਘ ਲਲਤੋਂ*

# ਮਿੱਟੀ ਦੀ ਮਹਿਕ



ਕੀਰਤ ਸਿੰਘ ਤਪੀਆ
7973818505

ਇਹ ਗੱਲ 1989/90 ਦੀ ਹੈ ਜਦੋਂ ਅਜੇ ਸਮੁੱਚਾ ਪੰਜਾਬ ਅਜੇ ਵੀ ਕਾਲੇ ਦੌਰ ਦੀ ਗ੍ਰਿਫਤ ਵਿੱਚ ਸੀ ਅਸੀਂ ਆਪਣੇ ਰੈਣ ਬਸੇਰੇ ਦਾ ਨਿਰਮਾਣ ਕਰਕੇ ਅਜੇ ਮੁਕਤ ਹੀ ਹੋਏ ਸੀ ਕਿ ਮੇਰੀ ਪੱਤਨੀ ਜੋ ਪੰਜਾਬ ਸ੍ਰਕਾਰ ਦੇ ਮਹਿਕਮੇ ਵਿੱਚ ਕਲੇਰੀਕਾਲ ਕੇਡਰ ਵਿੱਚ ਤਾਇਨਾਤ ਸੀ ਉਹਨਾਂ ਨੂੰ ਮਹਿਕਮੇ ਵਲੋਂ ਪਦੁਨੀਤਿ ਸੀਨੀਅਰ ਸਹਾਇਕ ਲਈ ਪੱਤਰ ਪ੍ਰਾਪਤ ਹੋਇਆ ਜਿਸ ਵਿੱਚ ਸ੍ਰਕਾਰ ਵਲੋਂ ਰੱਖੇ ਇਮਿਤਿਹਾਨ ਪਾਸ ਕਰਨਾ ਜਰੂਰੀ ਸੀ.

ਮੇਰੀ ਪੱਤਨੀ ਨੇ ਘਰ ਆਕੇ ਮੇਨੂ ਓਸ ਪੱਤਰ ਬਾਰੇ ਜਾਣਕਾਰੀ ਦਿੱਤੀ ਜਿਸ ਵਿੱਚ ਮਹਿਕਮੇ ਵੱਲੋਂ ਦੋ ਪੇਪਰ ਇੱਕੋ ਹੀ ਦਿਨ ਲੈਣ ਦਾ ਟੀਚਾ ਰੱਖਿਆ ਸੀ ਉਹਵੀ ਚੰਡੀਗੜ੍ਹ ਵਿਖੇ. ਭਾਂਵੇ ਹਾਲਾਤ ਖੁਸ਼ਗਵਾਰ ਨਹੀਂ ਸਨ ਪਰ ਵਿਭਾਗੀ ਤਰੱਕੀ ਕਾਰਨ ਜਾਣਾ ਹੀ ਪੈਣਾ ਸੀ ਸੋ ਅਸੀਂ ਮਿਥੀ ਹੋਈ ਤਰੀਕ ਮੁਤਾਬਿਕ ਕੁੱਝ ਲੋੜੀਂਦੇ ਕੱਪੜੇ ਅਤੇ ਦਸਤਾਵੇਜ ਲੈਕੇ ਚੰਡੀਗੜ੍ਹ ਸੈਕਟਰ ਸਤਾਰਾਂ ਪਹੁੰਚ ਗਏ, ਇੱਕ ਪੇਪਰ ਪਹਿਲੇ ਪਹਿਰ ਅਤੇ ਦੂਸਰਾ ਦੂਜੇ ਪਹਿਰ ਹੋਣਾ ਸੀ ਅਸੀਂ ਇਹ ਸੋਚ ਰੱਖਿਆ ਸੀ ਸ਼ਾਮ ਨੂੰ ਦੇਰ ਹੋ ਜਾਣੀ ਹੈ ਅਤੇ ਅੰਮ੍ਰਿਤਸਰ ਦਾ ਸਫ਼ਰ ਬਹੁਤ ਲੰਬਾ ਹੋ ਜਾਣਾ ਸੀ ਅਸੀਂ ਇਹ ਗੱਲ ਵਿਚਾਰੀ ਸੀ ਪੇਪਰ ਖਤਮ ਹੁੰਦਿਆਂ ਹੀ ਬਜਾਏ ਅੰਮ੍ਰਿਤਸਰ ਦੇ ਅਸੀਂ ਪਟਿਆਲੇ ਚਲੇ ਜਾਵਾਂਗੇ ਨਾਲੇ ਆਪਣਿਆਂ ਨਾਲ ਮੇਲ ਮਿਲਾਪ ਹੋ ਜਾਣਗੇ.

ਮਗਰ ਕੁਦਰਤ ਨੂੰ ਸ਼ਾਇਦ ਕੁੱਝ ਹੋਰ ਹੀ ਮੰਜ਼ੂਰ ਸੀ ਜਿਸ ਗੱਲ ਦਾ ਅਸੀਂ ਕਦੇ ਕਿਆਸ ਵੀ ਕੀਤਾ ਨਹੀਂ ਸੀ. ਸੁਵੇਰ ਵੇਲੇ ਦਾ ਪਹਿਲਾ ਪੇਪਰ ਮਿਥੇ ਸਮੇਂ ਅਨੁਸਾਰ ਸ਼ੁਰੂ ਹੋਕੇ ਖਤਮ ਹੋ ਗਿਆ. ਹੁਣ ਦੂਸਰੇ ਪੇਪਰ ਲਈ ਸਾਰੇ ਮੁਲਾਜਿਮ ਇੱਕ ਫੇਰ ਪ੍ਰੀਖਿਆ ਕੇਂਦ੍ਰ ਵਿੱਚ ਦਾਖਿਲ ਹੋਏ. ਕਾਫੀ ਦੇਰ ਉਡੀਕਿਆ ਮਗਰ ਪ੍ਰਸ਼ਨ ਪੱਤਰ ਨਾਂ ਮਿਲੇ ਪ੍ਰਸ਼ਾਸ਼ਨਿਕ ਅਮਲਾ ਵੀ ਚਿੰਤਤ ਦਿਖਾਈ ਦੇ ਰਿਹਾ ਸੀ ਇਹ ਉਹਨਾਂ ਵੇਲਿਆਂ ਦਾ ਦੌਰ ਸੀ ਜਦੋਂ ਮੋਬਾਈਲ ਅਜੇ ਵਿਕਸਤ ਨਹੀਂ ਸਨ ਹੋਏ ਹਰ ਕੋਈ ਖ਼ਬਰ ਜਾਨਣ ਲਈ ਉਤਸਿਕ ਸੀ ਪਰ ਇੰਤਜ਼ਾਰ ਤੋਂ ਸਿਵਾਏ ਕੋਈ ਹੱਲ ਨਹੀਂ ਸੀ ਕਾਫੀ ਸਮੇਂ ਬਾਦ ਚਪੜਾਸੀ ਤਾਰ ਸੰਦੇਸ਼ ਲੈਕੇ ਪ੍ਰੀਖਿਆ ਮੁਖੀ ਨੂੰ ਸੋਮਪਿਆ ਕਿ ਪੇਪਰ ਅੱਜ ਦੀ ਬਜਾਏ ਕੱਲ ਹੋਏਗਾ ਵਿਭਾਗੀ ਕੁੱਝ ਗਤੀ ਵਿਧੀਆਂ ਕਾਰਨ ਪ੍ਰਸ਼ਾਸ਼ਨ ਖਿਮਾ ਦਾ ਜਾਚਕ ਹੈ.. ਪ੍ਰੀਖਿਆ ਮੁਖੀ ਨੇ ਇਹ ਸੰਦੇਸ਼ ਪੜ ਕੇ ਸੁਣਾਇਆ ਅਤੇ ਸੁਵੇਰੇ ਠੀਕ ਨੌ ਵਜੇ ਪੇਪਰ ਹੋਣ ਦੀ ਤਾਗੀਦ ਕੀਤੀ.

ਬਾਹਰ ਆਕੇ ਇਹ ਸਾਰੀ ਘਟਨਾ ਤੋਂ ਮੈਨੂੰ ਜਾਣੂ ਕਰਾਇਆ. ਇਹ ਖ਼ਬਰ ਸੁਣ ਕੇ ਪ੍ਰੇਸ਼ਾਨ ਹੋਣਾ ਸੁਭਾਵਿਕ ਹੀ ਸੀ ਕਿਉਂਕਿ ਨਾਂ ਓਥੈ ਸਾਡੀ ਕੋਈ ਠਾਹਰ ਨਾਂ ਜਾਣ ਪਹਿਚਾਣ. ਏਸ ਖ਼ਬਰ ਨੇ ਡੂੰਗੀਆਂ ਸੋਚਾਂ ਵਿੱਚ ਪਾ ਦਿੱਤਾ ਕਿਓਂਕੇ ਪੰਜਾਬ ਹਾਲਾਤ ਇਹਨੇ ਖੁਸ਼ਗਵਾਰ ਨਹੀਂ ਸਨ ਕੇ ਹੋਟਲ ਵਿੱਚ ਰੁਕਿਆ ਜਾਵੇ. ਫੇਰ ਪਤਾ ਕੀਤਾ ਏਥੇ ਨਜ਼ਦੀਕ ਹੀ ਪੰਜਾਬ ਸ੍ਰਕਾਰ ਦੁਆਰਾ ਨਿਰਮਤ ਕਿਸਾਨ ਭਵਨ ਹੈ ਓਥੇ ਜਾਇਆ ਜਾਏ.

ਮੈਂ ਮੋਢੇ ਤੇ ਬੇਗ ਰੱਖ ਕੇ ਏਸੇ ਉਧੇੜ ਬੁੰਨ ਦੀ ਵਿਓਂਤਬੰਦੀ ਵਿੱਚ ਸੜਕ ਦੇ ਕਿਨਾਰੇ ਕਿਨਾਰੇ ਕਿਸੇ ਠਿਕਾਣੇ ਦੀ ਖੋਜ ਵਿੱਚ ਤੁਰੇ ਜਾ ਰਹੇ ਸੀ ਇਹਨੇ ਦੇਰ ਵਿੱਚ ਇੱਕ ਸਕੂਟਰ ਸਵਾਰ ਸਾਡੇ ਬਿਲਕੁੱਲ ਕੋਲੋਂ ਦੀ ਗੁਜਰਿਆ ਤੇ ਥੋੜਾ ਅੱਗੇ ਨਿਕਲ ਕੇ ਫੇਰ ਸਾਢੇ ਵੱਲ ਪਿੱਛੇ ਝਾਕਿਆ ਅਤੇ ਰੁਕ ਗਿਆ ਉਹਨੇ ਸਾਈਡ ਤੇ ਸਕੂਟਰ ਖੜਾ ਕਰਕੇ ਆਪਣੇ ਤੱਕ ਸਾਡੀ ਪਹੁੰਚ ਦੀ ਉਡੀਕ ਕਰਨ ਲੱਗ ਪਿਆ ਅਸੀਂ ਉਸਨੂੰ ਲੰਘ ਕੇ ਅੱਗੇ ਨੂੰ ਤੁਰੀ ਜਾ ਰਹੇ ਸੀ ਅਤੇ ਏਸ ਗੱਲ ਤੋਂ ਅਨਭੋਲ ਸੀ ਕੇ ਸਾਢੀ ਜਾਣ ਪਹਿਚਾਣ ਕਰਨਾ ਚਾਉਂਦਾ ਸੀ. ਫੇਰ ਉਸਨੇ ਮੇਰੇ ਪਿੱਛਿਓ ਆਕੇ ਮੇਰੇ ਮੋਢੇ ਤੇ ਹੱਥ ਰੱਖ ਕੇ ਸੰਬੋਧਨ ਕੀਤਾ ਮਾਫ ਕਰਨਾ ਤੁਸੀ ਕਿੱਧਰੇ ਉਹ ਤਾਂ ਨਹੀਂ. ਜਦੋਂ ਓਹਨੇ ਮੇਰਾ ਨਾਂ ਲੈਕੇ ਬੁਲਾਇਆ ਤਾਂ ਮੈਂ ਇੱਕ ਦਮ ਹੈਰਾਨ ਰਹਿ ਗਿਆ ਕਿ ਇਹ ਮੇਰਾ ਨਾਮ ਕਿਸ ਤਰਹ ਜਾਣਦਾ ਹੈ. ਮੇਰੇ ਅਜੇ ਹਾਂ ਦਾ ਸ਼ਬਦ ਅਜੇ ਮੂੰਹ ਵਿੱਚ ਹੀ ਸੀ ਉਸਨੇ ਮੈਨੂੰ ਆਪਣੀ ਗਲਵੱਕੜੀ ਵਿੱਚ ਲੇ ਲਿਆ. ਤੇ ਕਹਿੰਦਾ ਭਰਾ ਮੈਨੂੰ ਨਹੀਂ ਪਹਿਚਾਣਿਆ. ਜਦ ਉਸ ਦੀ ਬੋਲੀ ਦਾ ਲਹਿਜਾ ਸੁਣਿਆ ਤਾਂ ਮੈਥੋਂ ਵੀ ਰੁੱਕ ਨਾਂ ਹੋਇਆ. ਤੁਸੀਂ ਏਥੇ ਕਿਦ੍ਹਾ ਤੇ ਕਿੰਵੇ ਉਸਨੇ ਦੋ ਤਿੰਨ ਸਵਾਲ ਹੇਠ ਉੱਤੇ ਫਟਾ ਫੱਟ ਕਰ ਦਿੱਤੇ ਤੇ ਨਾਲੇ ਆਪਣਾਂ ਤੁਆਰਫ ਕਰਵਾਇਆ ਕਿ ਮੈਂ ਏਥੇ ਕੇਂਦ੍ਰ ਸਰਕਾਰ ਅੰਦਰ ਆਉਂਦੇ ਮਹਿਕਮੇ ਵਿੱਚ ਤਕਨੀਕੀ ਸਿੱਖਿਆ ਅਫਸਰ ਲੱਗਿਆ ਹਾਂ. ਤੇ ਤੁਸੀਂ ਏਥੇ ਕਿੰਵੇ. ਮੈਂ ਓਹਨੂੰ ਸਾਰੇ ਹਾਲਾਤ ਤੋਂ ਜਾਣੂ ਕਰਾਇਆ ਤੇ ਇਹਨਾ ਸੁਣਦਿਆਂ ਹੀ ਉਸਨੇ ਮੇਰੇ ਮੋਢੇ ਤੋਂ ਬੈਗ ਉਤਾਰ ਕੇ ਆਪਣੇ ਮੋਢੇ ਰੱਖ ਲਿਆ ਤੇ ਆਖਣ ਲੱਗਾ ਤੇਰੇ ਵੀਰ ਦਾ ਏਥੇ ਛੋਟਾ ਜਿਹਾ ਫਲੈਟ ਹੈ ਮੈਂ ਕੋਈ ਹੋਰ ਗੱਲ ਨਹੀਂ ਸੁਣਨੀ ਤੁਸੀਂ ਮੇਰੇ ਨਾਲ ਮੇਰੇ ਘਰ ਚੱਲੋ ਜੇਕਰ ਅੱਜ ਤੇਰਾ ਜਮਾਤੀ ਭਰਾ ਤੇਰੇ ਕੰਮ ਨਾਂ ਆਇਆ ਤਾਂ ਕੀ ਫਾਇਦਾ ਤਾਲੀਮ ਲੈਣ ਦਾ ਨਾਲੇ ਅੱਪਾਂ ਪੁਰਾਣੀਆਂ ਗੱਲਾਂ ਕਰਾਂਗੇ ਨਾਲੇ ਤੁਹਾਨੂੰ ਮੈਂ ਆਪਣੀ ਪੱਤਨੀ ਨੂੰ ਵੀ ਮਿਲਾਵਾਂਗਾ ਉਹ ਏਥੇ ਨਜ਼ਦੀਕ ਹੀ ਕਾਲਜ ਵਿੱਚ ਲੈਕਚਰਾਰ ਲੱਗੀ ਹੈ ਜੇਕਰ ਆਪਜੀ ਦੇ ਵਿਚਾਰਾਂ ਵਿੱਚ ਅਜੇ ਵੀ ਪੁਰਾਣੀ ਕੋਈ ਸੋਚ ਹੈ ਤਾਂ ਉਸ ਬਾਰੇ ਵਿੱਚ ਆਪਜੀ ਦੇ ਆਪਣੇ ਨਿੱਜੀ ਵਿਚਾਰ ਹੋਣੇ ਹੈ. ਮੈਂ ਇੱਕਦਮ ਉਸਦੇ ਮੂੰਹ ਤੇ ਹੱਥ ਰੱਖਦਿਆਂ ਆਖਿਆ ਭਰਾਵਾ ਅਸੀਂ ਅੱਜ ਵੀ ਓਹੀ ਜਮਾਤੀ ਹਾਂ ਅੱਗੇ ਤੋਂ ਇਹ ਗੱਲ ਨਾਂ ਕਹੀਂ ਇੰਹਨੀ ਗੱਲ ਕਰਕੇ ਮੈਂ ਵੀ ਜਜਬਾਤੀ ਹੋ ਗਿਆ.

ਮੈਂ ਆਪਣੀ ਸ਼ਿਰੀਮਤੀ ਤੋਂ ਅੱਖਾਂ ਹੀ ਅੱਖਾਂ ਚੋਂ ਸਹਿਮਤੀ ਲਈ ਅਤੇ ਉਸਦੇ ਫਲੈਟ ਨੂੰ ਜਾਣ ਨੂੰ ਤੁਰ ਪਏ

ਉਸਦਾ ਫਲੈਟ ਤੀਸਰੀ ਮੰਜ਼ਿਲ ਤੇ ਸੀ ਆਖਿਰ ਕੁੱਝ ਦੇਰ ਬਾਦ ਉਸਦੇ ਦੌਲਤ ਖਾਨੇ ਪੁੱਜ ਗਏ ਦੋ ਬੇੱਡ ਰੂਮ ਡਰਾਇੰਗ ਰੂਮ ਕਿਚਨ ਬਾਥ ਛੋਟਾ ਮਗਰ ਖੂਬਸੂਰਤ ਸਜਾਵਟ ਨਾਲ ਸੁਸੱਜਿਤ ਸੀ. ਸਾਨੂੰ ਡਰਾਇੰਗ ਰੂਮ ਵਿੱਚ ਬਿਠਾ ਕੇ ਕੋਲਡ ਡ੍ਰਿੰਕ ਬਿਸਕੁੱਟ ਤੇ ਨਮਕੀਨ ਰੱਖ ਕੇ ਕਹਿਣ ਲੱਗਾ ਭਾਬੀ ਜੀ ਭਰਾ ਜੀ ਤੁਸੀਂ ਥੋੜੀ ਖਾ ਪੀ ਕੇ ਥਕਾਵਟ ਉਤਾਰੋ ਮੈਂ ਹੁਣੇ ਪੰਦਰਾਂ ਮਿੰਟਾਂ ਵਿੱਚ ਤੁਹਾਡੀ ਭਰਜਾਈ ਨੂੰ ਕਾਲਜ ਚੋਂ ਲੈ ਆਵਾਂ ਉਸ ਕੋਲ ਕੋਈ ਕੋਨਵੇਸ ਨਹੀਂ ਅਗਰ ਲੈ ਵੀ ਲਈਏ ਤਾਂ ਇਹ ਭਰਾਵਾ ਚੰਡੀਗੜ੍ਹ ਹੈ ਪਾਰਕਿੰਗ ਦੀ ਬੜੀ ਦਿੱਕਤ ਹੈ ਇਹਨਾ ਕਹਿ ਕੇ ਉਹ ਆਪਣੀ ਪੱਤਨੀ ਨੂੰ ਲੈਣ ਲਈ ਤੁਰ ਗਿਆ.

ਕੋਲਡ ਡ੍ਰਿੰਕ ਪੀਂਦਿਆਂ ਮੇਰੀ ਪੱਤਨੀ ਨੇ ਮੈਨੂੰ ਪੁੱਛ ਹੀ ਲਿਆ ਇਹ ਪੂਰਾ ਕੀ ਮਾਜਰਾ ਹੈ ਜ਼ਰਾ ਤਵਸੀਲ ਨਾਲ ਦੱਸੋ. ਮੈਂ ਫੇਰ ਓਹਨੂੰ ਆਪਣੇ ਗੁਆਚੇ ਪਲਾਂ ਚ ਲੈ ਗਿਆ ਅਤੇ ਕਹਿਣਾ ਸ਼ੁਰੂ ਕੀਤਾ ਇਹ ਓਸ ਸਮੇਂ ਦੀ ਘਟਨਾ ਹੈ ਜਦੋਂ ਮੈਂ ਅਜੇ ਸੱਤਵੀਂ ਜਮਾਤ ਵਿੱਚ ਹੀ ਪੜ ਰਿਹਾ ਸੀ ਕਿ ਸਾਡ੍ਹੇ ਪਿਤਾ ਜੀ ਦੀ ਹਾਰਟ ਅਟੈਕ ਨਾਲ ਮੌਤ ਹੋਈ. ਸਾਡੇ ਮੋਢਿਆਂ ਤੇ ਦੁੱਖਾਂ ਦੇ ਪਹਾੜ ਟੁੱਟ ਪਏ. ਚਾਰ ਭੈਣਾਂ ਕੁਆਰੀਆਂ ਬੇਵਾ ਮਾਤਾ ਕੋਈ ਪੈਨਸ਼ਨ ਨਾਂ ਸਿਰਫ ਆਸਰਾ ਸੀ ਤਾਂ ਵੱਡੇ ਭਰਾ ਦਾ ਜੋ ਓਸ ਵੇਲੇ ਅਜੇ ਰੇਲਵੇ ਵਰਕਸ਼ਾਪ ਵਿੱਚ ਅਜੇ ਲੱਗਿਆ ਹੀ ਸੀ ਤਨਖਾਹ ਇੰਨੀ ਘੱਟ ਕਿ ਘਰ ਦਾ ਗੁਜਾਰਾ ਮੁਸ਼ਕਿਲ. ਮੇਰੀ ਪੜਾਈ ਦਾ ਮਸਲਾ ਵੀ ਸੀ. ਓਸ ਅਉਖੀ ਘੜੀ ਵਿੱਚ ਮੇਰੇ ਚਾਚੇ ਨੇ ਮੇਰੀ ਬਾਂਹ ਫੜੀ ਉਹਵੀ ਭਾਂਵੇ ਪਿੰਡ ਵਿੱਚ ਰਹਿਦੇ ਸਨ ਜਮੀਨ ਜਾਇਦਾਦ ਦੇ ਨਾਲ਼ ਨਾਲ਼ ਉਹ ਇੱਕ ਅਧਿਆਪਕ ਵੀ ਸਨ. ਉਹ ਮੈਨੂੰ ਆਪਣੇ ਪਿੰਡ ਲੈ ਗਏ ਭਾਂਵੇ ਉਹ ਜੱਦੀ ਪਿੰਡ ਸਾਡਾ ਵੀ ਸੀ ਉਥੇ ਮਹਿਲ ਨੁਮਾ ਘਰ ਜੋ ਸਾਡੇ ਪਿਤਾ ਜੀ ਨੇ ਕਾਫੀ ਅਰਸਾ ਵਿਦੇਸ਼ਾਂ ਵਿੱਚ ਨੌਕਰੀ ਕਰਕੇ ਕਮਾਏ ਪੈਸਿਆਂ ਨਾਲ ਆਪਣੇ ਮਾਂ ਬਾਪ ਲਈ ਸੁੰਦਰ ਘਰ ਬਣਾ ਕੇ ਦਿੱਤਾ ਸੀ. ਉਹਨਾਂ ਨੇ ਪਿੰਡ ਵਿੱਚ ਘਰ ਹੋਣ ਬਾਰੇ ਕਈ ਵਾਰ ਘਰ ਚਰਚੇ ਕੀਤੇ ਮਗਰ ਦਾਦਾ ਦਾਦੀ ਦੀ ਮੌਤ ਪਿੱਛੋਂ ਉਹ ਘਰ ਬੰਦ ਹੀ ਰਿਹਾ ਕਿਓਂਕੇ ਸ਼ਹਿਰ ਦੀ ਭੱਜ ਦੌੜ ਵਿੱਚ ਵਕਤ ਨੇ ਵਹਿਲ ਹੀ ਨਹੀਂ ਦਿੱਤਾ. ਪਰ ਮੈਨੂੰ ਬਹੁਤ ਚਾਅ ਸੀ ਕਿ ਆਪਣਾਂ ਪਿੰਡ ਆਪਣਾਂ ਘਰ ਤੱਕਾਂ. ਸੋ ਵਕਤ ਮੈਨੂੰ ਮੇਰੀ ਮੁਰਾਦ ਵੱਲ ਪਿੰਡ ਲੈ ਗਿਆ. ਮੈਂ ਕਦੇ ਪਿੰਡ ਨਹੀਂ ਤੱਕਿਆ ਸੀ ਉਥੇ ਨਜ਼ਦੀਕ ਹੀ ਸਕੂਲ ਸੀ ਤਕਰੀਬਨ ਸਾਰੇ ਪਿੰਡ ਦੇ ਬੱਚੇ ਉਥੇ ਹੀ ਪੜਣ ਜਾਂਦੇ. ਉਥੇ ਹੀ ਇਹ ਮੇਰਾ ਮਿੱਤਰ ਜੋ ਅੱਪਾਂ ਨੂੰ ਅੱਜ ਮਿਲਿਆ ਹੈ ਨਾਲ ਹੀ ਪੜ੍ਹਦਾ ਸੀ ਤੇ ਇਸ ਦੇ ਬਾਪੂ ਮੇਰੇ ਚਾਚਾ ਜੀ ਦੇ ਖੇਤ ਵਾਹੁੰਦੇ ਹੁੰਦੇ ਸਨ ਇੱਕ ਤਾਂ ਅੱਤ ਦੀ ਗਰੀਬੀ ਸੀ ਨਾਲੇ ਨੀਚ ਜਾਤੀ ਦੇ ਹੋਣ ਕਾਰਨ ਅਕਸਰ ਲੜਕੇ ਇਸ ਨਾਲ ਘੱਟ ਹੀ ਘੁਲ਼ਦੇ ਮਿਲਦੇ. ਮਗਰ ਮੈਂ ਸ਼ਹਿਰ ਚੋ ਜਾਣ ਕਾਰਣ ਓਥੋਂ ਦੇ ਹਾਲਾਤਾਂ ਤੋਂ ਪ੍ਰਭਾਵਿਤ ਨਾਂ ਹੋਇਆ. ਅਤੇ ਮਿਲਣਾ ਗਿਲਣਾ ਅਤੇ ਪੁਸਤਕਾਂ ਦਾ ਅਦਾਨ ਪ੍ਰਦਾਨ ਅਕਸਰ ਚਲਦਾ ਰਹਿੰਦਾ. ਇਸੇ ਤਰਹ ਦੋ ਕੁ ਸਾਲ ਪਿੰਡ ਬਤੀਤ ਕਰਕੇ ਮੈਂ ਅੰਮ੍ਰਿਤਸਰ ਆ ਗਿਆ ਅਤੇ ਇਹ ਪੜ੍ਹ ਕੇ ਏਥੇ ਆ ਪੁੱਜਾ ਅਜੇ ਅਸੀਂ ਗੱਲਾਂ ਕਰ ਹੀ ਰਹੇ ਸੀ ਕਿ ਮੇਰਾ ਦੋਸਤ ਆਪਣੀ ਪੱਤਨੀ ਨਾਲ ਕਮਰੇ ਵਿੱਚ ਦਾਖਿਲ ਹੋਇਆ. ਲੱਗਦਾ ਸੀ ਉਸਨੇ ਵੀ ਇਹ ਸਾਰੀ ਗੱਲ ਆਪਣੀ ਪੱਤਨੀ ਨਾਲ ਸਾਂਝੀ ਕੀਤੀ ਹੋਵੇਗੀ. ਉਸਦੀ ਪੱਤਨੀ ਵੀਂ ਨਿਹਾਇਤ ਖੂਬਸੂਰਤ ਅਤੇ ਬੌਬ ਕੱਟ ਹੇਅਰ ਸਟਾਈਲ ਅਤੇ ਦਿਲਕਸ਼ ਲਿਬਾਸ ਨਾਲ ਮੋਢੇ ਤੇ ਪਰਸ ਚੁੱਕੀ ਜਿਉਂ ਹੀ ਅੰਦਰ ਆਈ ਉਸਨੇ ਆਉਂਦੇ ਹੀ ਮੇਰੀ ਸ੍ਰੀ ਮਤੀ ਨੂੰ ਜੱਫੀ ਵਿੱਚ ਲੈ ਲਿਆ ਜਿੰਵੇ ਉਹ ਓਹਨੂੰ ਮੁੱਦਤ ਤੋਂ ਜਾਣੂ ਹੋਵੇ. ਅਤੇ ਮੈਨੂੰ ਵੀ ਸਤਿ ਸ੍ਰੀ ਅਕਾਲ ਬੁਲਾ ਕੇ ਇੱਕ ਮਿੰਟ ਲਈ ਵਾਪਿਸ ਆਉਣ ਦਾ ਕਹਿ ਕੇ ਆਪਣੇ ਬੈੱਡ ਰੂਮ ਵਿੱਚ ਚਲੀ ਗਈ ਥੋੜੀ ਦੇਰ ਬਾਦ ਹੀ ਇਜੀ ਡਰੈੱਸ ਵਿੱਚ ਵਾਪਿਸ ਆਕੇ ਗੱਲਾਂ ਬਾਤਾਂ ਕਰਨ ਲੱਗੀ ਤੁਸੀਂ ਬਹੁਤ ਚੰਗਾ ਕੀਤਾ ਏਥੇ ਆ ਗਏ ਅਸੀਂ ਜਦੋਂ ਦੇ ਚੰਡੀਗੜ੍ਹ ਆਏ ਹਾਂ ਕੋਈ ਪ੍ਰੋਹਣਾ ਮਿਲਣ ਹੀ ਨਹੀਂ ਆਉਂਦਾ ਆਦਿ ਨਾਂ ਜਾਣੇ ਉਹ ਕਿੰਨੀਆਂ ਹੀ ਗੱਲਾਂ ਮੇਰੀ ਪੱਤਨੀ ਨਾਲ਼ ਕਰਦੀ ਰਹੀ ਚਾਹ ਪਾਣੀ ਤੋਂ ਬਾਦ ਉਹ ਰੋਟੀ ਪਾਣੀ ਬਣਾਉਣ ਵਿੱਚ ਰੁੱਝ ਗਈ. ਰਾਤ ਰੋਟੀ ਖਾਣ ਤੋਂ ਬਾਦ ਅਸੀਂ ਨਜ਼ਦੀਕ ਹੀ ਮਾਰਕੀਟ ਵਿੱਚ ਸਾਰੇ ਜਣੇ ਆਈਸ ਕਰੀਮ ਖਾਣ ਲਈ ਚਲੇ ਗਏ ਫੇਰ ਘਰ ਵਾਪਿਸ ਆਕੇ ਸੋਂ ਗਏ.

ਸੁਵੇਰੇ ਕੁੱਝ ਖੜਕੇ ਦੀ ਅਵਾਜ ਨੇ ਮੈਨੂੰ ਜਗਾਇਆ ਮੈਂ ਦੇਖਿਆ ਮੇਰੇ ਰੂਮ ਦੀ ਲਾਈਟ ਜਲ ਰਹੀ ਸੀ ਤੇ ਮੇਰੇ ਸਿਰਹਾਣੇ ਨਜ਼ਦੀਕ ਪਈ ਟੇਬਲ ਤੇ ਦੋ ਕੱਪ ਚਾਹ ਅਤੇ ਬਿਸਕੁੱਟ ਪਏ ਸਨ ਜਦ ਮੈਂ ਆਪਣੇ ਮਿੱਤਰ ਨੂੰ ਦੇਖਿਆ ਕਿ ਉਹ ਮੇਰੇ ਬੇੱਡ ਦੇ ਕੋਲ ਜਮੀਨ ਤੇ ਬੈਠਾ ਮੇਰੇ ਬੂਟਾਂ ਨੂੰ ਪਾਲਿਸ਼ ਕਰ ਰਿਹਾ ਸੀ ਮੈਂ ਅੱਬੜਵਾਹੇ ਉੱਠਿਆ ਤੇ ਉਸਦੇ ਹੱਥੋਂ ਆਪਣੇ ਬੂਟ ਫੜਦਿਆਂ ਕਿਹਾ ਭਰਾਵਾ ਇਹ ਕੀ ਕਰ ਰਿਹਾਂ ਹੈ.. ਤੇ ਕਹਿਣ ਲੱਗਾ ਭਰਾਵਾ ਅੱਜ ਵੀਂ ਤੁਹਾਡੇ ਬਜ਼ੁਰਗਾਂ ਦਾ ਖਾਧਾ ਰਿਜਕ ਅਤੇ ਉਹ ਚਾਟੀ ਦੀ ਪੀਤੀ ਲੱਸੀ ਸਾਡੀਆਂ ਰਗਾਂ ਵਿੱਚ ਖੂਨ ਬਣ ਕੇ ਦੌੜ ਰਹੀਆਂ ਹਨ ਅਸੀਂ ਕੀਕਣ ਭੁੱਲ ਪਾਵਾਂਗੇ ਤੁਹਾਡੇ ਇਹਸਾਨਾਂ ਨੂੰ ਜਿਹਨਾਂ ਦੀ ਬਦੌਲੱਤ ਅੱਜ ਅਸੀਂ ਇਸੁ ਮੁਕਾਮ ਤੇ ਪੁੱਜੇ ਹਾਂ. ਨਾਲੇ ਇਹ ਸਾਡਾ ਖਾਨਦਾਨੀ ਪਿਤਾ ਪੁਰਖੀ ਕਿੱਤਾ ਹੈ. ਕਿੱਦਾਂ ਛੱਡ ਦਈਏ. ਸਾਡੇ ਦੋਨਾਂ ਦਾ ਇਹੋ ਹਾਲ ਸੀ ਉਸਦੇ ਮੂੰਹ ਚੋ ਆਪ ਮੁਹਾਰੇ ਸ਼ਬਦ ਨਿਕਲ ਰਹੇ ਸਨ ਅਤੇ ਮੇਰੀਆਂ ਅੱਖਾਂ ਚੋਂ ਹੰਝੂ. ਅੱਜ ਵੀ ਜਦ ਕਦੀ ਮੈਨੂੰ ਇਹ ਘਟਨਾਂ ਯਾਦ ਆਉਂਦੀ ਹੈ ਤਾਂ ਸਿਰ ਆਪ ਮੁਹਾਰੇ ਸਿਜਦੇ ਲਈ ਓਹਦੇ ਇਹਸਾਨ ਅੱਗੇ ਝੁੱਕ ਜਾਂਦਾ ਹੈ.. ਅੰਮ੍ਰਿਤਸਰ ਆਕੇ ਇੱਕ ਦੋ ਵਾਰ ਹੀ ਉੱਸ ਨਾਲ ਗੱਲ ਹੋਈ ਹੈ. ਫੇਰ ਮਹਿਕਮੇ ਵਾਲਿਆਂ ਦੱਸਿਆ ਉਹ ਡਿਪਟੀ ਡਾਇਰੈਕਟਰ ਬਣ ਕੇ ਕਰਨਾਟਕ ਚਲੇ ਗਏ ਹਨ ਉੱਸ ਤੋਂ ਬਾਦ ਅੱਜ ਤੱਕ ਮੈਂ ਦੁਬਾਰਾ ਫੇਰ ਕਦੇ ਚੰਡੀਗੜ੍ਹ ਨਹੀਂ ਜਾ ਸਕਿਆ. ਵਾਹਿਗੁਰੂ ਕਰੇ ਉਹ ਜਿਸ ਜਗਾਹ ਵੀ ਹੋਵੇ ਖੁਸ਼ਆਬਾਦ ਰਹੇ ਅਤੇ ਆਪਣੀ ਮਿੱਟੀ ਦੀ ਮਹਿਕ ਹਰ ਥਾ ਬਿਖੇਰਦਾ ਰਹੇ.

ਅਮੀਨ.

# ਖੁੰਢ ਦੀ ਆਤਮਾਂ



ਮਨਜੀਤ ਪਾਲ ਸਿੰਘ
ਸਿਡਨੀ
+91 9316 313135

ਬੜੀ ਦੇਰ ਹੋਈ ਕਿਸੇ ਸਮੇਂ ਸਾਡੇ ਪਿੰਡ ਦੇ ਅੰਦਰ ਵੜਦਿਆਂ ਹੀ ਕਈ ਘਰਾਂ ਦੀ ਸਾਂਝੀ ਥਾਂ ਵਿੱਚ ਇੱਕ ਪਿੱਪਲ ਦਾ ਬਹੁਤ ਵੱਡਾ ਦਰੱਖ਼ਤ ਖੜ੍ਹਾ ਸੀ। ਇਸ ਦਰੱਖ਼ਤ ਦੇ ਥੱਲੇ ਇੱਕ ਵੱਡਾ ਸਾਰਾ ਖੁੰਢ ਪਿਆ ਹੁੰਦਾ ਸੀ ਜਿਸ ਦੇ ਉੱਤੇ ਅਕਸਰ ਕੁੱਝ ਬੰਦੇ ਬੈਠੇ ਰਹਿੰਦੇ ਸਨ। ਕੁੱਝ ਵਡੇਰੀ ਉਮਰ ਦੇ ਸਨ ਤੇ ਕੁੱਝ ਜਵਾਨ ਵੀ ਬੈਠਦੇ ਸਨ। ਖੇਤਾਂ ਨੂੰ ਆਉਂਦੇ ਜਾਂਦੇ ਕਈ ਬੰਦੇ ਕੁੱਝ ਆਰਾਮ ਕਰਨ ਲਈ ਵੀ ਬੈਠ ਜਾਂਦੇ ਸਨ। ਇੱਕ ਦੂਜੇ ਨਾਲ ਕਈ ਤਰਾਂ ਦੀਆਂ ਗੱਲਾਂ ਕਰਦੇ। ਆਪਣੀਆਂ ਮਨਘੜਤ ਕਹਾਣੀਆਂ ਸੁਣਾਉਂਦੇ। ਬਜ਼ੁਰਗ ਪੁਰਾਣੇ ਸਮਿਆਂ ਦੀਆਂ ਵਚਿੱਤਰ ਗੱਲਾਂ ਸੁਣਾਉਂਦੇ। ਸੁਣੀਆਂ - ਸੁਣਾਈਆਂ ਗੱਲਾਂ ਤੇ ਚਰਚਾ ਹੁੰਦੀ। ਇੱਕ ਦੂਜੇ ਨੂੰ ਮਸ਼ਕਰੀਆਂ ਕਰਦੇ। ਆਉਂਦਿਆਂ ਜਾਂਦਿਆਂ ਨੂੰ ਆਵਾਜ਼ ਮਾਰ ਬੁਲਾਉਂਦੇ ਤੇ ਖੁੰਢ ਤੇ ਬਿਠਾਉਂਦੇ। ਕੋਈ ਗੱਲ ਲੱਭ ਕੇ ਟਿਚਕਰਾਂ ਕਰਦੇ। ਆਪਣਾਂ ਦੁੱਖ ਸੁੱਖ ਵੀ ਸਾਂਝਾ ਕਰਦੇ।

ਬਹੁਤ ਘੱਟ ਪਰਿਵਾਰ ਪਿੰਡ ਵਿੱਚ ਅਜਿਹੇ ਸਨ ਜਿਹਨਾਂ ਦਾ ਕੋਈ ਸ਼ਹਿਰ ਵਿੱਚ ਰਹਿੰਦਾ ਸੀ। ਜਦੋਂ ਕੋਈ ਸ਼ਹਿਰ ਤੋਂ ਆਉਂਦਾ ਓਹਨਾਂ ਕੋਲੋਂ ਲੰਘਦਾ ਤਾਂ ਖੁੰਢ ਤੇ ਬੈਠੇ ਸਾਰੇ ਜਣੇ ਓਹਦੀ ਖਬਰ ਸਾਰ ਵੀ ਪੁੱਛਦੇ ਤੇ ਓਹਦੇ ਸ਼ਹਿਰੀ ਪਹਿਰਾਵੇ ਬਾਰੇ ਜ਼ਰੂਰ ਕੋਈ ਗੱਲ ਕਰਦੇ ਤੇ ਛੋਟਾ ਮੋਟਾ ਮਖ਼ੌਲ ਵੀ ਕਰਦੇ ਕਿਉਂਕਿ ਓਹਨਾਂ ਦਿਨਾਂ ਵਿੱਚ ਪਿੰਡ 'ਚ ਰਹਿਣ ਵਾਲਿਆਂ ਦਾ ਸ਼ਹਿਰ ਆਓਣਾਂ ਜਾਣਾਂ ਬਹੁਤ ਘੱਟ ਸੀ। ਰੇਡੀਓ ਬਹੁਤ ਘੱਟ ਸੀ ਤੇ ਟੀ.ਵੀ ਹੈ ਹੀ ਨਹੀਂ ਸੀ। ਇਸੇ ਕਰਕੇ ਸ਼ਹਿਰ ਦੀ ਫੈਸ਼ਨ ਦੀ ਦੁਨੀਆਂ ਨਾਲ਼ ਓਹਨਾਂ ਦਾ ਵਾਹ ਵਾਸਤਾ ਨਹੀਂ ਸੀ। ਜੋ ਵੀ ਸ਼ਹਿਰ ਤੋਂ ਆਉਂਦਾ ਓਹਨਾਂ ਖੁੰਢ ਤੇ ਬੈਠਿਆਂ ਕੋਲੋਂ ਲੰਘਦਿਆਂ ਓਹਨਾਂ ਦੀਆਂ ਕਟਾਖ਼ਸ਼ ਭਰੀਆਂ ਨਜ਼ਰਾਂ ਜਾਂ ਓਹਨਾਂ ਦੇ ਮਖ਼ੌਲ ਦਾ ਪਾਤਰ ਜ਼ਰੂਰ ਬਣਦਾ। ਮੈਂ ਵੀ ਕਈ ਵਾਰ ਏਸ ਰੰਗਲੀ ਮਹਿਫਲ ਨੂੰ ਮਾਣਿਆਂ।

ਸਮੇਂ ਲੰਘਦੇ ਗਏ। ਅਸੀਂ ਆਪਣੀਂ ਆਪਣੀਂ ਥਾਂ ਸ਼ਹਿਰਾਂ ਵਿੱਚ ਰਹਿਣ ਲੱਗ ਪਏ। ਪਿੰਡ ਸਾਡਾ ਕੋਈ ਰਹਿੰਦਾ ਨਾ ਹੋਣ ਕਰਕੇ ਪਿੰਡ ਆਓਣਾਂ ਜਾਣਾਂ ਨਾਂ ਮਾਤਰ ਰਹਿ ਗਿਆ ਸੀ।

ਬਹੁਤ ਸਾਲਾਂ ਬਾਅਦ ਮੈਂ ਪਰਿਵਾਰ ਸਮੇਤ ਆਪਣੇ ਪਿੰਡ ਦੇ ਇੱਕ ਮਿੱਤਰ ਦੀ ਧੀ ਦੇ ਵਿਆਹ ਤੇ ਪਿੰਡ ਗਿਆ। ਪਿੰਡ ਦੀ ਪਛਾਣ ਨਹੀਂ ਆ ਰਹੀ ਸੀ। ਪਿੰਡ ਦੇ ਆਲੇ ਦੁਆਲੇ ਪਈਆਂ ਆਬਾਦੀਆਂ ਵਿੱਚ ਮਕਾਨ ਉੱਸਰ ਗਏ ਸਨ। ਪਿੰਡ ਦੇ ਅੰਦਰ ਵੜੇ ਤਾਂ ਮੈਂ ਓਹ ਪਿੱਪਲ ਵਾਲੀ ਤੇ ਖੁੰਢ ਵਾਲੀ ਥਾਂ ਲੱਭਣ ਲੱਗਿਆ ਤਾਂ ਦੇਖਿਆ ਕਿ ਓਥੇ ਨਾਂ ਕੋਈ ਪਿੱਪਲ ਨਜ਼ਰ ਆ ਰਿਹਾ ਸੀ ਤੇ ਨਾਂ ਹੀ ਕੋਈ ਖੁੰਢ। ਪਤਾ ਲੱਗਿਆ ਕਿ ਸਭ ਨੇ ਆਪਣੀਂ ਆਪਣੀ ਥਾਂ ਮੱਲ ਲਈ ਸੀ ਤੇ ਮਕਾਨ ਬਣਾ ਲਏ ਸਨ ਕਿਉਂਕਿ ਪਰਿਵਾਰ ਵੱਡੇ ਹੋ ਚੁੱਕੇ ਸਨ।

ਕੁੱਝ ਦੇਰ ਮੈਂ ਓਹਨਾਂ ਮਕਾਨਾਂ ਦੇ ਸਾਹਮਣੇ ਖੜ੍ਹਾ ਰਿਹਾ। ਅਚਾਨਕ ਮੈਂ ਉਸ ਖੁੰਢ ਬਾਰੇ ਸੋਚਣ ਲੱਗਿਆ ਕਿ ਆਖ਼ਿਰ ਉਸ ਦਾ ਕੀ ਬਣਿਆ ਹੋਵੇਗਾ। ਬੱਸ ਓਸ ਵੇਲੇ ਤਾਂ ਮੈਂ ਏਨਾ ਹੀ ਸੋਚ ਸਕਿਆ ਕਿ ਓਸ ਖੁੰਢ ਦੀਆਂ ਲੱਕੜਾਂ ਪਾੜ ਕੇ ਚੁੱਲ੍ਹਿਆਂ ਵਿੱਚ ਬਾਲ ਦਿੱਤੀਆਂ ਗਈਆਂ ਹੋਣਗੀਆਂ ਤੇ ਖੁੰਢ ਕੋਲੇ ਤੇ ਸਵਾਹ ਬਣ ਕੇ ਖ਼ਤਮ ਹੋ ਗਿਆ ਹੋਵੇਗਾ।

ਅੱਜ ਸਿਡਨੀ ਦੇ ਇੱਕ ਪਾਰਕ ਵਿੱਚ ਸੈਰ ਕਰਦਿਆਂ ਅਚਾਨਕ ਮੇਰੀ ਨਜ਼ਰ ਇੱਕ ਪਾਸੇ ਪਏ ਲੰਮੇ ਦਰੱਖ਼ਤ ਦੇ ਖੁੰਢ ਤੇ ਪੈ ਗਈ। ਇੰਜ ਲਗਦਾ ਸੀ ਜਿਵੇਂ ਉਹਨੂੰ ਬੈਠਣ ਲਈ ਹੀ ਰੱਖਿਆ ਗਿਆ ਹੋਵੇ। ਓਸ ਵੇਲੇ ਓਹਦੇ ਤੇ ਕੋਈ ਨਹੀਂ ਸੀ ਬੈਠਾ ਹੋਇਆ। ਮੈਂ ਤੇਜ਼ੀ ਨਾਲ ਓਹਦੇ ਵੱਲ ਤੁਰ ਪਿਆ ਤੇ ਓਹਦੇ ਕੋਲ ਪਹੁੰਚਦੇ ਸਾਰ ਮੈਂ ਓਹਦੇ ਤੇ ਬੈਠ ਗਿਆ। ਬੈਠਦੇ ਸਾਰ ਮੇਰੇ ਅੰਦਰ ਇੱਕ ਝਰਨਾਹਟ ਜਿਹੀ ਛਿੜ ਗਈ। ਮੈ ਕੁੱਝ ਪਲਾਂ ਲਈ ਆਲੇ ਦੁਆਲੇ ਤੋਂ ਬੇਖ਼ਬਰ ਹੋ ਗਿਆ ਸੀ। ਮੈਂ ਮਹਿਸੂਸ ਕੀਤਾ ਕਿ ਜਿਹੜਾ ਮੇਰੇ ਪਿੰਡ ਵਾਲਾ ਖੁੰਢ ਲਕੜਾਂ ਬਣ ਕੇ, ਚੁੱਲ੍ਹਿਆਂ ਵਿੱਚ ਬਲ ਕੇ ਸੁਆਹ ਹੋ ਗਿਆ ਹੋਵੇਗਾ ਉਸ ਦੀ ਆਤਮਾਂ ਨੇ ਨਵਾਂ ਆਕਾਰ ਲੈ ਲਿਆ ਸੀ। ਜਿਵੇਂ ਕਿਹਾ ਜਾਂਦਾ ਹੈ ਕਿ 'ਆਤਮਾ ਅਮਰ ਹੈ' ਮੈਨੂੰ ਲੱਗਿਆ ਕਿ ਉਸ ਖੁੰਢ ਦੀ ਆਤਮਾ ਵੀ ਅਮਰ ਸੀ ਤੇ ਓਹ ਕੇਵਲ ਆਕਾਰ ਹੀ ਬਦਲਦੀ ਸੀ।

# ਕਿਸਾਨ ਸੰਘਰਸ਼: ਵਰਤਮਾਨ ਅਤੇ ਭਵਿੱਖ ਦੀ ਰੂਪ-ਰੇਖਾ

ਗੁਰਦੀਪ ਸਿੰਘ ਢੁੱਡੀ
95010-20731



ਕੇਂਦਰ ਦੀ ਭਾਜਪਾ ਸਰਕਾਰ ਨੇ ਕਰੋਨਾ ਦੌਰਾਨ ਹੀ ਕਿਸਾਨਾਂ ਵਿਸ਼ੇਸ਼ ਕਰ ਕੇ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਇਕ ਹਿੱਸੇ ਦੇ ਕਿਸਾਨਾਂ ਤੇ ਦੂਸਰਾ ਕਹਿਰ ਢਾਹਿਆ। ਖੇਤੀ ਸੈਕਟਰ ਨਾਲ ਸਬੰਧਤ ਇਕੱਠੇ ਤਿੰਨ ਕਾਨੂੰਨ ਬਣਾ ਕੇ ਕਿਸਾਨਾਂ ਅਤੇ ਕਿਸਾਨੀ ਦੀਆਂ ਮੁਸ਼ਕਿਲਾਂ ਅਤੇ ਦੁਸ਼ਵਾਰੀਆਂ ਨਾਲ ਨੇੜਿਓਂ ਵਾਹ ਵਾਸਤਾ ਰੱਖਣ ਵਾਲੇ ਲੋਕਾਂ ਦੀ ਨੀਂਦ ਹਰਾਮ ਕਰ ਦਿੱਤੀ। ਬੁੱਧੀਜੀਵੀ ਵਰਗ ਨੇ ਮੀਡੀਏ ਰਾਹੀਂ ਹਾਅ ਦਾ ਨਾਹਰਾ ਮਾਰਦਿਆਂ ਇਨ੍ਹਾਂ ਕਾਨੂੰਨਾਂ ਸਦਕਾ ਕਿਸਾਨਾਂ ਸਮੇਤ ਦੇਸ਼ ਦੇ ਹਰ ਵਰਗ ਦੇ ਲੋਕਾਂ ਨੂੰ ਭਵਿੱਖ ਵਿਚ ਝੱਲਣ ਵਾਲੀਆਂ ਦੁਸ਼ਵਾਰੀਆਂ ਦਾ ਵਾਸਤਾ ਪਾ ਕੇ ਸਰਕਾਰ ਨੂੰ ਇਨ੍ਹਾਂ ਬਾਰੇ ਮੁੜ ਗੌਰ ਕਰਨ ਦੀਆਂ ਬੇਨਤੀਆਂ ਕੀਤੀਆਂ। ਕਿਸਾਨ ਜੱਥੇਬੰਦੀਆਂ ਨੇ ਇਨ੍ਹਾਂ ਵਿਰੋਧ ਵਿਚ ਅੰਦੋਲਨ ਸ਼ੁਰੂ ਕੀਤੇ ਜਦੋਂ ਕਿ ਭਾਜਪਾ ਦੀਆਂ ਵਿਰੋਧੀ ਪਾਰਟੀਆਂ ਨੇ ਆਪਣੀਆਂ ਸਿਆਸੀ ਰੋਟੀਆਂ ਸੇਕਣੀਆਂ ਸ਼ੁਰੂ ਕਰ ਦਿੱਤੀਆਂ। ਭਾਜਪਾ ਦੀ ਹੈਂਕੜ ਹੋਰ ਵੀ ਕਰੂਰ ਰੂਪ ਧਾਰਨ ਕਰ ਗਈ ਅਤੇ ਇਸ ਨੇ ਸੰਸਦ ਦਾ ਇਜਲਾਸ ਬੁਲਾ ਕੇ ਪਹਿਲਾਂ ਜਾਰੀ ਕੀਤੇ ਤਿੰਨਾਂ ਆਰਡੀਨੈਂਸਾਂ ਨੂੰ ਕਾਨੂੰਨੀ ਰੂਪ ਦੇ ਦਿੱਤਾ।

ਭਾਜਪਾ ਲੀਡਰਸ਼ਿਪ ਵਿਸ਼ੇਸ਼ ਕਰ ਕੇ ਨਰਿੰਦਰ ਮੋਦੀ ਅਤੇ ਇਸ ਦੇ ਪਿਛਲੱਗਾਂ ਨੇ ਜਿਸ ਗਿਣਤੀ ਮਿਣਤੀ ਨਾਲ ਬਿਨਾ ਕਿਸੇ ਐਮਰਜੈਂਸੀ ਦੇ ਆਰਡੀਨੈਂਸ ਲਿਆਂਦੇ, ਉਸ ਦਿਨ ਤੋਂ ਹੀ ਇਹ ਗੱਲ ਕੰਧ ਤੇ ਲਿਖੀ ਹੋਈ ਇਬਾਰਤ ਬਣ ਕੇ ਸਾਹਮਣੇ ਆ ਗਈ ਸੀ ਕਿ ਨਰਿੰਦਰ ਮੋਦੀ ਸਰਕਾਰ ਇਸ ਤੋਂ ਪਿੱਛੇ ਹਟਣ ਵਾਲੀ ਨਹੀਂ। ਇੱਥੇ ਇਹ ਗੱਲ ਕਹਿਣੀ ਕੁਥਾਂ ਨਹੀਂ ਹੋਵੇਗੀ ਕਿ ਸੂਬਾ ਜਾਂ ਕੇਂਦਰ ਸਰਕਾਰ ਕੇਵਲ ਉਸ ਸਮੇਂ ਹੀ ਆਰਡੀਨੈਂਸ ਜਾਰੀ ਕਰਦੀ ਹੈ ਜਿਸ ਸਮੇਂ ਹਾਲਾਤ ਇਹ ਜ਼ੋਰਦਾਰ ਮੰਗ ਕਰਦੇ ਹੁੰਦੇ ਹਨ ਕਿ ਪਾਰਲੀਮੈਂਟ ਜਾਂ ਵਿਧਾਨ ਸਭਾ ਦੇ ਸੈਸ਼ਨ ਵਿਚ ਆਉਣ ਵਿਚ ਅਜੇ ਕੁਝ ਸਮਾਂ ਲੱਗਦਾ ਹੈ ਅਤੇ ਜਿਸ ਸਬੰਧੀ ਆਰਡੀਨੈਂਸ ਜਾਰੀ ਕੀਤਾ ਜਾਣਾ ਹੈ; ਇਸ ਸਬੰਧੀ ਜੇ ਥੋੜ੍ਹੀ ਜਿਹੀ ਵੀ ਦੇਰੀ ਕੀਤੀ ਤਾਂ ਵੱਡਾ ਨੁਕਸਾਨ ਹੋ ਸਕਦਾ ਹੈ। ਇਨ੍ਹਾਂ ਆਰਡੀਨੈਂਸਾਂ ਦੇ ਜਾਰੀ ਕਰਨ ਸਬੰਧੀ ਕੋਈ ਐਮਰਜੈਂਸੀ ਵਾਲੀ ਹਾਲਤ ਬਣਦੀ ਹੀ ਨਹੀਂ ਸੀ ਪਰ ਭਾਜਪਾ ਸਰਕਾਰ ਨੇ ਫਿਰ ਵੀ ਆਰਡੀਨੈਂਸ ਜਾਰੀ ਕੀਤੇ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਭਾਜਪਾ ਸਰਕਾਰ ਕਰੋਨਾ ਦੇ ਸਮੇਂ ਦਾ ਲਾਹਾ ਲੈ ਕੇ ਕਿਸਾਨ ਵਿਰੋਧੀ ਆਰਡੀਨੈਂਸ ਜਾਰੀ ਕਰ ਕੇ ਇਸ ਨੂੰ ਛੇਤੀ ਤੋਂ ਛੇਤੀ ਲਾਗੂ ਕਰਨਾ ਚਾਹੁੰਦੀ ਸੀ; ਹਾਲਾਂਕਿ ਹੁਣ ਕੇਂਦਰੀ ਸਰਕਾਰ ਨੇ ਖੇਤੀ ਜਿਣਸਾਂ ਦੇ ਘੱਟੋ-ਘੱਟ ਸਮਰਥਨ ਮੁੱਲ ਸਮੇਂ ਤੋਂ ਪਹਿਲਾਂ ਹੀ ਜਾਰੀ ਕਰ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਸਾਨੀ ਨਾਲ ਸਬੰਧਤ ਬਣੇ ਕਨੂੰਨਾਂ ਤੋਂ ਜਿਸ ਤਰ੍ਹਾਂ ਦੇ ਖ਼ਦਸ਼ੇ ਜ਼ਾਹਿਰ ਕੀਤੇ ਜਾ ਰਹੇ ਹਨ; ਉਹ ਨਿਰਮੂਲ ਹਨ ਜਿਸ ਕਰ ਕੇ ਕਿਸਾਨਾਂ ਨੂੰ ਆਪਣਾ ਅੰਦੋਲਨ ਵਾਪਸ ਕਰ ਲੈਣਾ ਚਾਹੀਦਾ ਹੈ। ਉਂਜ ਇਸ ਦੇ ਨਾਲ ਹੀ ਅਸਿੱਧੇ ਤੌਰ ਤੇ ਇਹ ਪ੍ਰਭਾਵ ਵੀ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਕੇਂਦਰ ਸਰਕਾਰ ਕਿਸਾਨੀ ਨਾਲ ਸਬੰਧਤ ਕਨੂੰਨਾਂ ਤੋਂ ਪਿੱਛੇ ਹਟਣਾ ਤਾਂ ਦੂਰ ਦੀ ਗੱਲ ਹੈ, ਇਹ ਤਾਂ ਇਨ੍ਹਾਂ ਦੀਆਂ ਧਾਰਾਵਾਂ ਵਿਚ ਭੋਰਾ ਭਰ ਵੀ ਤਬਦੀਲੀ ਜਾਂ ਸੋਧ ਕਰਨ ਵਾਲੀ ਨਹੀਂ ਹੈ।



ਬਿਨਾ ਸ਼ੱਕ, ਲੋਕਤੰਤਰੀ ਦੇਸ਼ ਦੇ ਲੋਕਾਂ ਨੂੰ ਆਪਣੀਆਂ ਦੁੱਖ-ਤਕਲੀਫ਼ਾਂ ਸਰਕਾਰ ਜਾਂ ਸਬੰਧਤ ਧਿਰ ਕੋਲ ਰੱਖਣਾ ਦਾ ਅਧਿਕਾਰ ਹਾਸਲ ਹੈ ਅਤੇ ਜੇਕਰ ਸਰਕਾਰ ਇਨ੍ਹਾਂ ਦੁੱਖ ਤਕਲੀਫ਼ਾਂ ਦਾ ਕੋਈ ਹੱਲ ਨਾ ਕਰੇ ਤਾਂ ਪੀੜਤ ਧਿਰ ਇਸ ਸਬੰਧੀ ਅੰਦੋਲਨ ਵੀ ਕਰ ਸਕਦੀ ਹੈ ਪਰ ਇੱਥੇ ਸਾਨੂੰ ਜੱਗ ਜ਼ਾਹਿਰ ਹੋਈ ਇਸ ਗੱਲ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਕਿ ਵਰਤਮਾਨ ਭਾਜਪਾ ਸਰਕਾਰ ਆਪਣੇ ਆਪ ਨੂੰ ਦੇਸ਼ ਦੇ ਲੋਕਾਂ ਦੀ ਸਰਕਾਰ ਮੰਨਣ ਦੀ ਥਾਂ ਦੇਸ਼ ਦੇ ਹਾਕਮ ਮੰਨ ਕੇ ਚੱਲ ਰਹੀ ਹੈ। ਸਾਰੀਆਂ ਹੀ ਸੰਵਿਧਾਨਕ ਸੰਸਥਾਵਾਂ ਨੂੰ ਇਸ ਨੇ ਆਪਣੇ ਫ਼ੈਸਲੇ ਲਾਗੂ ਕਰਨ ਵਾਸਤੇ ਇਕ ਤਰ੍ਹਾਂ ਦੀ ਨਕੇਲ ਪਾਈ ਹੋਈ ਹੈ। ਮੀਡੀਏ ਦੇ ਵੱਡੇ ਹਿੱਸੇ ਤੇ ਕੰਟਰੋਲ ਕਰ ਕੇ ਆਪਣੇ ਹੱਕ ਵਿਚ ਭੁਗਤਾਉਣ ਦਾ ਹੱਕ ਵੀ ਹਾਸਲ ਕੀਤਾ ਹੋਇਆ ਹੈ। ਕਲਾਕਾਰਾਂ ਨੂੰ ਆਪਣੇ ਵੱਲ ਖਿੱਚ ਕੇ ਇਸ ਨੇ ਆਪਣੀਆਂ ਯੋਜਨਾਵਾਂ ਦੇ ਗੁਣ-ਗਾਣ ਕਰਾਉਣੇ ਵੀ ਸ਼ੁਰੂ ਕੀਤੇ ਹੋਏ ਹਨ। ਇਸ ਕਰ ਕੇ ਲੋਕਾਂ ਵਿਸ਼ੇਸ਼ ਕਰ ਕਿਸਾਨਾਂ ਨੂੰ ਇਸ ਤਰ੍ਹਾਂ ਦੇ ਹਾਲਾਤ ਨੂੰ ਜਾਣਦਿਆਂ ਹੋਇਆਂ ਅਜਿਹੇ ਅੰਦੋਲਨ ਛੇੜਨੇ ਪੈਣੇ ਹਨ ਕਿ ਭਾਜਪਾ ਸਰਕਾਰ ਨੂੰ ਬੇਵੱਸ ਕਰ ਦਿੱਤਾ ਜਾਵੇ ਕਿ ਲੋਕ ਵਿਰੋਧੀ ਕੀਤੇ ਫ਼ੈਸਲਿਆਂ ਤੇ ਗੌਰ ਹੀ ਨਾ ਕਰੇ ਸਗੋਂ ਉਨ੍ਹਾਂ ਨੂੰ ਤਬਦੀਲ ਕਰਨ ਲਈ ਮਜਬੂਰ ਹੋ ਜਾਵੇ। ਅੱਜ ਵੀ ਦੇਸ਼ ਦੀ ਆਰਥਿਕਤਾ ਨੂੰ ਕਿਸਾਨੀ ਹੀ ਠੁੰਮ੍ਹਣਾ ਦੇ ਰਹੀ ਹੈ; ਇਸ ਲਈ ਮਜ਼ਦੂਰ ਸ਼੍ਰੇਣੀ ਅਤੇ ਛੋਟੇ ਵਪਾਰੀਆਂ ਨੂੰ ਇਕ-ਮੁੱਠ ਹੋਣਾ ਪੈਣਾ ਹੈ। ਅੰਦੋਲਨ ਦੀ ਰੂਪ-ਰੇਖਾ ਤਬਦੀਲ ਕੀਤੇ ਬਿਨਾ ਅਜਿਹੀ ਸਰਕਾਰ ਦਾ ਕੁਝ ਵੀ ਵਿਗਾੜਿਆ ਨਹੀਂ ਜਾ ਸਕਦਾ। ਇੱਥੇ ਸਾਨੂੰ ਜੰਮੂ ਕਸ਼ਮੀਰ ਸਬੰਧੀ ਇਸੇ ਸਰਕਾਰ ਦੇ ਫ਼ੈਸਲਿਆਂ ਨੂੰ ਵੀ ਧਿਆਨ ਵਿਚ ਰੱਖਣਾ ਪੈਣਾ ਹੈ। ਉਸ ਖਿੱਤੇ ਦੇ ਲੋਕਾਂ ਦੇ ਜਮਹੂਰੀ ਹੱਕਾਂ ਅਤੇ ਮਾਨਵੀ ਲੋੜਾਂ ਨੂੰ ਇਸ ਸਰਕਾਰ ਨੇ ਬੁਰੀ ਤਰ੍ਹਾਂ ਕੁਚਲ ਕੇ ਰੱਖਦਿਆਂ ਉੱਥੇ ਆਪਣੀਆਂ ਨੀਤੀਆਂ ਲਾਗੂ ਕੀਤੀਆਂ ਹੋਈਆਂ ਹਨ। ਅਜੇ ਇਸ ਸਰਕਾਰ ਨੇ 2024 ਤੱਕ ਭਾਵ ਕਿ ਚਾਰ ਸਾਲ ਦੇ ਕਰੀਬ ਹੋਰ ਹਕੂਮਤ ਕਰਨੀ ਹੈ ਅਤੇ ਇਸ ਕੋਲ ਪਾਰਲੀਮੈਂਟ ਵਿਚ ਏਨੀ ਗਿਣਤੀ ਵਿਚ ਮੈਂਬਰ ਹਨ ਕਿ ਇਹ ਕਿਸੇ ਤਰ੍ਹਾਂ ਦੇ ਦਬਾਅ ਵਿਚ ਆ ਹੀ ਨਹੀਂ ਸਕਦੀ।

ਇਸ ਲਈ ਹੁਣ ਕਿਸਾਨਾਂ ਨੂੰ ਪਿਛਲਝਾਤ ਮਾਰਨੀ ਪੈਣੀ ਹੈ। ਵੀਹਵੀਂ ਸਦੀ ਦੇ ਛੇਵੇਂ ਦਹਾਕੇ, ਭਾਵ ਹਰੀ ਕਰਾਂਤੀ ਆਉਣ ਤੋਂ ਪਹਿਲਾਂ ਸਾਧਾਰਨ ਕਿਸਾਨਾਂ ਦੀ ਹਾਲਤ ਅੱਜ ਨਾਲੋਂ ਕੋਈ ਜ਼ਿਆਦਾ ਮਾੜੀ ਨਹੀਂ ਸੀ। ਆਮ ਕਿਸਾਨ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਵਿਚ ਨਹੀਂ ਪਏ ਹੋਏ ਸਨ ਅਤੇ ਉਹ ਆਪਣੀਆਂ ਰਵਾਇਤੀ ਫ਼ਸਲਾਂ ਨਾਲ ਆਪਣੀ ਖੇਤੀਬਾੜੀ ਕਰਦੇ ਹੋਏ ਸਧਾਰਨ ਜੀਵਨ ਜਿਉਂ ਰਹੇ ਸਨ। ਦੇਸ਼ ਦੀ ਵੱਡੀ ਲੋੜ ਖਾਧ ਜਿਣਸਾਂ (ਕਣਕ ਅਤੇ ਚਾਵਲ) ਵਧਾਉਣ ਦੀ ਸੀ। ਖੇਤੀ ਵਿਗਿਆਨੀਆਂ ਨੇ ਪੰਜਾਬ (ਤੇ ਹੁਣ ਵਾਲੇ ਹਰਿਆਣੇ) ਦੇ ਕਿਸਾਨਾਂ ਦੀ ਅਗਵਾਈ ਕੀਤੀ। ਸੁਧਰੇ ਹੋਏ ਬੀਜ, ਖੇਤੀ ਮਸ਼ੀਨਰੀ, ਰਸਾਇਣਕ ਖਾਦਾਂ, ਕੀਟਨਾਸ਼ਕ ਅਤੇ ਨਦੀਨਨਾਸ਼ਕ ਦਵਾਈਆਂ ਈਜਾਦ ਕੀਤੀਆਂ। ਕਿਸਾਨਾਂ ਨੇ ਦੇਸ਼ ਦੀਆਂ ਅੰਨ ਲੋੜਾਂ ਦੀ ਪੂਰਤੀ ਕੀਤੀ। ਜਿਹੜੇ ਅਨਾਜ ਪਦਾਰਥ ਦੇਸ਼ ਨੂੰ ਬਾਹਰਲੇ ਮੁਲਕਾਂ ਤੋਂ ਬਹੁਤ ਜ਼ਿਆਦਾ ਪੈਸੇ ਖਰਚ ਕੇ ਮੰਗਵਾਉਣੇ ਪੈਂਦੇ ਸਨ, ਉਨ੍ਹਾਂ ਦੀ ਪੈਦਾਵਾਰ ਵਧਾ ਕੇ ਦੇਸ਼ ਦਾ ਅੰਤਾਂ ਦਾ ਧਨ ਬਾਹਰ ਜਾਣ ਤੋਂ ਬਚਾਇਆ ਅਤੇ ਦੇਸ਼ ਦੇ ਲੋਕਾਂ ਦਾ ਢਿੱਡ ਭਰਿਆ। ਹਾਲਾਂਕਿ ਇਹ ਗੱਲ ਤਾਂ ਕਿਸੇ ਵੀ ਤਰ੍ਹਾਂ ਦੇ ਸ਼ੱਕ ਦੀ ਗੁੰਜਾਇਸ਼ ਤੋਂ ਬਾਹਰ ਹੈ ਕਿ ਸਾਧਾਰਨ ਕਿਸਾਨ ਆਰਥਿਕ ਤੌਰ ਤੇ ਬਹੁਤਾ ਸੌਖਾ ਨਹੀਂ ਹੋਇਆ ਅਤੇ ਉਸ ਨੂੰ ਅਣਚਾਹੀਆਂ ਖ਼ੁਦਕੁਸ਼ੀਆਂ ਨੂੰ ਗਲ਼ ਲਾਉਣਾ ਪਿਆ ਹੈ। ਕਿਸਾਨਾਂ ਨੂੰ ਇਸ ਤਰ੍ਹਾਂ ਦੀਆਂ ਸਰਕਾਰਾਂ ਨੂੰ ਫਿਰ ਤੋਂ ਸਬਕ ਸਿਖਾਉਣਾ ਪੈਣਾ ਹੈ।

ਇਹ ਗੱਲ ਅਜ਼ਮਾਈ ਜਾ ਸਕਦੀ ਹੈ ਕਿ ਜੇ ਕਿਸਾਨ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਨੂੰ ਤਿਆਗਿਆਂ ਵਾਂਗ ਕਰ ਕੇ ਦੂਸਰੀਆਂ ਫ਼ਸਲਾਂ ਪੈਦਾ ਕਰਨੀਆਂ ਸ਼ੁਰੂ ਕਰ ਦੇਵੇ ਤਾਂ ਆਰਥਿਕ ਤੌਰ ਤੇ ਉਹ ਜ਼ਿਆਦਾ ਘਾਟੇ ਵਿਚ ਨਹੀਂ ਰਹਿ ਸਕਦਾ। ਯਾਦ ਰੱਖਣ ਵਾਲੀ ਗੱਲ ਹੈ ਕਿ ਪੰਜਾਬ ਵਿਚ ਕੇਵਲ ਕਣਕ ਅਤੇ ਝੋਨੇ ਦੀ ਹੀ ਸਰਕਾਰੀ ਖਰੀਦ ਹੋਣ ਕਰ ਕੇ ਕਿਸਾਨ ਮੰਡੀਕਰਨ ਵੱਲੋਂ ਬੇਫ਼ਿਕਰ ਹੁੰਦਾ ਸੀ। ਹੁਣ ਖੇਤੀ ਨਾਲ ਸਬੰਧਤ ਵਰਤਮਾਨ ਕਨੂੰਨਾਂ ਨੇ ਭਵਿੱਖ ਵਿਚ ਕਣਕ ਅਤੇ ਝੋਨੇ ਦੀ ਸਰਕਾਰੀ ਖ਼ਰੀਦ ਨੂੰ ਗੁੱਠੇ ਲਾ ਹੀ ਦੇਣਾ ਹੈ। ਇਸ ਤਰ੍ਹਾਂ ਜਦੋਂ ਕਿ ਵਪਾਰੀ ਦੀ ਇਨ੍ਹਾਂ ਫ਼ਸਲਾਂ ਵੱਲ ਰੁਚੀ ਹੀ ਨਹੀਂ ਹੋਵੇਗੀ ਤਾਂ ਫਿਰ ਇਨ੍ਹਾਂ ਦਾ ਵਾਜ਼ਬ ਭਾਅ ਤਾਂ ਮਿਲਣਾ ਹੀ ਨਹੀਂ ਹੈ। ਸਰਕਾਰ ਕਹਿਣ ਨੂੰ ਭਾਵੇਂ ਘੱਟੋ-ਘੱਟ ਸਮੱਰਥਨ ਮੁੱਖ ਨਿਰਧਾਰਤ ਕਰਦੀ ਰਹੇ ਪਰ ਹੋਣਾ ਤਾਂ ਕਣਕ ਅਤੇ ਝੋਨੇ ਦਾ ਵੀ ਉਹੀ ਹਾਲ ਹੈ ਜਿਹੜਾ ਦੂਸਰੀਆਂ ਫ਼ਸਲਾਂ ਦੇ ਮਿੱਥੇ ਹੋਏ ਘੱਟੋ-ਘੱਟ ਸਮੱਰਥਨ ਮੁੱਲ ਦਾ ਹੋ ਰਿਹਾ ਹੈ। ਅਜੇ ਤਾਂ ਕੇਂਦਰ ਸਰਕਾਰ ਦੁਆਰਾ ਹੀ ਸੋਧੇ ਹੋਏ ਬਿਜਲੀ ਕਨੂੰਨ ਅਨੁਸਾਰ ਜਦੋਂ ਖੇਤਾਂ ਵਿਚ ਟਿਊਬਵੈੱਲਾਂ ਚਲਾਉਣ ਵਾਲੀਆਂ ਮੋਟਰਾਂ ਦੇ ਬਿੱਲ ਵੀ ਅਦਾ ਕਰਨੇ ਪਏ, ਉਸ ਸਮੇਂ ਕਿਸਾਨ ਦੀ ਆਰਥਿਕਤਾ ਹੋਰ ਵੀ ਡਾਵਾਂਡੋਲ ਹੋ ਜਾਣੀ ਹੈ। ਇਸ ਕਰ ਕੇ ਕਿਸਾਨਾਂ ਨੂੰ ਵੀ ਸਰਕਾਰ ਤੇ ਮੋੜਵਾਂ ਹਮਲਾ ਕਰਨ ਦੀ ਨੀਤੀ ਅਪਨਾਉਣੀ ਪੈਣੀ ਹੈ।

ਇਸ ਨੀਤੀ ਤੇ ਅਮਲ ਕਰਦਿਆਂ ਸਾਡੇ ਹੀ ਦੇਸ਼ ਦੇ ਉਸ ਖਿੱਤੇ ਦੇ ਲੋਕਾਂ ਵਾਸਤੇ ਮੁਸ਼ਕਿਲ ਪੈਦਾ ਹੋ ਸਕਦੀ ਹੈ ਜਿਸ ਖਿੱਤੇ ਵਿਚ ਖਾਧ-ਜਿਣਸਾਂ ਪੈਦਾ ਨਹੀਂ ਹੁੰਦੀਆਂ ਹਨ। ਕਣਕ ਝੋਨੇ ਦੀਆਂ ਰਵਾਇਤੀ ਫ਼ਸਲਾਂ ਪੈਦਾ ਕਰਨ ਕਰ ਕੇ ਹੋਏ ਕਿਸਾਨ ਦੇ ਸੁਖ਼ਾਲੇ ਕੰਮ ਵਿਚ ਵੀ ਵਿਘਨ ਪੈ ਸਕਦਾ ਹੈ ਪਰ ਇਸ ਤੋਂ ਬਿਨਾ ਕਿਸਾਨਾਂ ਕੋਲ ਕੋਈ ਚਾਰਾ ਹੀ ਨਹੀਂ ਰਹਿਣਾ ਹੈ। ਇਹ ਗੱਲ ਤਾਂ ਬਿਨਾ ਕਿਸੇ ਸੰਕੋਚ ਦੇ ਆਖੀ ਜਾ ਸਕਦੀ ਹੈ ਕਿ ਅਜੋਕੀ ਸਰਕਾਰ ਤੇ ਕਿਸਾਨਾਂ ਦੁਆਰਾ ਚਲਾਏ ਜਾ ਰਹੇ ਵਰਤਮਾਨ ਸੰਘਰਸ਼ ਦਾ ਕੋਈ ਜ਼ਿਆਦਾ ਅਸਰ ਹੋਣ ਵਾਲਾ ਨਹੀਂ ਹੈ ਸਗੋਂ ਸਰਕਾਰ ਨੇ ਜਿਸ ਤਰ੍ਹਾਂ ਬਰਾਬਰ ਧਿਰਾਂ ਖੜ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ, ਇਸ ਤੋਂ ਲੋਕਾਂ ਵਿਚ ਵੰਡੀਆਂ ਪੈਣੀਆਂ ਸੁਭਾਵਿਕ ਹੀ ਹਨ। ਇਸ ਕਰ ਕੇ ਭਵਿੱਖ ਵਿਚ ਸੰਘਰਸ਼ ਦੇ ਮੱਠਾ ਪੈਣ ਦੀ ਸੰਭਾਵਨਾ ਬਣ ਜਾਣੀ ਹੈ। ਉਂਜ ਵੀ ਕਾਮਾ ਸ਼੍ਰੇਣੀ ਵਾਸਤੇ ਆਪਣੇ ਕੰਮ-ਕਾਜ ਨੂੰ ਛੱਡ ਕੇ ਸੰਘਰਸ਼ ਜਾਰੀ ਰੱਖਣਾ ਔਖਾ ਹੁੰਦਾ ਹੈ। ਇਸ ਕਰ ਕੇ ਇਸ ਦੀ ਰੂਪ-ਰੇਖਾ ਤਬਦੀਲ ਕੀਤੇ ਤੋਂ ਬਿਨਾ ਕੋਈ ਚਾਰਾ ਨਹੀਂ ਰਹਿ ਜਾਣਾ ਹੈ। ਕਿਸੇ ਵੀ ਸੰਘਰਸ਼ ਵਿਚ ਚੌਤਰਫ਼ੇ ਹਮਲਿਆਂ ਤੋਂ ਬਿਨਾ ਸਫ਼ਲਤਾ ਹਾਸਲ ਹੋ ਹੀ ਨਹੀਂ ਸਕਦੀ। ਇਸ ਲਈ ਵਰਤਮਾਨ ਸੰਘਰਸ਼ ਨੂੰ ਜਾਰੀ ਰੱਖ ਕੇ ਨਾਲ ਹੀ ਫ਼ਸਲਾਂ ਪੈਦਾ ਕਰਨ ਦੀ ਤਬਦੀਲੀ ਵਾਲੀ ਨੀਤੀ ਵਾਲਾ ਸਮਾਨਅੰਤਰ ਘੋਲ਼ ਲੜਨਾ ਹੀ ਜ਼ਰੂਰੀ ਹੈ। ਸਫ਼ਲਤਾ ਹਾਸਲ ਕਰਨ ਵਾਸਤੇ ਕੁਝ ਤਿਆਗ ਕਰਨਾ ਜ਼ਰੂਰੀ ਹੈ।

# ਸੈਲਾਨੀ ਬਨਾਮ ਕਰੋਨਾ - II

ਸੁਖਵਿੰਦਰ ਸਿੰਘ ਨਰੂਲਾ
0470382759



ਸਤੰਬਰ ਮਹੀਨੇ 'ਪੰਜਾਬ ਹੈਰਲਡ' ਵਿਚ ਇਸ ਲੇਖ ਦੇ ਪਹਿਲੇ ਭਾਗ ਵਿਚ ਅਸੀਂ ਜ਼ਿਕਰ ਕੀਤਾ ਸੀ ਕਿ ਕੋਵਿਡ ਕਾਰਣ ਇਥੇ ਪੁੱਜੇ ਸੀਨੀਅਰ ਸਿਟੀਜ਼ਨਜ ਨੂੰ ਕਿਹੜੀਆਂ ਕਿਹੜੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ।ਕੋਵਿਡ ਦੀ ਨਿਰਾਸ਼ਾ ਭਰਪੂਰ ਆਮਦ ਤੇ ਬਹੁਤ ਸਾਰੇ ਲੋਕਾਂ ਨੂੰ ਘਰਾਂ ਵਿਚ ਬੰਦ ਹੋ ਕੇ ਰਹਿਣਾ ਪਿਆ ਹੈ। ਕਈ ਲੋਕ ਮਾਨਸਿਕ ਤਨਾਅ ਦਾ ਸ਼ਿਕਾਰ ਹੋ ਗਏ। ਪੰਜਾਬੀਆਂ ਦੇ ਸੁਭਾਅ ਵਿਚ ਹੁੰਦਾ ਹੈ ਕਿ ਉਹ ਮੁਸ਼ਕਿਲਾਂ ਦੇ ਬਾਵਜੂਦ ਵੀ ਆਪਣਾ ਦਿਲ ਨਹੀਂ ਛੱਡਦੇ।ਉਨ੍ਹਾਂ ਵਿਚੋਂ ਹੀ ਕੁਝ ਇਕ ਐਸੇ ਹਨ ਜੋ ਕੁਝ ਨ ਕੁਝ ਕਰਦੇ ਰਹੇ ਹਨ। ਪਿਛਲੀ ਲੜੀ ਨੂੰ ਅੱਗੇ ਤੋਰਦਿਆਂ ਪੇਸ਼ ਹੈ :





ਅਸੀਂ ਇਹ ਵੀ ਪੱਕੇ ਤੌਰ ਤੇ ਨਹੀਂ ਕਹਿ ਸਕਦੇ ਕਿ ਸਾਰੇ ਲੋਕ ਨਿਡਾਲ ਹੋ ਕੇ ਬਹਿ ਜਾਂਦੇ ਹਨ ਉਨ੍ਹਾਂ ਵਿਚੋਂ ਕੁਝ ਅਜਿਹੇ ਵੀ ਹਨ ਜਿਹੜੇ ਕਿਸੇ ਨ ਕਿਸੇ ਮਿਸ਼ਨ ਨੂੰ ਲੈ ਕੇ ਚਲਦੇ ਹਨ ਅਤੇ ਉਹ ਕੁਝ ਨ ਕੁਝ ਸਾਰਥਕ ਕੰਮ ਵੀ ਕਰਦੇ ਰਹਿੰਦੇ ਹਨ ਜਿਵੇਂ ਕਿ ਚੰਡੀਗੜ੍ਹ ਵਾਲੇ ਨਰਿੰਦਰਪਾਲ ਸਿੰਘ ਨੇ ਨ ਕੇਵਲ ਆਪਣੀਆਂ ਪ੍ਰੇਸ਼ਾਨੀਆਂ ਦਾ ਜ਼ਿਕਰ ਹੀ ਕੀਤਾ ਬਲਕਿ ਉਨ੍ਹਾਂ ਇਹ ਵੀ ਦੱਸਿਆ ਕਿ ਜਦ ਉਹ ਇੱਥੇ ਪੁੱਜੇ ਸਨ ਤਾਂ ਇਥੇ ਬੁਸ਼ਫਾਇਰ ਦੀਆਂ ਘਟਨਾਵਾਂ ਬਹੁਤ ਵਾਪਰ ਰਹੀਆਂ ਸਨ। ਉਨ੍ਹਾਂ ਕੋਲ ਇਕ ਮਿਸ਼ਨ ਸੀ ਇਸ ਵਿਹਲੇ ਸਮੇਂ ਵਿਚ ਕੁਝ ਕਰਨ ਦਾ। ਇਥੇ ਮੈਂ ਇਹ ਦੱਸਣਾ ਵੀ ਮੁਨਾਸਬ ਸਮਝਦਾ ਹਾਂ ਕਿ ਮੈਂ ਅਤੇ ਨਰਿੰਦਰਪਾਲ ਸਿੰਘ ਨੇ ਇਕੱਠੇ ਇੱਥੋਂ ਦੇ ਰੈੱਡਕਰਾਸ ਵਿਭਾਗ ਨਾਲ ਸੰਪਰਕ ਕਰਕੇ ਆਪਣੀਆਂ ਵਲੰਟੀਅਰੀ ਸੇਵਾਵਾਂ ਦੇਣ ਲਈ ਰਜਿਸਟ੍ਰੇਸ਼ਨ ਕਰਵਾ ਲਈ ਸੀ। ਲਾਕ ਡਾਊਨ ਖੁੱਲ੍ਹਣ ਤੋਂ ਤੁਰੰਤ ਬਾਅਦ ਉਹ ਵੀ ਲਾਇਬ੍ਰੇਰੀ ਆਉਣ ਲੱਗ ਪਏ। ਇਸ ਦੌਰਾਨ ਉਨ੍ਹਾਂ ਸੋਚਿਆ ਕਿ ਉਨ੍ਹਾਂ ਕੋਲ ਗੁਰਬਾਣੀ ਨਾਲ ਸਬੰਧਿਤ ਇਕ ਬਹੁਤ ਬਹੁਮੱਲੀ ਪੁਸਤਕ ਪਈ ਹੈ ਕਿਉਂ ਨ ਇਹ ਪੁਸਤਕ ਪੰਜਾਬੀ ਦੇ ਪਾਠਕਾਂ ਲਈ ਲਾਇਬ੍ਰੇਰੀ ਨੂੰ ਭੇਟ ਕਰ ਦਿੱਤੀ ਜਾਵੇ। ਉਨ੍ਹਾਂ ਨੇ ਲਾਇਬ੍ਰੇਰੀ ਦੇ ਚੀਫ ਮੈਨੇਜਰ ਨਾਲ ਗੱਲ ਕਰਕੇ ਆਪਣੀ ਬਹੁਮੁੱਲੀ ਪੁਸਤਕ "ਗੁਰਬਾਣੀ ਸਬਦੁ ਸੁਰਤਿ-ਰਾਗੁ ਤਿਲੰਗ ਰਾਗੁ ਸੂਹੀ" ਕ੍ਰਿਤ ਪੰਥ ਪ੍ਰਸਿੱਧ ਲਾਸਾਨੀ ਸੋਧਕ ਗਿਆਨੀ ਮਹਿੰਦਰ ਸਿੰਘ ਰਤਨ, ਬਲੈਕ ਟਾਉਨ ਲਾਇਬ੍ਰੇਰੀ ਨੂੰ ਭੇਂਟ ਕਰ ਦਿੱਤੀ।

ਇਸ ਤੋਂ ਪਹਿਲਾਂ ਮੈਂ ਵੀ ਜਦ ਆਪਣੀ ਪੁਸਤਕ 'ਅੱਖੀਂ ਡਿੱਠੀਆਂ–ਕੁਝ ਆਰ ਦੀਆਂ ਕੁਝ ਪਾਰ ਦੀਆਂ' ਦੀ ਕਾਪੀ ਲਾਇਬ੍ਰੇਰੀ ਦੇ ਮਲਟੀਕਲਚਰਲ ਵਿੰਗ ਦੇ ਇੰਚਾਰਜ ਨੂੰ ਲਾਇਬ੍ਰੇਰੀ ਲਈ ਦਿੱਤੀ ਤਾਂ ਉਸ ਨੇ ਮੇਰੀ ਇੰਟਰਵਿਊ ਰਿਕਾਰਡ ਕਰਨ ਲਈ ਕਿਹਾ ਅਤੇ ਇਹ ਵੀ ਕਿਹਾ ਕਿ ਇਹ ਇੰਟਰਵਿਊ ਲਾਇਬ੍ਰੇਰੀ ਵਿਚ ਹੀ ਹੋਵੇਗੀ ਅਤੇ ਰਿਕਾਰਡਿੰਗ ਲਈ ਪ੍ਰੋਫੈਸ਼ਨਲ ਕੈਮਰਿਆਂ ਆਦਿ ਦਾ ਪਰਬੰਧ ਵੀ ਉਨ੍ਹਾਂ ਵਲੋਂ ਹੀ ਕੀਤਾ ਜਾਵੇਗਾ। ਸਿੱਖ ਸਮੁਦਾਇ ਦੇ ਵਿਚ ਇਕ ਚੰਗਾ ਸੰਦੇਸ਼ ਛੱਡਣ ਸਦਕਾ ਉਨ੍ਹਾਂ ਕਿਹਾ ਕਿ ਬੇਹਤਰ ਹੋਵੇਗਾ ਕਿ ਇਸ ਇੰਟਰਵਿਊ ਲਈ ਸਵਾਲ ਕਰਨ ਵਾਲਾ ਵੀ ਸਿੱਖ ਹੀ ਹੋਵੇ।ਇਹ ਭੂਮਿਕਾ ਵੀ ਨਰਿੰਦਰਪਾਲ ਸਿੰਘ ਨੇ ਹੀ ਨਿਭਾਈ। ਇਹ ਇੰਟਰਵਿਊ ਅੱਜ ਵੀ ਬਲੈਕਟਾਉਨ ਲਾਇਬ੍ਰੇਰੀ ਦੇ ਫੇਸਬੁਕ ਪੇਜ਼ ਤੇ ਮੌਜੂਦ ਹੈ।

ਇਕ ਗੱਲ ਹੋਰ ਵੀ ਜਿਹੜੀ ਸਾਡੇ ਦੋਹਾਂ ਦੇ ਯਤਨਾਂ ਸਦਕਾ ਸੰਭਵ ਹੋ ਸਕੀ। ਉਹ ਇਹ ਸੀ ਕਿ ਲਾਇਬ੍ਰੇਰੀ ਦੇ ਕੰਪਿਊਟਰ ਸੈਕਸ਼ਨ ਵਿਚ ਪੰਜਾਬੀ ਫੌਂਟ ਦੀ ਅਣਹੋਂਦ ਕਾਰਣ ਪੰਜਾਬੀ ਵਿਚ ਟਾਇਪ ਕਰਨਾ ਜਾਂ ਬਾਅਦ ਵਿਚ ਉਸ ਦਾ ਪ੍ਰਿੰਟ ਕੱਢਣਾ ਅਸੰਭਵ ਸੀ। ਚੀਫ ਮੈਨੇਜਰ ਤੱਕ ਪਹੁੰਚ ਕਰਨ ਉਪਰੰਤ ਹੁਣ ਇਹ ਮਸਲਾ ਹੱਲ ਹੋ ਚੁੱਕਾ ਹੈ ਅਤੇ ਕੰਪਿਊਟਰ ਸੈਕਸ਼ਨ ਦੇ ਚਾਰ ਕੁ ਸੈੱਟਾਂ ਵਿਚ ਹੁਣ ਇਹ ਸਹੂਲਤ ਉਪਲਬਧ ਹੈ ਅਤੇ ਪੰਜਾਬੀ ਟਾਇਪ ਕਰਨ ਦੇ ਇੱਛਕ ਬਲੈਕਟਾਉਨ ਦੀ ਮੈਕਸ ਵੈਬਰ ਲਾਇਬ੍ਰੇਰੀ ਵਿਚ ਇਸ ਦਾ ਫਾਇਦਾ ਉਠਾ ਸਕਦੇ ਹਨ। ਇਸ ਤਕਨੀਕੀ ਕੰਮ ਨੂੰ ਆਈ ਟੀ ਐਕਸਪਰਟ ਇਕ ਪੰਜਾਬੀ ਨੌਜਵਾਨ ਜਗਦੀਪ ਸਿੰਘ ਨੇ ਲਾਇਬ੍ਰੇਰੀ ਦੇ ਆਈ ਟੀ ਐਕਸਪਰਟ ਨਾਲ ਮਿਲ ਕੇ ਨੇਪੜੇ ਚਾੜ੍ਹਿਆ।

ਜਦ ਵਰਕਰਜ਼ ਕਲੱਬ ਵਲੋਂ ਵੀ ਲਾਕ ਡਾਉਨ ਉਪਰੰਤ ਕਾਰ ਵਿਹਾਰ ਸ਼ੁਰੂ ਕੀਤਾ ਗਿਆ ਤਾਂ ਇਸ ਦੌਰਾਨ ਇਕ ਦਿਨ ਸਾਨੂੰ ਕਲੱਬ ਦੇ ਚੀਫ ਐਗਜੀਕਿਊਟਿਵ ਫਰੈਂਕ ਰੈਤੀ ਮਿਲ ਗਏ। ਸਮਾਜਿਕ ਦੂਰੀ ਬਣਾ ਕੇ ਬੈਠ ਕੇ ਕਾਫੀ ਪੀਂਦਿਆਂ ਪੀਂਦਿਆਂ ਉਨ੍ਹਾਂ ਨੂੰ ਇਕ ਦੋ ਸੁਝਾ ਦਿੱਤੇ ਕਿ ਕਲੱਬ ਵਿਚ ਛੋਟੀ ਮੋਟੀ ਲਾਇਬ੍ਰੇਰੀ ਖੋਲ੍ਹੀ ਜਾਵੇ ਅਤੇ ਸੀਨੀਅਰ ਸਿਟੀਜ਼ਨਜ ਨੂੰ ਕਦੇ ਕਦਾਈਂ ਕਿਤੇ ਪਿਕਨਿਕ ਵਗੈਰਾ ਤੇ ਲਿਜਾਣ ਦਾ ਪ੍ਰਬੰਧ ਵੀ ਕੀਤਾ ਜਾਵੇ।ਉਨ੍ਹਾਂ ਨੇ ਸਾਡੇ ਇਸ ਸੁਝਾ ਨੂੰ ਬੜੇ ਵਧੀਆ ਢੰਗ ਨਾਲ ਸੁਣਿਆ ਅਤੇ ਆਪਣੀ ਉੱਚ ਪੱਧਰੀ ਮੀਟਿੰਗ ਵਿਚ ਵਿਚਾਰਨ ਦੀ ਹਾਮੀ ਭਰੀ।

ਇਥੇ ਇਹ ਵੀ ਦੱਸਣਾ ਬੇਹਤਰ ਸਮਝਾਂਗਾ ਕਿ ਕਰੋਨਾ ਦੇ ਸ਼ੁਰੂਆਤ ਦੇ ਵਕਤ ਗੁਰੁ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਦੇ ਰਿਟਾਇਰਡ ਪਰੋਫੈਸਰ ਡਾ. ਬਿਕਰਮ ਸਿੰਘ ਘੁੰਮਣ ਜਦ ਬਤੌਰ ਟੂਰਿਸਟ ਇਥੇ ਆਏ ਤਾਂ ਉਨ੍ਹਾਂ ਨੇ ਵੀ ਸਿਡਨੀ , ਮੈਲਬੌਰਨ, ਨਿਊਜ਼ੀਲੈਂਡ ਵਿਖੇ ਵੱਖ ਵੱਖ ਥਾਵਾਂ ਤੇ ਆਪਣੇ ਤਜਰਬੇ ਸਾਂਝਿਆਂ ਕਰਦੇ ਪਰਵਾਸੀ ਪੰਜਾਬੀਆਂ ਨੂੰ ਆਪਣੇ ਵਿਰਸੇ ਨਾਲ ਜੁੜੇ ਰਹਿਣ ਅਤੇ ਮਾਨਸਿਕ ਦਬਾਅ 'ਚੋਂ ਨਿਕਲਣ ਲਈ ਪ੍ਰਸਿੱਧ ਸ਼ਖਸੀਅਤਾਂ ਦੀਆਂ ਸਵੈ ਜੀਵਨੀਆਂ ਪੜ੍ਹਨ ਲਈ ਪ੍ਰੇਰਿਤ ਕੀਤਾ ਸੀ।

ਜਲੰਧਰ ਤੋਂ ਦਯਾਨੰਦ ਆਯੁਰਵੈਦਿਕ ਕਾਲਜ ਦੇ ਰਿਟਾਇਰਡ ਪ੍ਰੰਸੀਪਲ ਡਾ. ਰਾਜ ਕੁਮਾਰ ਵੀ ਲਾਕ ਡਾਉਨ ਦੌਰਾਨ ਇਥੇ ਹੀ ਹਨ। ਇਸ ਸਮੇਂ ਦੌਰਾਨ ਉਹ ਰੋਜ਼ ਸਵੇਰ ਦੇ ਸਮੇਂ ਬਲੈਕਟਾਉਨ ਐਕੁਐਟਿਕ ਸੈਂਟਰ ਦੇ ਨਾਲ ਲਗਦੇ ਪਾਰਕ ਵਿਖੇ ਸੈਰ ਕਰਨ ਆਉਂਦੇ ਦੱਸ ਬਾਰਾਂ ਵਿਅਕਤੀਆਂ ਦੇ ਇਕ ਸਮੂਹ ਨੂੰ ਸੈਰ ਅਤੇ ਕਸਰਤ ਦੇ ਨਾਲ ਨਾਲ ਚੰਗੀ ਅਤੇ ਪੌਸ਼ਟਿਕ ਖੁਰਾਕ ਲੈਣ ਦੇ ਫਾਇਦੇ ਦਸਦੇ ਰਹਿੰਦੇ ਹਨ। ▲ਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਵਿਚ ਪੈਦਾ ਹੋਣ ਵਾਲੀਆਂ ਜੜ੍ਹੀ ਬੂਟੀਆਂ, ਲੌਂਗ, ਇਲਾਇਚੀ, ਮਲੱਠੀ, ਸੌਂਫ, ਜਵੈਨ, ਦਾਲਚੀਨੀ, ਹਲਦੀ ਆਦਿ ਵਰਗੇ ਮਸਾਲਿਆਂ ਦੀ ਵਰਤੋਂ ਸਮੇਂ ਅਨੁਸਾਰ, ਸਹੀ ਮਿਕਦਾਰ ਚੰਗੀ ਸਿਹਤ ਲਈ ਬਹੁਤ ਗੁਣਕਾਰੀ ਹਨ। ਉਹ ਇਕੱਲੀ ਇਕੱਲੀ ਚੀਜ਼ ਦੇ ਫਾਇਦੇ ਦਸਦੇ ਰਹਿੰਦੇ ਹਨ। ਉਨ੍ਹਾਂ ਅਨੁਸਾਰ ਆਸਟ੍ਰੇਲੀਆ ਵਿਚ ਵੀ ਬਹੁਤ ਸਾਰੀਆਂ ਇਹੋ ਜਿਹੀਆਂ ਜੜ੍ਹੀ ਬੂਟੀਆਂ ਹਨ ਜਿਹੜੀਆਂ ਸਾਡੇ ਰੋਜ਼ਾਨਾ ਜੀਵਨ ਵਿਚ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਦੂਰ ਕਰ ਸਕਦੀਆਂ ਹਨ ਅਤੇ ਸਾਨੂੰ ਅਰੋਗ ਰੱਖ ਸਕਦੀਆਂ ਹਨ।। ਪੰਜਾਬੀਆਂ ਦਾ ਇਹ ਸਮੂਹ ਕਦੇ ਕਦੇ ਆਪਣੇ ਮਨੋਰੰਜਨ ਲਈ ਗੀਤ ਸੰਗੀਤ ਦਾ ਪ੍ਰੋਗਰਾਮ ਵੀ ਕਰਦਾ ਰਹਿੰਦਾ ਹੈ।

ਫਰੀਦਕੋਟ ਤੋਂ ਇਥੇ ਪੁੱਜੇ ਰਿਟਾਇਰਡ ਹੋਰਟੀਕਲਚਰ ਅਫਸਰ ਪ੍ਰਾਸਪੈਕਟ ਪਾਰਕ ਵਿਖੇ ਆਉਂਦੇ ਆਪਣੇ ਸਾਥੀਆਂ ਨੂੰ ਲਾਕਡਾਉਨ ਦੌਰਾਨ ਆਪਣੇ ਸਮੇਂ ਦੀ ਸਹੀ ਵਰਤੋਂ ਕਰਨ ਅਤੇ ਵਾਤਾਵਰਣ ਦਾ ਸੰਤੁਲਨ ਬਣਾਈ ਰੱਖਣ ਲਈ ਪ੍ਰੇਰਿਤ ਕਰਦੇ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਆਪਣੇ ਘਰਾਂ ਦੇ ਆਲੇ ਦੁਆਲੇ ਉਗੀ ਹਾਨੀਕਾਰਕ ਜੜ੍ਹੀ ਬੂਟੀ ਨੂੰ ਨਸ਼ਟ ਕਰਨ ਲਈ ਸਾਨੂੰ ਸਾਰਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਹ ਕਹਿੰਦੇ ਹਨ ਕਿ ਇਸ ਸਮੇਂ ਦਾ ਲਾਹਾ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਪੰਜਾਬੀ ਸਿਖਾ ਕੇ ਵੀ ਲਿਆ ਹੈ। ਲਿਵਰਪੂਲ ਦੇ ਰਹਿਣ ਵਾਲੇ ਕਸ਼ਮੀਰ ਸਿੰਘ ਸੰਧੂ ਆਪਣੇ ਸਾਥੀਆਂ ਨੂੰ ਆਪਣੀਆਂ ਹੱਡੀਆਂ ਅਤੇ ਮਸਲਜ ਨੂੰ ਮਜ਼ਬੂਤ ਰੱਖਣ ਦੇ ਗੁਰ ਸਿਖਾਂਦੇ ਰਹੇ ਹਨ।

ਇਕ ਹੋਰ ਸੱਜਣ ਜਿਹੜੇ ਬਤੌਰ ਟੂਰਿਸਟ ਇਥੇ ਹਨ ਦਰਸ਼ਨ ਸਿੰਘ ਧਾਲੀਵਾਲ ਅੱਜ ਕਲ੍ਹ ਰੋਜ਼ਾਨਾ ਸਵੇਰੇ ਗੁਰਦਵਾਰਾ ਗਲੈਨਵੁੱਡ ਵਿਖੇ ਜਾ ਕੇ ਕੋਈ ਨ ਕੋਈ ਸੇਵਾ ਕਰਕੇ ਆਪਣਾ ਸਮਾਂ ਬਿਤਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰੁ ਘਰ ਜਾਂ ਮਾਨਵਤਾ ਲਈ ਕੀਤੀ ਗਈ ਕੋਈ ਵੀ ਸੇਵਾ ਅਤੇ ਅਰਦਾਸ ਕਦੇ ਵੀ ਬਿਰਥਾ ਨਹੀਂ ਜਾਂਦੀ।

ਜੇਕਰ ਬਹੁਤ ਸਾਰੇ ਲੋਕ ਇਸ ਨਾਮੁਰਾਦ ਬਿਮਾਰੀ ਤੋਂ ਪ੍ਰੇਸ਼ਾਨ ਹੋ ਕੇ ਵਿਹਲੇ ਬੈਠ ਗਏ ਹਨ ਤਾਂ ਬਹੁਤ ਸਾਰੇ ਹੋਰ ਇਹੋ ਜਿਹੇ ਲੋਕ ਵੀ ਹੋਣਗੇ ਜੋ ਇਸ ਭਿਆਨਕ ਸਮੇਂ ਵਿਚ ਕੁਝ ਨ ਕੁਝ ਸਾਰਥਕ ਕੰਮ ਕਰ ਰਹੇ ਹੋਣਗੇ ਭਾਵੇਂ ਉਨ੍ਹਾਂ ਦੀ ਜਾਣਕਾਰੀ ਸਾਡੇ ਕੋਲ ਨਹੀਂ ਹੈ ਪਰ ਫਿਰ ਵੀ ਉਨ੍ਹਾਂ ਦੀ ਸਰਾਹਨਾ ਕਰਨੀ ਬਣਦੀ ਹੈ। ਅੰਤ ਵਿਚ ਅਸੀਂ ਧੰਨਵਾਦੀ ਹਾਂ ਡਾਕਟਰ ਅਵਤਾਰ ਸਿੰਘ ਸੰਘਾ, ਸੰਪਾਦਕ, 'ਪੰਜਾਬ ਹੈਰਲਡ' ਦੇ ਜਿਹੜੇ ਸਮੇਂ ਸਮੇਂ ਸਾਡੇ ਵਰਗੇ ਟੂਰਿਸਟਾਂ ਨੂੰ ਆਪਣਾ ਕੀਮਤੀ ਸਮਾਂ ਦੇ ਕੇ ਉਸਾਰੂ ਕੰਮਾਂ ਲਈ ਪ੍ਰੇਰਦੇ ਰਹਿੰਦੇ ਹਨ।

# ਪੋਸਟ ਮੈਟਰਿਕ ਵਜ਼ੀਫ਼ਾ ਵਿਵਾਦ ਦੇ ਛੇਤੀ ਹੱਲ ਦੀ ਲੋੜ

ਚਰਨਜੀਤ ਸਿੰਘ ਰਾਜੌਰ
84279-29558



ਅੱਜ-ਕੱਲ੍ਹ ਪੂਰੇ ਪੰਜਾਬ ਵਿਚ ਦਲਿਤ ਵਿਦਿਆਰਥੀਆਂ ਲਈ ਪੋਸਟ ਮੈਟਰਿਕ ਵਜ਼ੀਫ਼ਾ ਸਕੀਮ ਤਹਿਤ ਆਏ ਪੈਸੇ ਸਬੰਧੀ ਘਪਲੇਬਾਜ਼ੀ ਦੀ ਚਰਚਾ ਜ਼ੋਰਾਂ 'ਤੇ ਹੈ। ਸਰਕਾਰ ਦੇ ਸਬੰਧਤ ਵਿਭਾਗ ਦੇ ਕੈਬੀਨੇਟ ਮੰਤਰੀ ਦਾ ਨਾਂ ਇਸ ਘੋਟਾਲੇ ਵਿਚ ਵੱਖ-ਵੱਖ ਰਾਜਨੀਤਕ ਪਾਰਟੀਆਂ ਵੱਲੋਂ ਲਿਆ ਜਾ ਰਿਹਾ ਹੈ। ਕਰੋਨਾ ਮਹਾਂਮਾਰੀ ਸਮੇਂ ਅਤੇ ਸਰਕਾਰਾਂ ਦੀਆਂ ਮਾਰੂ ਨੀਤੀਆਂ ਕਰਕੇ ਜਿੱਥੇ ਗਰੀਬ ਦਲਿਤ ਵਰਗ ਪਹਿਲਾਂ ਹੀ ਭੁੱਖੇ ਮਰਨ ਕੰਢੇ ਹੈ, ਉੱਥੇ ਇਨ੍ਹਾਂ ਗਰੀਬ ਦਲਿਤ ਪਰਿਵਾਰਾਂ ਦੇ ਪੜ੍ਹ ਰਹੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਬਣਾਈਆਂ ਯੋਜਨਾਵਾਂ ਅਧੀਨ ਕੇਂਦਰ ਵੱਲੋਂ ਆਏ ਪੈਸੇ ਨੂੰ ਇਨ੍ਹਾਂ ਲੋੜਵੰਦ ਪਰ ਹੋਣਹਾਰ ਵਿਦਿਆਰਥੀਆਂ ਨੂੰ ਨਾ ਦੇ ਕੇ ਆਪਣੀਆਂ ਝੋਲੀਆਂ ਭਰਨਾ ਮਾੜੀ ਸੋਚ ਨੂੰ ਦਰਸਾਉਂਦਾ ਹੈ।




ਸਦੀਆਂ ਤੋਂ ਦਲਿਤਾਂ ਨਾਲ ਰਾਜਸੀ, ਧਾਰਮਿਕ ਤੇ ਸਮਾਜਿਕ ਸੱਤਾ 'ਤੇ ਕਾਬਜ਼ ਮਨੂੰਵਾਦੀ ਸੋਚ ਵਾਲੇ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕ ਧੱਕਾ ਕਰਦੇ ਆਏ ਹਨ। ਸਮਾਜ ਸ਼ਾਸਤਰੀਆਂ ਵੱਲੋਂ 'ਜਾਤ' ਦੇ ਜਨਮ ਬਾਰੇ ਤਾਂ ਹਜ਼ਾਰਾਂ ਵਾਰ ਬਹਿਸਾਂ ਹੁੰਦੀਆਂ ਆਈਆਂ ਹਨ ਅਤੇ ਹੁੰਦੀਆਂ ਰਹਿਣਗੀਆਂ ਪਰ ਇਸ ਦੇ ਬੁਨਿਆਦੀ ਸਿਧਾਂਤਾਂ ਨੂੰ ਸਮਝਣਾ ਮੁਸ਼ਕਲ ਨਹੀਂ ਹੈ। ਵੱਖ-ਵੱਖ ਰਾਜਨੀਤਕ ਪਾਰਟੀਆਂ ਭਾਵੇਂ ਕੇਵਲ ਵੋਟਾਂ ਲੈਣ ਸਮੇਂ ਲੱਖਾਂ ਵਾਰੀ ਬਰਾਬਰੀ ਦਾ ਨਾਅਰਾ ਲਗਾਉਂਦੀਆਂ ਰਹਿਣ ਪਰ ਉਚ-ਨੀਚ, ਜਾਤ-ਪਾਤ, ਪਵਿੱਤਰਤਾ-ਮਲੀਨਤਾ ਨੂੰ ਮਾਪਣ ਦੇ ਜਿਹੜੇ ਮਾਪਦੰਡ ਪਹਿਲਾਂ ਸਨ, ਅੱਜ ਵੀ ਉਹ ਉਸੇ ਤਰ੍ਹਾਂ ਲਾਗੂ ਹਨ। ਜਾਤੀ ਪਿਰਾਮਿਡ ਵਿੱਚ ਸੱਭ ਤੋਂ ਉੱਪਰ ਬੈਠੇ ਲੋਕਾਂ ਨੂੰ ਪਵਿੱਤਰ ਮੰਨਿਆ ਗਿਆ ਹੈ, ਜਿਨ੍ਹਾਂ ਨੂੰ ਅਨੇਕਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ। ਪਿਰਾਮਿਡ ਦੇ ਸਭ ਤੋਂ ਹੇਠਲੇ ਲੋਕਾਂ ਨੂੰ ਅਪਵਿੱਤਰ, ਅਛੂਤ, ਮਲੀਨ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਦਾ ਹੱਕ ਕੋਈ ਨਹੀਂ, ਫ਼ਰਜ਼ ਹੀ ਫ਼ਰਜ਼ ਹਨ। ਇਸ ਢਾਂਚੇ ਤਹਿਤ ਸਾਰੇ ਸਮਾਜ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਸਰਵ ਉੱਚ ਜਾਤੀ ਬ੍ਰਾਹਮਣ (ਪੁਜਾਰੀ) ਜਾਤੀ ਦੱਸੀ ਗਈ ਹੈ। ਉਸ ਤੋਂ ਬਾਅਦ ਕਸ਼ੱਤਰੀ (ਰਾਜੇ ਜਾਂ ਸੈਨਿਕ), ਵੈਸ਼ (ਵਪਾਰੀ) ਅਤੇ ਸ਼ੂਦਰ (ਸੇਵਕ) ਹਨ, ਜਿਨ੍ਹਾਂ ਦਾ ਹੇਠਲਾ ਵਰਗ ਤਾਂ 'ਅਛੂਤ' ਕਰਾਰ ਦਿੱਤਾ ਗਿਆ ਹੈ, ਭਾਵ ਜਿਨ੍ਹਾਂ ਨੂੰ ਛੂਹਣ ਦੀ ਵੀ ਮਨਾਹੀ ਹੋਵੇ।

ਅਖੌਤੀ ਅਛੂਤ ਵਰਗਾਂ ਨੂੰ ਤਾਂ ਉਥੇ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ, ਜਿਥੇ ਉੱਚ ਜਾਤਾਂ ਦੇ ਘਰਾਂ ਦੀ ਗੰਦਗੀ ਆਦਿ ਸੁੱਟੀ ਜਾਂਦੀ ਸੀ। ਉੱਚ ਜਾਤੀ ਦੇ ਲੋਕਾਂ ਦੇ ਪਾਣੀ ਵਾਲੇ ਖੂਹਾਂ ਤੋਂ ਪਾਣੀ ਪੀਣ, ਧਾਰਮਿਕ ਸਥਾਨਾਂ ਤੇ ਹੋਰ ਆਮ ਸਾਂਝੇ ਸਮਾਜਿਕ ਸਥਾਨਾਂ ਤੇ ਸਮਾਗਮਾਂ ਵਿਚ ਜਾਣ ਦੀ ਮਨਾਹੀ ਸੀ। ਉੱਚ ਜਾਤੀ ਦੇ ਲੋਕਾਂ ਨੂੰ ਇਹ ਜਚਾਇਆ ਗਿਆ ਸੀ ਕਿ ਜੇ ਉਨ੍ਹਾਂ 'ਤੇ 'ਅਛੂਤਾਂ' ਦਾ ਪਰਛਾਵਾਂ ਵੀ ਪੈ ਗਿਆ ਤਾਂ ਉਹ 'ਭਿੱਟ' ਜਾਂ ਅਪਵਿੱਤਰ ਹੋ ਜਾਣਗੇ। ਦੇਸ਼ ਦੇ ਕੁਝ ਹਿੱਸਿਆਂ ਵਿਚ ਤਾਂ ਇਸ ਵਰਗ ਦੇ ਮਰਦਾਂ ਹੀ ਨਹੀਂ ਔਰਤਾਂ ਉਤੇ ਵੀ ਆਪਣੇ ਉਸ ਸਮੇਂ ਦੇ ਜਿਸਮ ਦਾ ਉੱਪਰੀ ਭਾਗ ਢਕਣ ਦੀ ਮਨਾਹੀ ਸੀ। ਚੰਗੇ ਕਪੜੇ ਅਤੇ ਗਹਿਣੇ ਪਹਿਨਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਮਹਾਰਾਸ਼ਟਰ ਵਿਚ ਕੁਝ ਜਾਤਾਂ ਜਿਵੇਂ ਮਹਾਰ ਭਾਈਚਾਰਾ, ਜਿਸ ਵਿੱਚ ਜਗਤ ਪ੍ਰਸਿੱਧ ਵਿਦਵਾਨ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਹੋਇਆ, ਨੂੰ ਪਿੱਠ ਪਿੱਛੇ ਝਾੜੂ ਬੰਨ੍ਹਣ ਦਾ ਹੁਕਮ ਸੀ ਤਾਂ ਜੋ ਉਨ੍ਹਾਂ ਦੇ ਪ੍ਰਦੂਸ਼ਿਤ ਪੈਰਾਂ ਦੇ ਨਿਸ਼ਾਨ ਨਾਲ ਦੀ ਨਾਲ ਸਾਫ਼ ਹੁੰਦੇ ਜਾਣ, ਮੂੰਹ ਅੱਗੇ ਕੁੱਜੇ ਵਰਗਾ ਥੁੱਕਦਾਨ ਲਗਾਉਣਾ ਪੈਂਦਾ, ਤਾਂ ਜੋ ਉਨ੍ਹਾਂ ਦਾ ਥੁੱਕ ਜ਼ਮੀਨ 'ਤੇ ਡਿੱਗ ਕੇ ਜ਼ਮੀਨ ਨੂੰ ਅਪਵਿੱਤਰ ਨਾ ਕਰੇ। ਪਰ ਇੰਨੀ ਛੂਆ-ਛੂਤ ਦੇ ਬਾਜਵੂਦ ਉੱਚ ਜਾਤੀ ਦੇ ਮਰਦਾਂ ਨੂੰ 'ਅਛੂਤ' ਔਰਤਾਂ ਦਾ ਸਰੀਰਕ ਸ਼ੋਸ਼ਣ ਕਰਨ ਦਾ ਪੂਰਾ ਅਧਿਕਾਰ ਸੀ ਤੇ ਸਰੀਰਕ ਸ਼ੋਸ਼ਣ ਵਾਲਾ ਇਹ ਵਰਤਾਰਾ ਹਿੰਦੋਸਤਾਨ ਭਰ ਵਿਚ ਅੱਜ ਵੀ ਵੱਖ-ਵੱਖ ਰੂਪਾਂ ਵਿਚ ਜਾਰੀ ਹੈ ਤੇ ਇਸੇ ਦਾ ਇਕ ਰੂਪ ਦਲਿਤ ਔਰਤਾਂ ਨਾਲ ਹੁੰਦੇ ਬਲਾਤਕਾਰ ਤੇ ਹੋਰ ਭਿਆਨਕ ਕਾਰੇ ਹਨ।

ਸ਼ੂਦਰ ਵਰਗ ਨੂੰ ਪੜ੍ਹਾਈ ਦਾ ਅਧਿਕਾਰ ਵੀ ਪ੍ਰਾਪਤ ਨਹੀਂ ਸੀ। ਅਜਿਹਾ ਵਿਤਕਰਾ ਅੱਜ ਵੀ ਇਨ੍ਹਾਂ ਕਥਿਤ ਨੀਵੀਂ ਜਾਤੀਆਂ ਨਾਲ ਜਾਰੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਸ ਇਤਿਹਾਸਕ ਬੇਇਨਸਾਫ਼ੀ ਨੂੰ ਦੂਰ ਕਰਨ ਦੀ ਕੋਸ਼ਿਸ਼ ਵਿਚ ਭਾਰਤ ਸਰਕਾਰ ਨੇ ਰਾਖਵਾਂਕਰਨ ਦੀ ਨੀਤੀ ਯੂਨੀਵਰਸਿਟੀਆਂ ਅਤੇ ਸਰਕਾਰ ਦੁਆਰਾ ਚਲਾਏ ਵਿਭਾਗਾਂ ਵਿਚ ਉਨ੍ਹਾਂ ਲੋਕਾਂ ਲਈ ਬਣਾਈ, ਜਿਹੜੇ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਨਾਲ ਸਬੰਧ ਰੱਖਦੇ ਸਨ, ਜਿਨ੍ਹਾਂ ਨੂੰ ਆਮ ਤੌਰ 'ਤੇ ਦਲਿਤ ਆਖਿਆ ਜਾਂਦਾ ਹੈ। ਦਲਿਤਾਂ ਨੂੰ ਦੇਸ਼ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਲਈ ਰਾਖਵਾਂਕਰਨ ਇੱਕ ਮਾਤਰ ਸਾਧਨ ਹੈ, ਇਸ ਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਲਾਗੂ ਨਾ ਕਰਨ ਅਤੇ ਇਸ ਉਤੇ ਬੇਤੁਕੀਆਂ ਦਲੀਲਾਂ ਰਾਹੀਂ ਸਵਾਲ ਖੜ੍ਹੇ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਸਰਕਾਰੀ ਨੌਕਰੀ ਵਿਚ ਰਾਖਵਾਂਕਰਨ ਨੀਤੀ ਦਾ ਲਾਭ ਪ੍ਰਾਪਤ ਕਰਨ ਲਈ ਦਲਿਤ ਵਿਦਿਆਰਥੀ ਦਾ ਦਸਵੀਂ ਜਮਾਤ ਪਾਸ ਹੋਣਾ ਜ਼ਰੂਰੀ ਹੈ। ਸਰਕਾਰੀ ਅੰਕੜਿਆਂ ਮੁਤਾਬਕ 71.3 ਫ਼ੀਸਦੀ ਦਲਿਤ ਵਿਦਿਆਰਥੀ ਤਾਂ ਦਸਵੀਂ ਪਾਸ ਕਰਨ ਤੋਂ ਪਹਿਲਾਂ ਹੀ ਪੜ੍ਹਾਈ ਛੱਡ ਦਿੰਦੇ ਹਨ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਚੌਥਾ ਦਰਜਾ ਸਰਕਾਰੀ ਨੌਕਰੀ ਲਈ ਵੀ ਰਾਖਵਾਂਕਰਨ ਹਰੇਕ ਚਾਰ ਵਿੱਚੋਂ ਇੱਕ ਦਲਿਤ 'ਤੇ ਲਾਗੂ ਹੁੰਦਾ ਹੈ।

ਸਫੈਦਪੋਸ਼ ਸਰਕਾਰੀ ਨੌਕਰੀ ਲਈ ਘੱਟੋ-ਘੱਟ ਯੋਗਤਾ ਗਰੈਜੂਏਸ਼ਨ ਹੈ, ਪਰ 2001 ਦੀ ਮਰਦਮਸ਼ੁਮਾਰੀ ਅਨੁਸਾਰ ਦਲਿਤਾਂ ਦੀ ਕੇਵਲ 2.24 ਫ਼ੀਸਦੀ ਆਬਾਦੀ ਹੀ ਗਰੈਜੂਏਟ ਹੈ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੀ ਰਿਪੋਰਟ ਅਨੁਸਾਰ ਕੇਂਦਰੀ ਜਨਤਕ ਖੇਤਰ ਵਿਚ ਪਹਿਲਾ ਦਰਜਾ ਅਫਸਰਾਂ ਵਿੱਚ ਸਿਰਫ਼ 8.4 ਫ਼ੀਸਦੀ ਅਨੁਸੂਚਿਤ ਜਾਤੀ ਤੋਂ ਹਨ ਜਦਕਿ ਨਿਯਮਾਂ ਮੁਤਾਬਕ ਇਹ ਅੰਕੜਾ 15 ਫ਼ੀਸਦੀ ਹੋਣਾ ਚਾਹੀਦਾ ਸੀ, ਕਿਉਂਕਿ ਕੇਂਦਰੀ ਸੇਵਾਵਾਂ ਵਿਚ ਇਸ ਵਰਗ ਨੂੰ 15 ਫ਼ੀਸਦੀ ਰਾਖਵਾਂਕਰਨ ਹਾਸਲ ਹੈ। ਪਰ ਇੱਕ ਸਰਕਾਰੀ ਵਿਭਾਗ ਅਜਿਹਾ ਵੀ ਹੈ ਜਿੱਥੇ ਦਲਿਤ ਕਰਮਚਾਰੀਆਂ ਦੀ ਗਿਣਤੀ ਉਨ੍ਹਾਂ ਦੀਆਂ ਰਾਖਵੀਆਂ ਸੀਟਾਂ ਤੋਂ ਛੇ ਗੁਣਾ ਜ਼ਿਆਦਾ ਹੈ। ਇਹ ਹਨ ਸਫਾਈ ਕਰਮਚਾਰੀ, ਜਿਥੇ ਅਨੁਸੂਚਿਤ ਜਾਤਾਂ ਵਾਲਿਆਂ ਦੀ ਗਿਣਤੀ ਕਰੀਬ 90 ਫ਼ੀਸਦੀ ਹੈ। ਜਿਹੜੇ ਸੜਕਾਂ ਸਾਫ਼ ਕਰਦੇ ਹਨ, ਜਿਹੜੇ ਗਟਰ ਦੀ ਗਹਰਾਈ ਵਿੱਚ ਉੱਤਰਦੇ ਹਨ ਅਤੇ ਬਹੁਤ ਵਾਰ ਜ਼ਹਿਰੀਲੀ ਗੈਸ ਚੜ੍ਹਨ ਨਾਲ ਜਾਨ ਤੋਂ ਹੱਥ ਵੀ ਧੋ ਬੈਠਦੇ ਹਨ। ਪਰ ਇਸ ਗਰੀਬੀ ਭਰੇ ਜੀਵਨ ਵਿਚ ਜਿਉਣ ਲਈ ਅਤੇ ਲਗਾਤਾਰ ਖ਼ਤਮ ਹੁੰਦੀਆਂ ਜਾਂਦੀਆਂ ਸਰਕਾਰੀ ਨੌਕਰੀਆਂ ਦੇ ਚਲਦੇ, ਦਲਿਤਾਂ ਦੇ ਇੱਕ ਭਾਗ ਨੂੰ ਪੱਕੀਆਂ ਸਰਕਾਰੀ ਨੌਕਰੀਆਂ ਖਾ ਜਾਣ ਵਾਲੇ ਠੇਕੇਦਾਰੀ ਪ੍ਰਬੰਧ ਨਾਲ ਵੀ ਲੜਾਈ ਲੜਨੀ ਪੈ ਰਹੀ ਹੈ, ਕਿਉਂਕਿ ਇਸ ਖੇਤਰ ਦਾ ਵੀ ਸਰਕਾਰਾਂ ਵੱਲੋਂ ਨਿਜੀਕਰਨ ਕਰ ਦਿੱਤਾ ਗਿਆ ਹੈ, ਜਿਸ ਵਿੱਚ ਠੇਕੇਦਾਰਾਂ ਵੱਲੋਂ ਇਨ੍ਹਾਂ ਨੂੰ ਬਹੁਤ ਘੱਟ ਉਜਰਤ ਅਤੇ ਬਿਨਾਂ ਕਿਸੇ ਸੁਰੱਖਿਆ ਗਰੰਟੀ ਦੇ ਆਪਣੀ ਇੱਛਾ ਮੁਤਾਬਕ ਨੌਕਰੀ ਤੇ ਰੱਖਿਆ ਅਤੇ ਕੱਢਿਆ ਜਾ ਸਕਦਾ ਹੈ ਤੇ ਉਨ੍ਹਾਂ ਨੂੰ ਭਾਰੀ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਅੱਜ ਜਿਥੇ ਦਲਿਤ ਪਰਿਵਾਰਾਂ ਵਿਚ ਮਾਂ-ਬਾਪ ਆਪਣੀ ਔਲਾਦ ਨੂੰ ਪੜ੍ਹਾਉਣ ਦਾ ਸੁਫਨਾ ਲੈ ਰਹੇ ਹਨ, ਜਿੱਥੇ ਦਲਿਤ ਪਰਿਵਾਰਾਂ ਦੇ ਮੁੰਡੇ-ਕੁੜੀਆਂ ਪੜ੍ਹ ਲਿਖ ਕੇ ਆਪਣੀ ਗਰੀਬੀ ਅਤੇ ਹਰ ਪੱਧਰ ਤੇ ਉਨ੍ਹਾਂ ਨਾਲ ਹੁੰਦੇ ਵਿਤਕਰੇ ਨੂੰ ਖ਼ਤਮ ਕਰਨ ਦੇ ਸੁਪਨੇ ਲੈ ਕੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਆਪਣੀ ਪਹੁੰਚ ਕਰ ਰਹੇ ਹਨ, ਉੱਥੇ ਦੂਜੇ ਪਾਸੇ ਸਰਕਾਰਾਂ ਅਤੇ ਸਾਰੇ ਤੰਤਰ ਉਤੇ ਕਾਬਜ਼ ਵਰਗ ਦੇ ਇਕ ਵੱਡੇ ਹਿੱਸੇ ਦੀ ਸੋਚ ਵਿਚ ਡੂੰਘਾਈ ਤੱਕ ਵੱਸੀ ਤੇ ਰਸੀ ਹੋਈ ਮਨੂੰਵਾਦੀ ਸੋਚ ਦਲਿਤ ਸਮਾਜ ਦੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਦੀ ਸਫਲਤਾ ਦੇ ਰਾਹ ਵਿਚ ਹਰ ਸਮੇਂ ਕੋਈ ਨਾ ਕੋਈ ਰੋੜਾ ਅਟਕਾਉਣ ਦੀਆਂ ਜੁਗਤਾਂ ਬਣਾਉਂਦੇ ਰਹਿੰਦੇ ਹਨ। ਜੇ ਸਰਕਾਰਾਂ ਸੱਚਮੁੱਚ ਦੇਸ਼ ਦੀ ਤਰੱਕੀ ਅਤੇ 'ਸਬਕਾ ਸਾਥ, ਸਬਕਾ ਵਿਕਾਸ' ਚਾਹੁੰਦੀਆਂ ਹਨ ਤਾਂ ਜ਼ਰੂਰੀ ਹੈ ਕਿ ਉਹ ਸਦੀਆਂ ਤੋਂ ਸ਼ੋਸ਼ਣ ਤੇ ਜ਼ਿਆਦਤੀਆਂ ਦਾ ਸ਼ਿਕਾਰ ਰਹੇ ਇਨ੍ਹਾਂ ਦੱਬੇ-ਕੁਚਲੇ ਲੋਕਾਂ ਨੂੰ ਉਨ੍ਹਾਂ ਦਾ ਬਣਦਾ ਮਾਣ-ਸਨਮਾਨ ਦੇਣ ਦੇ ਪ੍ਰਬੰਧ ਕਰਨ ਤੇ ਇਨ੍ਹਾਂ ਨੂੰ ਦੇਸ਼ ਦੀ ਮੁੱਖ ਧਾਰਾ ਵਿੱਚ ਆਉਣ ਦੇ ਉਚਿਤ ਮੌਕੇ ਮੁਹੱਈਆ ਕਰਾਉਣ। ਪੰਜਾਬ ਸਰਕਾਰ ਅਤੇ ਕੇਂਦਰ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਨਿਯਮਾਂ ਮੁਤਾਬਕ ਇਨ੍ਹਾਂ ਵਿਦਿਆਰਥੀਆਂ ਦਾ ਬਣਦਾ ਵਜ਼ੀਫਾ ਸਿੱਧਾ ਇਨ੍ਹਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਵਾਇਆ ਜਾਵੇ ਤੇ ਵਿਵਾਦ ਦਾ ਛੇਤੀ ਤੋਂ ਛੇਤੀ ਹੱਲ ਕੀਤਾ ਜਾਵੇ।

# A1 HOME IMPROVEMENTS

ABN: 44 105 366 809

ABN: 44 105 366 809

3/40 Charles Street
St Marys NSW 2760

0449 111 111

JAS@A1HOME.COM.AU

A1HOME.COM.AU

## OVER 25 YEARS OF EXPERIENCE WITH:

GATES/FENCES
STAIRS
AUTOMATIC GATES
HANDRAILS
GLASSWORK
TIMBER DECKS
AWNINGS
GAZEBOS
PERGOLAS
SHOWERSCREENS
STRUCTURAL STEEL
POOL FENCES











## CUSTOM QUALITY HOMES AT PROJECT PRICES

SINGLE STOREY
DOUBLE STOREY
DUPLEX
GRANNY FLATS
COMMERCIAL
RENOVATIONS



A1 HOME BUILDERS

0449 111 111
WWW.A1HOMEBUILDERS.COM.AU
INFO@A1HOMEBUILDERS.COM.AU
@A1HOMEBUILDERS
@A1HOMEBUILDERS_
HIA MEMBER you're in good hands
LICENCE: 303056C




# ਗੁਣਕਾਰੀ ਕੁਆਰ ਅਤੇ ਆਂਵਲਾ

*ਇਸ਼ਟ ਪਾਲ ਵਿੱਕੀ*

ਭਾਰਤ ਦੇਸ਼ ਵਿੱਚ ਔਸ਼ਧੀਆਂ ਦਾ ਭੰਡਾਰ ਭਰਿਆ ਪਿਆ ਹੈ। ਦੇਸ਼ ਦੇ ਹਰ ਕੋਨੇ ਵਿੱਚ ਸਾਨੂੰ ਆਮ ਹੀ ਇਹ ਔਸ਼ਧੀਆਂ ਜਿਨ੍ਹਾਂ ਨੂੰ ਅਸੀਂ ਦਵਾਈਆਂ ਦੇ ਤੌਰ 'ਤੇ ਵੀ ਜਾਣਦੇ ਹਾਂ, ਮਿਲ ਜਾਣਗੀਆਂ। ਅਸੀਂ ਆਮ ਤੌਰ 'ਤੇ ਵੇਖਿਆ ਹੈ ਕਿ ਐਲੋਪੈਥੀ ਵਿੱਚ ਕੈਮੀਕਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜੋ ਸਾਡੇ ਸਰੀਰ ਅੰਦਰ ਜਾ ਕਿ ਤਰ੍ਹਾਂ-ਤਰ੍ਹਾਂ ਦੀਆਂ ਹੋਰ ਬਿਮਾਰੀਆਂ ਵੀ ਉਤਪੰਨ ਕਰਦੀਆਂ ਹਨ। ਇਹ ਐਲੋਪੈਥੀ ਦਵਾਈਆਂ ਇੱਕ ਵਾਰ ਤਾਂ ਸਾਡੇ ਸਰੀਰ ਨੂੰ ਲੱਗੇ ਕਿਸੇ ਭਿਆਨਕ ਰੋਗ ਤੋਂ ਛੁਟਕਾਰਾ ਦਿਵਾ ਦਿੰਦੀਆਂ ਹਨ ਪਰ ਉਸ ਰੋਗ ਦੀ ਜੜ੍ਹ ਨੂੰ ਨਹੀਂ ਖਤਮ ਕਰ ਪਾਉਂਦੀਆ। ਮਹਿਂਗੀਆਂ-ਮਹਿਂਗੀਆਂ ਦਵਾਈਆਂ, ਟੈਸਟ ਅਤੇ ਡਾਕਟਰਾਂ ਦੀਆ ਫੀਸਾਂ ਹਰੇਕ ਦੇ ਨੱਕ ਵਿੱਚ ਦਮ ਕਰ ਦਿੰਦੀਆਂ ਹਨ। ਭੱਜ ਦੌੜ ਦੀ ਜ਼ਿੰਦਗੀ ਵਿੱਚ ਕਈ ਵਾਰ ਇਨਸਾਨ ਨੂੰ ਇਹ ਵੀ ਹੁੰਦਾ ਹੈ ਕਿ ਉਹ ਬੱਸ ਇੱਕ ਦੋ ਵਾਰ ਇਹ ਐਲੋਪੈਥੀ ਦੀ ਕੋਈ ਦਵਾਈ ਖਾ ਕੇ ਠੀਕ ਹੋ ਜਾਣ।

ਯੋਗ ਦੀਆਂ ਕਿਰਿਆਵਾਂ ਜਾਂ ਔਸ਼ਧੀਆਂ ਹੌਲੀ-ਹੌਲੀ ਆਰਾਮ ਦਵਾਉਂਦੀਆਂ ਹਨ, ਇਹ ਕੋਈ ਐਲੋਪੈਥੀ ਦੀ ਦਵਾਈ ਤਾਂ ਨਹੀ ਜੋ 2-3 ਦਿਨਾਂ ਵਿੱਚ ਠੀਕ ਕਰ ਦੇਵੇਗੀ। ਇਹ ਐਲੋਪੈਥੀ ਵਾਂਗ ਕੰਮ ਨਹੀਂ ਕਰਦੀਆਂ ਪਰ ਸਾਡੇ ਕਿਸੇ ਵੀ ਰੋਗ ਨੂੰ ਕੁਝ ਹੀ ਮਹੀਨਿਆਂ ਵਿੱਚ ਜੜ੍ਹੋਂ ਖਤਮ ਕਰ ਦਿੰਦੀਆਂ ਹਨ।

ਭਾਰਤ ਵਿੱਚ ਔਸ਼ਧੀਆਂ ਦੇ ਹੁੰਦੇ ਹੋਏ, ਪਤਾ ਨਹੀਂ ਲੋਕ ਕਿਹੜੇ ਰਾਹ 'ਤੇ ਪੈ ਗਏ ਹਨ। ਇਹ ਲੋਕ ਤਾਂ ਉਸ ਦੇਸ਼ ਦੇ ਲੋਕ ਹਨ, ਜਿਨ੍ਹਾਂ ਨੂੰ ਮਾਣ ਕਰਨਾ ਚਾਹੀਦਾ ਹੈ ਕਿ ਅਸੀਂ ਰੋਗ ਮੁਕਤ ਦੇਸ਼ ਦੇ ਵਾਸੀ ਹਾਂ। ਅਸੀਂ ਆਮ ਵੇਖਦੇ ਸੁਣਦੇ ਹਾਂ ਕੁਆਰ (ਐਲੋਵੇਰਾ) ਬਾਰੇ, ਪੁਰਾਣੇ ਭਾਰਤ ਦੇ ਲੋਕ ਵਿਸ਼ੇਸ਼ ਕਰ ਕੇ ਪੰਜਾਬ ਦੇ ਲੋਕ ਪਹਿਲਾਂ ਆਮ ਹੀ ਘਰਾਂ ਵਿੱਚ ਕੁਆਰ ਦਾ ਪੌਦਾ ਲਾਉਂਦੇ ਸਨ ਅਤੇ ਹਫ਼ਤੇ ਵਿੱਚ 2-3 ਵਾਰ ਇਸਦੀ ਸਬਜ਼ੀ ਬਣਾ ਕਿ ਖਾਂਦੇ ਸਨ। ਇਸ ਗੁਣਕਾਰੀ ਔਸ਼ਧੀ ਨਾਲ ਉਹ ਹਮੇਸ਼ਾ ਤੰਦਰੁਸਤ ਅਤੇ ਬੀਮਾਰੀਆਂ ਤੋਂ ਦੂਰ ਰਹਿੰਦੇ ਸਨ ਪਰ ਅੱਜ ਦੇ ਲੋਕ, ਖਾਸ ਕਰ ਕੇ ਨਵੀਂ ਪੀੜ੍ਹੀ ਦੇ ਲੋਕ ਐਲੋਵੇਰਾ ਬਾਰੇ ਤਾਂ ਜਾਣਦੇ ਹਨ ਪ ਰ



90% ਲੋਕਾਂ ਨੂੰ ਇਹ ਵੀ ਨਹੀਂ ਪਤਾ ਹੋਣਾ ਕਿ ਐਲੋਵੇਰਾ ਉਨ੍ਹਾਂ ਦੇ ਘਰਾਂ ਵਿੱਚ ਆਮ ਹੀ ਸਬਜ਼ੀ ਦੇ ਰੂਪ ਵਿੱਚ ਬਣਾਇਆ ਜਾਂਦਾ ਸੀ।

ਉਹ ਤਾਂ ਹੁਣ ਸਿਰਫ਼ ਇਸ ਨੂੰ ਜੂਸ ਜਾਂ ਜੈਲੀ ਦੇ ਰੂਪ ਨਾਲ ਹੀ ਵੇਖਦੇ ਹਨ।

ਅਸੀਂ ਘਰ ਵਿੱਚ ਕੁਆਰ ਦੇ ਬੂਟੇ ਲਾ ਸਕਦੇ ਹਾਂ ਅਤੇ ਇਸ ਕੁਆਰ ਦੀ ਜੈਲੀ ਨੂੰ ਰਾਤ ਨੂੰ ਸੌਣ ਤੋਂ ਪਹਿਲਾਂ ਵੀ ਆਪਣੇ ਚਿਹਰੇ 'ਤੇ ਲਾ ਸਕਦੇ ਹਾਂ ਅਤੇ ਸਵੇਰ ਵੇਲੇ ਸਾਫ਼ ਪਾਣੀ ਨਾਲ ਧੋ ਸਕਦੇ ਹਾਂ।

ਇਸ ਨਾਲ ਸਾਨੂੰ ਬਾਜ਼ਾਰ ਵਿੱਚ ਆਉਂਦੇ ਕੁਆਰ ਦੇ ਉਤਪਾਦਨਾਂ ਨਾਲੋਂ ਕਿਤੇ ਜ਼ਿਆਦਾ ਲਾਭ ਪ੍ਰਾਪਤ ਹੋ ਜਾਣਗੇ। ਨਾਲ ਹੀ ਜੇਕਰ ਅਸੀਂ ਬਾਜ਼ਾਰ ਵਿੱਚ ਆਉਂਦੇ ਕੁਆਰ ਦੇ ਜੂਸ ਆਦਿ ਨਾ ਵਰਤ ਕਿ ਹਫ਼ਤੇ ਵਿੱਚ ਕੁਝ ਦਿਨ ਇਸਦੀ ਸਬਜ਼ੀ ਬਣਾ ਕਿ ਖਾ ਲਈਏ ਤਾਂ ਵੀ ਸਾਨੂੰ ਬਹੁਤ ਜ਼ਿਆਦਾ ਲਾਭ ਪ੍ਰਾਪਤ ਹੋ ਜਾਣਗੇ। ਬਾਜ਼ਾਰ ਨਾਲੋਂ ਵਧੀਆ ਜੂਸ ਅਸੀਂ ਘਰ ਵਿਚ ਵੀ ਤਿਆਰ ਕਰ ਸਕਦੇ ਹਾਂ। ਜੂਸਰ ਵਿੱਚ ਆਮ ਹੀ ਅਸੀਂ ਇਸਨੂੰ ਤਿਆਰ ਕਰ ਸਕਦੇ ਹਾਂ ਅਤੇ ਤਿੰਨ ਤੋਂ ਚਾਰ ਦਿਨ ਤੱਕ ਫਰਿਜ ਵਿੱਚ ਰੱਖ ਕੇ ਵੀ ਪ੍ਰਯੋਗ ਕਰ ਸਕਦੇ ਹਾਂ। ਸਵੇਰ ਵੇਲੇ ਖਾਲੀ ਪੇਟ ਤਿੰਨ ਤੋਂ ਚਾਰ ਚਮਚ ਲਿਆ ਜਾ ਸਕਦਾ ਹੈ।

ਆਂਵਲਾ, ਭਾਰਤ ਦੇਸ਼ ਵਿੱਚ ਆਮ ਕਿਹਾ ਜਾਂਦਾ ਹੈ 'ਔਲੇ ਦਾ ਖਾਦਾ ਅਤੇ ਸਿਆਣਿਆਂ ਦਾ ਕਿਹਾ ਬਾਅਦ ਵਿੱਚ ਪਤਾ ਲੱਗਦੇ।' ਇਸੇ ਤਰ੍ਹਾਂ ਹੀ ਆਂਵਲਾ ਵੀ ਪਹਿਲਾਂ-ਪਹਿਲਾਂ ਤਾਂ ਖਾਣ ਵਿੱਚ ਕੁਝ ਕੁ ਕੌੜਾ ਜਾਂ ਖੱਟਾ ਲੱਗਦਾ ਹੈ ਪਰ ਬਾਅਦ ਵਿੱਚ ਬਹੁਤ ਹੀ ਮਿੱਠਾ-ਮਿੱਠਾ ਮੂੰਹ ਹੋ ਜਾਂਦਾ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਕਿ ਹੋਰ ਖਾਧਾ ਜਾਵੇ।

ਇਸੇ ਤਰ੍ਹਾਂ ਜਿਸ ਰੁੱਤ ਵਿੱਚ ਸਾਨੂੰ ਇਹ ਆਂਵਲਾ ਕੱਚਾ ਮਿਲੇ ਤਾਂ ਉਸਨੂੰ ਉਸੇ ਤਰ੍ਹਾਂ ਖਾ ਲਵੋ ਜਾਂ ਫਿਰ ਆਮ ਘਰ ਵਿੱਚ ਬਣਦੀਆਂ ਸਬਜ਼ੀਆਂ ਵਿੱਚ ਇਸਦਾ ਇਸਤੇਮਾਲ ਕਰੋ। ਨਾਲ ਹੀ ਜਿਸ ਰੁੱਤ ਵਿੱਚ ਸਾਨੂੰ ਇਹ ਆਂਵਲਾ ਕੱਚਾ ਨਾ ਮਿਲੇ ਤਾਂ



ਅਸੀਂ ਆਸਾਨੀ ਨਾਲ ਬਾਜ਼ਾਰ 'ਚੋ ਸੁੱਕਾ ਆਂਵਲਾ ਵੀ ਲੈ ਸਕਦੇ ਹਾਂ। ਫਿਰ ਅਸੀਂ ਇਸਨੂੰ ਬਰੀਕ ਕਰ ਕੇ ਪਾਊਡਰ ਬਣਾ ਕਿ ਸਵੇਰ ਵੇਲੇ ਉਠਣ ਸਾਰ ਖਾਲੀ ਪੇਟ ਇਕ ਚਮਚ ਤਾਜ਼ੇ ਪਾਣੀ ਨਾਲ ਲੈ ਸਕਦੇ ਹਾਂ ਜਾਂ ਇੱਕ ਚਮਚਾ 2 ਚਮਚੇ ਸ਼ਹਿਦ 'ਚ ਪਾ ਕਿ ਖਾ ਸਕਦੇ ਹਾਂ।

**ਕੁਆਰ ਦੇ ਫਾਇਦੇ -**

**ਐੱਸੀਡੀਟੀ ਲਈ ਲਾਭਕਾਰੀ ਹੈ।**
**ਖਾਸ ਤੌਰ 'ਤੇ ਚਿਹਰੇ ਲਈ ਲਾਭਕਾਰੀ ਹੈ।**
**ਪੇਟ ਦੇ ਰੋਗਾਂ ਲਈ ਬਹੁਤ ਗੁਣਕਾਰੀ ਹੈ।**
**ਲਿਵਰ ਲਈ ਲਾਭਕਾਰੀ ਹੈ।**
**ਨਜ਼ਲਾ ਜ਼ੁਕਾਮ ਅਤੇ ਬੁਖਾਰ ਲਈ ਲਾਭਕਾਰੀ ਹੈ।**
**ਦਿਲ ਦੇ ਰੋਗਾਂ ਲਈ ਵਧੀਆ ਹੈ।**
**ਬਲੱਡ ਪ੍ਰੈਸ਼ਰ ਕੰਟਰੋਲ ਰੱਖਣ ਵਿੱਚ ਮਦਦ ਕਰਦਾ ਹੈ।**
**ਰੋਗਾਂ ਨਾਲ ਲੜਨ ਦੀ ਸ਼ਕਤੀ ਵੱਧ ਜਾਂਦੀ ਹੈ।**
**ਮੋਟਾਪਾ ਘਟਦਾ ਹੈ ।**
**ਦੰਦਾਂ ਦੀਆਂ ਬਿਮਾਰੀਆਂ ਲਈ ਲਾਭਕਾਰੀ ਹੈ।**
**ਕਬਜ਼ ਲਈ ਲਾਭਕਾਰੀ ਹੈ।**
**ਸ਼ੂਗਰ ਰੋਗ ਲਈ ਲਾਭਕਾਰੀ ਹੈ।**
**ਚਮੜੀ ਰੋਗਾਂ ਲਈ ਲਾਭਕਾਰੀ ਹੈ ।**
**ਤਣਾਅ ਲਈ ਲਾਭਕਾਰੀ।**

**ਆਂਵਲੇ ਦੇ ਗੁਣ**

**ਸਾਲਾਂ ਤੋਂ ਵੱਧ ਰਿਹਾ ਬਲੱਡ ਪ੍ਰੈਸ਼ਰ ਦਿਨਾਂ ਵਿੱਚ ਹੀ ਠੀਕ ਹੋਣਾ ਸ਼ੁਰੂ ਹੋ ਜਾਂਦਾ ਹੈ, ਨਾਲ ਹੀ ਅਸੀਂ ਇਸ ਆਂਵਲੇ ਨੂੰ ਚਮਤਕਾਰੀ ਵੀ ਕਹਿ ਸਕਦੇ ਹਾਂ ।**
**ਐੱਸੀਡੀਟੀ ਲਈ ਲਾਭਕਾਰੀ।**
**ਦਿਲ ਦੇ ਰੋਗਾਂ ਲਈ ਵਧੀਆ ਹੈ।**
**ਵਾਲਾਂ ਦਾ ਝੜਣਾ ਜਲਦ ਹੀ ਬੰਦ ਹੋ ਜਾਂਦਾ ਹੈ, ਨਵੇਂ ਵਾਲ ਆਉਣੇ ਸ਼ੁਰੂ ਹੋ ਜਾਂਦੇ ਹਨ।**
**ਵਾਲਾਂ ਦਾ ਸਫੇਦ ਹੋਣਾ ਵੀ ਜਲਦੀ ਹੀ ਰੁਕ ਜਾਂਦਾ ਹੈ।**
**ਚਿਹਰੇ ਦੀ ਰੰਗਤ ਅਤੇ ਸਫ਼ਾਈ ਲਈ ਵਧੀਆ ਹੈ, ਰੰਗ ਸਾਫ਼ ਹੁੰਦਾ ਹੈ।**
**ਲਿਵਰ ਲਈ ਗੁਣਕਾਰੀ ਹੈ ।**
**ਸਾਹ, ਨਜ਼ਲਾ, ਬੁਖਾਰ, ਛਾਤੀ ਅਤੇ ਕਿਡਨੀ ਲਈ ਲਾਭਕਾਰੀ ਹੈ।**
**ਖ਼ਰਾਬ ਗਲਾ ਠੀਕ ਹੋ ਜਾਂਦਾ ਹੈ ।**
**ਰੋਗਾਂ ਨਾਲ ਲੜਨ ਦੀ ਸ਼ਕਤੀ ਵੱਧ ਜਾਂਦੀ ਹੈ ।**
**ਪਿੱਤੇ 'ਚ ਪੱਥਰੀ ਨਹੀਂ ਹੋਣ ਦਿੰਦਾ।**
**ਖ਼ੂਨ ਸਾਫ਼ ਕਰਦਾ ਹੈ।**
**ਕਬਜ਼ ਲਈ ਲਾਭਕਾਰੀ ਹੈ ।ਸਰੀਰ ਨੂੰ ਠੰਢਾ ਰੱਖਦਾ ਹੈ।**
**ਅੱਖਾਂ ਦੀ ਰੌਸ਼ਨੀ ਵਧਾਉਂਦਾ ਹੈ।**
**ਹੱਡੀਆਂ ਨੂੰ ਮਜ਼ਬੂਤ ਕਰਦਾ ਹੈ।**
**ਮੂੰਹ ਦੇ ਛਾਲਿਆਂ ਲਈ ਲਾਭਕਾਰੀ ਹੈ।**
**ਮੋਟਾਪਾ ਘੱਟਦਾ ਹੈ।**

# ਸਵਾਦ ਨਹੀਂ, ਸਿਹਤ ਜ਼ਰੂਰੀ ਹੈ

ਬੱਚੇ ਹੋਣ ਭਾਵੇਂ ਵੱਡੇ, ਆਮ ਤੌਰ 'ਤੇ ਲੋਕ ਖਾਣ ਪੀਣ ਦੇ ਮਾਮਲੇ ਵਿੱਚ ਸਵਾਦ ਨੂੰ ਤਰਜ਼ੀਹ ਦਿੰਦੇ ਹਨ, ਸਿਹਤ ਨੂੰ ਨਹੀਂ। ਇਹ ਗੱਲ ਵੀ ਭਲੀ ਭਾਂਤੀ ਜਾਣਦੇ ਹਨ ਕਿ ਆਉਣ ਵਾਲੇ ਦਿਨਾਂ ਵਿਚ ਸਾਡੀ ਸਿਹਤ ਕਿਹੋ ਜਿਹੀ ਹੋਵੇਗੀ, ਇਹ ਸਭ ਸਾਡੇ ਖਾਣ ਪੀਣ 'ਤੇ ਨਿਰਭਰ ਕਰਦਾ ਹੈ। ਕੌਮੀ ਖੁਰਾਕ ਹਫ਼ਤਾ ਇਸੇ ਗੱਲ ਲਈ ਜਾਗਰੂਕ ਕਰਦਾ ਹੈ ਕਿ ਤੁਸੀਂ ਖੁਦ ਵੀ ਪੌਸ਼ਟਿਕ ਭੋਜਨ ਦੀ ਵਰਤੋਂ ਕਰੋ ਅਤੇ ਬੱਚਿਆਂ ਨੂੰ ਸ਼ੁਰੂ ਤੋਂ ਇਸਦੀ ਆਦਤ ਪਾਈ ਜਾਵੇ।

ਭਾਰਤ ਵਿਚ ਹਰ ਸਾਲ ਕਰੀਬ 74 ਲੱਖ ਬੱਚੇ ਘੱਟ ਵਜ਼ਨ ਵਾਲੇ ਪੈਦਾ ਹੁੰਦੇ ਹਨ ਜੋ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਪੈਦਾ ਹੋਣ ਵਾਲੇ ਘੱਟ ਵਜਨ ਵਾਲੇ ਬੱਚਿਆਂ



ਦਾ 40 ਫ਼ੀਸਦੀ ਹਨ। 5 ਸਾਲ ਤੱਕ ਦੀ ਉਮਰ ਦੇ ਕਰੀਬ 20 ਫ਼ੀਸਦੀ ਬੱਚੇ ਕੁਪੋਸ਼ਿਤ ਹਨ। ਇਸ ਲਈ ਇੰਨੇ ਘਾਤਕ ਅੰਕੜਿਆਂ ਦੇ ਸਾਹਮਣੇ ਆਉਣ ਵਿਚ ਵੱਡਾ ਕਾਰਨ ਸੰਤੁਲਿਤ ਭੋਜਨ ਦੀ ਘਾਟ ਹੈ। ਇਹ ਘਾਟ ਸਾਧਨਾਂ ਦੀ ਕਮੀ ਕਾਰਨ ਵੀ ਹੋ ਸਕਦੀ ਹੈ ਅਤੇ ਅਗਿਆਨਤਾ ਵੱਸ ਵੀ ਹੋ ਸਕਦੀ ਹੈ। ਗਰਭਵਤੀ ਔਰਤ, ਦੁੱਧ ਪਿਲਾਉਣ ਵਾਲੀ ਮਾਂ ਅਤੇ ਵਾਧਾ ਵਿਕਾਸ ਕਰ ਰਹੇ ਬੱਚੇ ਲਈ ਸਿਹਤਮੰਦ ਭੋਜਨ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ।

ਮਾਂ ਦੀ ਖੁਰਾਕ:
ਭਾਰਤ ਵਿਚ ਦੁੱਧ ਪਿਲਾਉਣ ਵਾਲੀ ਮਾਂ ਨੂੰ 75 ਗ੍ਰਾਮ ਤੱਕ ਪ੍ਰੋਟੀਨ ਦੀ ਲੋੜ ਹੁੰਦੀ ਹੈ, ਜਿਸਨੂੰ ਦਿਨ ਵਿਚ ਤਿੰਨ ਵਾਰ ਖਾਣੇ ਨਾਲ ਲੈਣਾ ਚਾਹੀਂਦਾ ਹੈ। ਇਸ ਲਈ ਮੱਛੀ, ਅੰਡਾ, ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ, ਮੇਵਾ, ਦਾਲ ਅਤੇ ਮੀਟ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਸ਼ਾਕਾਹਾਰੀ ਮਾਂ ਦਾਲ, ਸੋਇਆਬੀਨ, ਪਨੀਰ, ਬਦਾਮ ਆਦਿ ਲੈ ਸਕਦੀ ਹੈ।

ਉਸਨੂੰ ਪੂਰੇ ਦਿਨ ਵਿਚ ਇੰਨੀ ਊਰਜਾ ਲੈਣੀ ਜ਼ਰੂਰੀ ਹੈ, ਜਿਸ ਨਾਲ ਉਸਦੀ ਸਰੀਰਕ ਊਰਜਾ ਦੇ ਨਾਲ ਨਾਲ ਬੱਚੇ ਦੀ ਸਰੀਰਕ ਅਤੇ ਮਾਨਸਿਕ ਜ਼ਰੂਰਤ ਪੂਰੀ ਹੋ ਸਕੇ। ਸੰਪੂਰਨ ਅਨਾਜ ਵਿਚ ਉਸਨੂੰ ਚਾਵਲ, ਮੱਕੀ, ਮੱਠਾ, ਦਲੀਆ ਆਦਿ ਲੈਂਦੇ ਰਹਿਣਾ ਚਾਹੀਂਦਾ ਹੈ। ਫ਼ਲ ਅਤੇ ਸਬਜ਼ੀਆਂ ਸਰੀਰ ਨੂੰ ਤੰਦਰੁਸਤੀ ਦੇਣ ਵਾਲੇ ਕਾਰਬੋਹਾਈਡ੍ਰੇਟਸ ਪ੍ਰਦਾਨ ਕਰਦੇ ਹਨ ਅਤੇ ਊਰਜਾ ਦਿੰਦੇ ਹਨ। ਸਬਜੀਆਂ ਵਿਚ ਸਿਰਫ਼ ਕਾਰਬੋਹਾਈਡ੍ਰੇਟਸ ਹੀ ਨਹੀਂ ਸਗੋਂ ਕਈ ਤਰ੍ਹਾਂ ਦੇ ਵਿਟਾਮਿਨ ਅਤੇ ਮਿਨਰਲ ਵੀ ਪਾਏ ਜਾਂਦੇ ਹਨ। ਬੱਚੇ ਦੇ ਜਨਮ ਤੋਂ ਬਾਅਦ ਮਾਂ ਨੂੰ ਮੌਸਮੀ ਅਤੇ ਸਥਾਨਕ ਫ਼ਲ ਅਤੇ ਸਬਜੀਆਂ ਖਾਣ ਨੂੰ ਵਧੇਰੇ ਤਰਜੀਹ ਦੇਣੀ ਚਾਹੀਂਦੀ ਹੈ ਕਿਉਂਕਿ ਇਹ ਫ਼ਲ ਅਤੇ ਸਬਜੀਆਂ ਜਿੱਥੇ ਸਸਤੀਆਂ ਉਪਲਬਧ ਹੋਣਗੀਆਂ ਓੱਥੇ ਹੀ ਤਾਜ਼ੇ ਹੋਣ ਕਰ ਕੇ ਇਨ੍ਹਾਂ ਦੀ ਪੌਸ਼ਟਿਕਤਾ ਵਧੇਰੇ ਹੋਵੇਗੀ।

ਆਇਰਨ: ਦੁੱਧ ਪਿਲਾਉਣ ਵਾਲੀ ਮਾਂ ਨੂੰ ਵੀ ਆਇਰਨ ਦੀ ਲੋੜ ਉਨੀ ਹੀ ਹੁੰਦੀ ਹੈ ਜਿੰਨੀ ਕਿ ਗਰਭ ਅਵਸਥਾ ਦੌਰਾਨ ਹੁੰਦੀ ਹੈ। ਇਸ ਲਈ ਹਰੀਆਂ ਸਬਜੀਆਂ, ਪਾਲਕ, ਅਮਰੂਦ ਆਦਿ ਖਾ ਸਕਦੀ ਹੈ। ਕੈਲਸ਼ੀਅਮ ਦੀ ਪ੍ਰਾਪਤੀ ਲਈ ਦੁੱਧ, ਦਹੀਂ, ਮੱਛੀ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਦੁੱਧ ਪਿਲਾਉਣ ਵਾਲੀ ਮਾਂ ਲਈ ਓਮੇਗਾ 3 ਫ਼ੈਟੀ ਐਸਿਡ ਵੀ ਜ਼ਰੂਰੀ ਹੁੰਦਾ ਹੈ ਜੋ ਕਿ ਮੱਛੀ ਵਿਚ ਵਧੇਰੇ ਪਾਇਆ ਜਾਂਦਾ ਹੈ। ਸ਼ਾਕਾਹਾਰੀ ਲਈ ਇਹ ਅਲਸੀ ਦੇ ਬੀਜ਼ ਅਤੇ ਨਾਰੀਅਲ ਤੇਲ ਦੀ ਵਰਤੋਂ ਕਰ ਕੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਵਿਟਾਮਿਨ ਡੀ ਹੱਡੀਆਂ ਦੇ ਵਿਕਾਸ ਅਤੇ ਸਰੀਰ ਦੇ ਹੋਰ ਵਾਧੇ ਵਿਕਾਸ ਲਈ ਜ਼ਰੂਰੀ ਹੈ। ਇਹ ਸਰੀਰ ਵਿਚ ਕੈਲਸ਼ੀਅਮ ਨੂੰ ਜਜ਼ਬ ਕਰਨ ਵਿਚ ਵੀ ਮਦਦ ਕਰਦਾ ਹੈ।

ਬੱਚੇ ਦੀ ਖੁਰਾਕ :
ਸ਼ੁਰੂਆਤੀ 6 ਮਹੀਨੇ ਨਵ ਜਨਮੇ ਬੱਚੇ ਦੀ ਸਿਹਤ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ। ਇਸ ਦੌਰਾਨ ਬੱਚੇ ਨੂੰ ਮਾਂ ਦੇ ਦੁੱਧ ਤੋਂ ਬਿਨਾਂ ਹੋਰ ਕੋਈ ਖੁਰਾਕ ਨਹੀਂ ਦੇਣੀ ਚਾਹੀਦੀ। ਮਾਂ ਦਾ ਦੁੱਧ ਬੱਚੇ ਲਈ ਵਰਦਾਨ ਹੈ ਜੋ ਕਿ ਵੈਕਸੀਨ ਦੀ ਤਰ੍ਹਾਂ ਕੰਮ ਕਰ ਕੇ ਬੱਚੇ ਨੂੰ ਬਿਮਾਰੀਆਂ ਤੋਂ ਬਚਾਉਂਦਾ ਹੈ। 6 ਮਹੀਨੇ ਦੀ ਉਮਰ ਤੱਕ ਬੱਚੇ ਨੂੰ ਸਿਰਫ਼ ਮਾਂ ਦਾ ਦੁੱਧ ਹੀ ਦੇਣਾ ਚਾਹੀਂਦਾ ਹੈ।

7 ਤੋਂ 9 ਮਹੀਨਿਆਂ ਦੇ ਬੱਚੇ ਦੀ ਖੁਰਾਕ: ਇਸ ਪੜਾਅ ਵਿਚ ਬੱਚੇ ਦੀਆਂ ਪੋਸ਼ਣ ਸਬੰਧੀ ਜ਼ਰੂਰਤਾਂ ਪੂਰੀਆਂ ਕਰਨ ਲਈ ਉਸ ਨੂੰ ਮਾਂ ਦੇ ਦੁੱਧ ਦੇ ਨਾਲ ਨਾਲ ਹੋਰ ਵਧੇਰੇ ਖੁਰਾਕ ਦੀ ਲੋੜ ਹੁੰਦੀ ਹੈ। ਉਸਨੂੰ ਵੱਖਰੇ ਵੱਖਰੇ ਸਵਾਦ ਵਾਲੇ ਤਰਲ ਅਤੇ ਅਰਧ ਤਰਲ ਪਦਾਰਥ ਦੇਣੇ ਸ਼ੁਰੂ ਕਰਨੇ ਚਾਹੀਂਦੇ ਹਨ। ਭੋਜਨ ਜਿਵੇਂ ਸਟਾਰਚ ਵਾਲੇ ਭੋਜਨ ਜਿਵੇਂ ਮਸਲਿਆ ਹੋਇਆ ਕੇਲਾ, ਖਿਚੜੀ, ਸੂਜੀ ਦਾ ਹਲਵਾ, ਸਾਬੂਦਾਨਾ ਖੀਰ, ਦਲੀਆ, ਬਰੈਡ, ਜਵਾਰ ਆਦਿ ਦਿੱਤੇ ਜਾ ਸਕਦੇ ਹਨ। ਘਰ ਵਿਚ ਤਿਆਰ ਦਾਲਾਂ ਦਾ ਪਾਣੀ ਆਦਿ ਬੱਚੇ ਦੇ ਵਾਧੇ ਵਿਕਾਸ ਵਿਚ ਭਰਪੂਰ ਯੋਗਦਾਨ ਪਾਉਂਦਾ ਹੈ।

10 ਮਹੀਨਿਆਂ ਤੋਂ 2 ਸਾਲ ਤੱਕ ਦੇ ਬੱਚਿਆਂ ਦੀ ਖੁਰਾਕ: ਇਸ ਉਮਰ ਦੇ ਬੱਚਿਆਂ ਨੂੰ ਨਰਮ ਫ਼ਲਾਂ ਦੇ ਛੋਟੇ ਛੋਟੇ ਟੁਕੜੇ ਦਿੱਤੇ ਜਾ ਸਕਦੇ ਹਨ। ਦਿਨ ਵਿਚ ਖਿਚੜੀ, ਦਾਲ, ਚੌਲ, ਦਲੀਆ ਜਾਂ ਆਲੂ ਆਦਿ ਸਟਾਰਚ ਵਾਲੇ ਭੋਜਨ ਦਿੱਤੇ ਜਾ ਸਕਦੇ ਹਨ। ਚੰਗੀ ਤਰ੍ਹਾਂ ਪੱਕਿਆ ਹੋਇਆ ਅੰਡਾ, ਦਾਲਾਂ, ਸੁੱਕੇ ਮੇਵੇ, ਮੂੰਗਫ਼ਲੀ ਆਦਿ ਦਿੱਤੀ ਜਾ ਸਕਦੀ ਹੈ।

2 ਤੋਂ 3 ਸਾਲ ਦੇ ਬੱਚੇ ਦੀ ਖੁਰਾਕ: ਇਸ ਉਮਰ ਦੇ ਬੱਚੇ ਨੂੰ ਦਿਨ ਵਿਚ ਕਰੀਬ 5 ਵਾਰ ਖਾਣਾ ਦਿੱਤਾ ਜਾਵੇ। ਬਾਜ਼ਾਰ ਦੀਆਂ ਚੀਜਾਂ, ਚਾਕਲੇਟ ਆਦਿ ਖਾਣ ਤੋਂ ਪ੍ਰਹੇਜ਼ ਕੀਤਾ ਜਾਵੇ। ਇੱਕ ਹੀ ਸਬਜੀ ਜਾਂ ਫ਼ਲ ਵਾਰ ਵਾਰ ਖੁਆਉਣ ਦੀ ਬਜਾਏ ਵੱਖਰੇ ਵੱਖਰੇ ਫ਼ਲ ਅਤੇ ਸਬਜ਼ੀਆਂ ਖਾਣ ਲਈ ਦਿੱਤੀਆਂ ਜਾਣ, ਜਿਸ ਨਾਲ ਉਸਦੀ ਜਾਣਕਾਰੀ ਵਿਚ ਵੀ ਵਾਧਾ ਹੋਵੇਗਾ ਅਤੇ ਉਸਦੀ ਰੁਚੀ ਵੀ ਵਧੇਗੀ। ਸਬਜ਼ੀਆਂ ਅਤੇ ਫ਼ਲਾਂ ਨੂੰ ਚੰਗੀ ਤਰ੍ਹਾਂ ਸਜਾਵਟ ਕਰ ਕੇ ਉਸਨੂੰ ਖਾਣ ਲਈ ਉਤਸ਼ਾਹਿਤ ਕਰੋ। ਦੁੱਧ ਅਤੇ ਦੁੱਧ ਤੋਂ ਬਣੀਆਂ ਵਸਤੂਆਂ ਨੂੰ ਵੀ ਉਸਦੀ ਰੋਜ਼ਾਨਾ ਖੁਰਾਕ ਵਿੱਚ ਸ਼ਾਮਿਲ ਕੀਤਾ ਜਾਵੇ।




# ਫ੍ਰਾਈ ਆਲੂ

**ਸਮੱਗਰੀ**

6-7 ਮੀਡੀਅਮ ਆਕਾਰ ਦੇ ਆਲੂ, ਆਲੂ ਫ੍ਰਾਈ ਕਰਨ ਲਈ ਤੇਲ, ਇਕ ਛੋਟਾ ਚੱਮਚ ਜੀਰਾ, ਅੱਧਾ ਛੋਟਾ ਚੱਮਚ ਕਾਲੀ ਮਿਰਚ, ਨਮਕ ਸਵਾਦ ਅਨੁਸਾਰ, ਇਕ ਨਿੰਬੂ, ਹਰਾ ਧਨੀਆ ਥੋੜ੍ਹਾ ਜਿਹਾ ਕੱਟਿਆ ਹੋਇਆ।



**ਵਿਧੀ**

ਆਲੂਆਂ ਨੂੰ ਚੰਗੀ ਤਰ੍ਹਾਂ ਧੋ ਕੇ ਉਬਾਲ ਲਓ ਅਤੇ ਠੰਡੇ ਹੋਣ 'ਤੇ ਉਨ੍ਹਾਂ ਨੂੰ ਛਿੱਲ ਲਓ। ਹੁਣ ਕੜਾਹੀ ਵਿਚ ਤੇਲ ਪਾ ਕੇ ਗਰਮ ਕਰੋ ਅਤੇ ਉਸ ਵਿਚ ਆਲੂ ਪਾ ਕੇ ਹਲਕੇ ਬ੍ਰਾਊਨ ਹੋਣ ਤੱਕ ਤਲ ਕੇ ਪਲੇਟ ਵਿਚ ਕੱਢ ਲਓ। ਹੁਣ ਇਕ ਛੋਟਾ ਚੱਮਚ ਤੇਲ ਬਚਾ ਕੇ ਬਾਕੀ ਤੇਲ ਕੱਢ ਦਿਓ। ਗਰਮ ਤੇਲ ਵਿਚ ਜੀਰਾ ਪਾਓ। ਜੀਰਾ ਤੜਕਣ ਪਿੱਛੋਂ ਆਲੂ, ਨਮਕ ਅਤੇ ਕਾਲੀ ਮਿਰਚ ਪਾ ਕੇ ਆਲੂ 2-3 ਮਿੰਟਾਂ ਤੱਕ ਭੁੰਨੋ ਅਤੇ ਗੈਸ ਬੰਦ ਕਰ ਦਿਓ। ਹੁਣ ਇਸ ਵਿਚ ਹਰਾ ਧਨੀਆ ਅਤੇ ਇਕ ਨਿੰਬੂ ਦਾ ਰਸ ਪਾ ਕੇ ਮਿਲਾਓ। ਵਰਤ ਲਈ ਸਵਾਦੀ ਆਲੂ ਤਿਆਰ ਹਨ।

ਜੇਕਰ ਤੁਸੀਂ ਤੇਲ ਬਹੁਤ ਪਸੰਦ ਨਹੀਂ ਕਰਦੇ ਤਾਂ ਆਲੂ ਨੂੰ ਬਿਨਾਂ ਤਲਿਆਂ ਹੀ ਬਣਾਓ। ਕੜਾਹੀ ਵਿਚ ਇਕ ਛੋਟਾ ਚੱਮਚ ਤੇਲ ਪਾ ਕੇ ਗਰਮ ਕਰੋ ਅਤੇ ਉਸ 'ਚ ਜੀਰਾ ਪਾ ਕੇ ਤੜਕਾਓ। ਉਸ ਵਿਚ ਆਲੂ, ਨਮਕ ਅਤੇ ਕਾਲੀ ਮਿਰਚ ਪਾ ਕੇ ਆਲੂ 2-3 ਮਿੰਟਾਂ ਤੱਕ ਭੁੰਨ ਕੇ ਗੈਸ ਬੰਦ ਕਰ ਦਿਓ। ਇਸ ਵਿਚ ਹਰਾ ਧਨੀਆ ਅਤੇ ਨਿੰਬੂ ਦਾ ਰਸ ਪਾ ਕੇ ਮਿਲਾਓ ਅਤੇ ਪਰੋਸੋ।

# ...ਤਾਂ ਕਿ ਘਰ ਦਿਖਾਈ ਦੇਵੇ ਸੁੰਦਰ ਅਤੇ ਵਿਵਸਥਿਤ

ਹੈਂਗਿੰਗ ਬੈਂਗਜ਼ -ਹੈਂਗਿੰਗ ਬੈਗ ਵਿਚ ਕਿਤਾਬਾਂ, ਡੀ. ਵੀ. ਡੀ. ਅਤੇ ਹੋਰ ਦੂਜੀਆਂ ਚੀਜ਼ਾਂ ਨੂੰ ਇਕ ਜਗ੍ਹਾ 'ਤੇ ਰੱਖਿਆ ਜਾ ਸਕਦਾ ਹੈ। ਇਨ੍ਹਾਂ ਵਿਚ ਇਕੋ ਵੇਲੇ ਕਈ ਜੇਬਾਂ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਇਸ ਤਰ੍ਹਾਂ ਨਾਲ ਡਿਜ਼ਾਈਨ ਕੀਤਾ ਜਾਂਦਾ ਹੈ ਕਿ ਇਨ੍ਹਾਂ ਨੂੰ ਅਸੀਂ ਅਸਾਨੀ ਨਾਲ ਆਪਣੇ ਬੈੱਡ ਰੂਮ ਜਾਂ ਅਲਮਾਰੀ ਦੇ ਸਲਾਈਡਸ ਵਿਚ ਅਸਾਨੀ ਨਾਲ ਲਗਾ ਸਕਦੇ ਹਾਂ।

ਡੋਰ ਆਰਗੇਨਾਈਜ਼ਰਜ਼ -ਇਨ੍ਹਾਂ ਦਾ ਇਸਤੇਮਾਲ ਬੈੱਡ ਰੂਮ ਦੇ ਦਰਵਾਜ਼ੇ ਦੇ ਪਿੱਛੇ ਆਪਣੇ ਨਾਈਟ ਵਿਅਰ ਜਾਂ ਸੂਟਾਂ ਨੂੰ ਲਟਕਾਉਣ ਲਈ ਕੀਤਾ ਜਾਂਦਾ ਹੈ। ਇਹ ਕਈ ਹੁੱਕ ਅਤੇ ਸਲਾਟ ਵਿਚ ਮਿਲਦੇ ਹਨ। ਇਸ ਦੇ ਇਲਾਵਾ ਦਰਵਾਜ਼ੇ ਦੇ ਪਿੱਛੇ ਅਸੀਂ ਅਜਿਹੇ ਟਾਵਲ-ਰੈਕ ਵੀ ਲਗਾ ਸਕਦੇ ਹਾਂ, ਜਿਨ੍ਹਾਂ ਵਿਚ ਜ਼ਿਆਦਾ ਚੀਜ਼ਾਂ ਨੂੰ ਰੱਖਿਆ ਜਾ ਸਕੇ।

ਸੈਲਫ ਯੂਨਿਟਸ - ਚੰਗੇ ਸੈਲਫ ਯੂਨਿਟਸ ਦੇ ਨਾਲ ਅਸੀਂ ਆਪਣੀਆਂ ਸਾਰੀਆਂ ਚੀਜ਼ਾਂ ਨੂੰ ਸਟੋਰ ਕਰ ਸਕਦੇ ਹਾਂ। ਇਨ੍ਹਾਂ ਯੂਨਿਟਾਂ ਨੂੰ ਆਪਣੀ ਅਲਮਾਰੀ ਜਾਂ ਬੈੱਡ ਦੇ ਕੋਲ ਰੱਖ ਸਕਦੇ ਹਾਂ। ਇਨ੍ਹਾਂ ਸੈਲਫਾਂ ਵਿਚ ਰੋਜ਼ ਇਸਤੇਮਾਲ 'ਚ ਆਉਣ ਵਾਲੇ ਕੱਪੜੇ, ਟੀ-ਸ਼ਰਟ ਅਤੇ ਕੈਜ਼ੂਅਲ ਪੈਂਟ ਨੂੰ ਟੰਗ ਸਕਦੇ ਹਾਂ।

ਇਸ ਤੋਂ ਇਲਾਵਾ ਇਨ੍ਹਾਂ ਦਾ ਇਸਤੇਮਾਲ ਲਿਵਿੰਗ ਏਰੀਆ ਵਿਚ ਮੈਗਜ਼ੀਨ ਅਤੇ ਨਿਊਜ਼ ਪੇਪਰ ਨੂੰ ਸਟੋਰ ਕਰਨ ਵਿਚ ਕੀਤਾ ਜਾ ਸਕਦਾ ਹੈ।

ਵੈਲੇਟ ਰਾਡਸ - ਇਸ ਤਰ੍ਹਾਂ ਦੀ ਰਾਡਸ ਦਾ ਇਸਤੇਮਾਲ ਕੱਪਬੋਰਡ ਵਿਚ ਕਰੋ। ਇਸ ਦੇ ਇਲਾਵਾ ਵਾਧੂ ਹੈਂਗਿੰਗ ਸਪੇਸ ਦੇ ਲਈ ਵੀ ਇਸ ਦੀ ਵਰਤੋਂ ਕਰ ਸਕਦੇ ਹਾਂ। ਇਹ ਵੱਡੇ ਡਿਪਾਰਟਮੈਂਟਲ ਸਟੋਰ ਅਤੇ ਹੋਮ ਸਟੋਰ ਵਿਚ ਮਿਲਦੇ ਹਨ। ਇਨ੍ਹਾਂ ਵਿਚ ਕਾਫੀ ਜਗ੍ਹਾ ਹੁੰਦੀ ਹੈ।



ਘਰ ਵਿਚ ਪਲੇਨ ਹੈਂਗਰ ਦੀ ਬਜਾਏ ਅਸੀਂ ਆਪਣੇ ਕੱਪੜੇ ਇਸ ਰਾਡ 'ਤੇ ਲਟਕਾ ਸਕਦੇ ਹਾਂ, ਤਾਂ ਕਿ ਕੱਪੜੇ ਵਾਰ-ਵਾਰ ਨਾ ਡਿਗਣ ਅਤੇ ਅਲਮਾਰੀ ਵੀ ਵਿਵਸਥਿਤ ਰਹੇ। ਇਸ ਲਈ ਲੱਕੜੀ ਦੀ ਵੈਲੇਟ ਰਾਡ ਸਹੀ ਹੁੰਦੀ ਹੈ।

ਸ਼ੂ ਬਾਕਸ - ਆਪਣੇ ਪੁਰਾਣੇ ਸ਼ੂ ਬਾਕਸ ਨੂੰ ਸੁੱਟਣ ਦੀ ਬਜਾਏ ਇਨ੍ਹਾਂ ਨੂੰ ਵੱਖ-ਵੱਖ ਰੰਗਾਂ ਵਿਚ ਪੇਂਟ ਕਰਕੇ ਉੱਪਰ ਗਿਫਟ ਰੈਪਰ ਲਗਾ ਕੇ ਲਿਵਿੰਗ ਸਪੇਸ ਵਿਚ ਇਨ੍ਹਾਂ ਵਿਚ ਅਖ਼ਬਾਰ ਜਾਂ ਮੈਗਜ਼ੀਨ ਟੰਗ ਕੇ ਫਿਰ ਆਪਣੀ ਕਾਸਮੈਟਿਕਸ ਨੂੰ ਇਕੱਠਾ ਕਰਨ ਲਈ ਇਨ੍ਹਾਂ ਦਾ ਇਸਤੇਮਾਲ ਕਰ ਸਕਦੇ ਹੋ।

ਚੀਜ਼ਾਂ ਨੂੰ ਇਸ ਤਰ੍ਹਾਂ ਕਰੋ ਸਟੋਰ -ਘਰ ਵਿਚ ਚੀਜ਼ਾਂ ਨੂੰ ਸਟੋਰ ਕਰਨ ਦੇ ਦੌਰਾਨ ਹਮੇਸ਼ਾ ਇਸ ਗੱਲ ਦਾ ਧਿਆਨ ਰੱਖੋ ਕਿ ਚੀਜ਼ਾਂ ਘੱਟ ਤੋਂ ਘੱਟ ਜਗ੍ਹਾ ਘੇਰਨ, ਕਿਉਂਕਿ ਇਸ ਨਾਲ ਸਟੋਰਜ਼ ਯੂਨਿਟ ਲਈ ਜ਼ਿਆਦਾ ਸਥਾਨ ਕੱਢਣ ਦੀ ਗੁੰਜਾਇਸ਼ ਰਹਿੰਦੀ ਹੈ।

ਘਰ ਵਿਚ ਇਸਤੇਮਾਲ ਹੋਣ ਵਾਲੀਆਂ ਛੋਟੀਆਂ ਚੀਜ਼ਾਂ ਨੂੰ ਡਰਾਅਰ ਵਿਚ ਰੱਖੋ। ਜੇਕਰ ਅਲਮਾਰੀ ਵਿਚ ਵੀ ਰੱਖਦੇ ਹੋ ਤਾਂ ਉਸ 'ਤੇ ਮਾਰਕ ਕਰੋ ਕਿ ਕਿਸ ਵਿਚ ਕੀ ਰੱਖਿਆ ਹੈ, ਤਾਂ ਕਿ ਉਸ ਦੀ ਜ਼ਰੂਰਤ ਹੋਵੇ ਤਾਂ ਅਸਾਨੀ ਨਾਲ ਲੱਭਿਆ ਜਾ ਸਕੇ।

ਜੰਕ ਜਿਊਲਰੀ ਜਿਵੇਂ ਨੈਕਲਿਸ ਅਤੇ ਈਅਰ ਰਿੰਗ ਨੂੰ ਰੱਖਣ ਲਈ ਹੈਂਗਰਜ਼ ਦੀ ਵਰਤੋਂ ਕਰੋ। ਮਹਿੰਗੀ ਜਿਊਲਰੀ ਨੂੰ ਮਸਲੀਨ ਦੇ ਕੱਪੜੇ ਵਿਚ ਲਪੇਟ ਕੇ ਰੱਖੋ ਅਤੇ ਉਨ੍ਹਾਂ ਨੂੰ ਕਿਸੇ ਸ਼ੂ ਬਾਕਸ ਵਿਚ ਰੱਖ ਕੇ ਅਲਮਾਰੀ ਵਿਚ ਰੱਖੋ।

ਸਟੋਰ ਰੂਮ ਜਾਂ ਕਿਚਨ ਏਰੀਏ ਵਿਚ ਕੱਪੜੇ ਧੋਣ ਵਿਚ ਇਸਤੇਮਾਲ ਹੋਣ ਵਾਲੀਆਂ ਚੀਜ਼ਾਂ ਅਤੇ ਘਰ ਦੀ ਸਾਫ-ਸਫਾਈ ਨਾਲ ਸਬੰਧਤ ਕਲੀਨਰਜ਼ ਨੂੰ ਕੈਬਨਿਟ ਵਿਚ ਰੱਖੋ।

# ਪਨੀਰ ਕਰੀ

ਸਮੱਗਰੀ :

ਦੁੱਧ : 1 ਗਲਾਸ
ਮਲਾਈ : 1 ਕਟੋਰੀ
ਕਾਜੂ : 7
ਟਮਾਟਰ : 2
ਪਿਆਜ਼ ਕੱਟੇ ਹੋਏ : 2
ਪਨੀਰ: ਅੱਧਾ ਕਿਲੋ
ਕਿਸ਼ਮਿਸ਼ : 10-15 ਦਾਣੇ
ਹਰੀਆਂ ਮਿਰਚਾਂ : 2
ਨਮਕ ਸੁਆਦ ਅਨੁਸਾਰ
ਲਾਲ ਮਿਰਚ ਪੀਸੀ ਹੋਈ
ਜੀਰਾ, ਹਰਾ ਧਨੀਆ ਪਿਸਿਆ ਹੋਇਆ
ਤੜਕਾ ਲਗਾਉਣ ਲਈ ਜ਼ਰੂਰਤ ਅਨੁਸਾਰ ਘਿਓ।



ਵਿਧੀ : ਸਭ ਤੋਂ ਪਹਿਲਾਂ ਕੜਾਹੀ ਵਿਚ ਘਿਓ ਗਰਮ ਕਰੋ ਫਿਰ ਉਸ ਵਿਚ ਕੱਟੇ ਹੋਏ ਪਿਆਜ਼ ਪਾ ਕੇ ਗੁਲਾਬੀ ਹੋਣ ਤੱਕ ਭੁੰਨੋ,

ਜਦੋਂ ਪਿਆਜ਼ ਗੁਲਾਬੀ ਹੋ ਜਾਣ ਤਾਂ ਟਮਾਟਰ ਕੱਟ ਕੇ ਉਸ ਵਿਚ ਪਾ ਲਓ ਅਤੇ ਉਨਾਂ ਨੂੰ ਭੁੰਨੋ।

ਹੁਣ ਇਸ ਵਿਚ ਕੱਟੀਆਂ ਹੋਈਆਂ ਹਰੀਆਂ ਮਿਰਚਾਂ, ਪੀਸੀ ਹੋਈ ਲਾਲ ਮਿਰਚ ਅਤੇ ਨਮਕ ਪਾ ਲਓ।

ਇਸ ਤੋਂ ਬਾਅਦ 1 ਗਲਾਸ ਦੁੱਧ ਅਤੇ 1 ਕਟੋਰੀ ਮਲਾਈ ਪਾ ਕੇ ਸਾਰੇ ਮਿਸ਼ਰਣ ਨੂੰ ਹਿਲਾਓ ਜਦੋਂ ਗ੍ਰੇਵੀ ਗਾੜੀ ਹੋ ਜਾਵੇ ਤਾਂ ਇਸ ਵਿਚ ਪਨੀਰ ਦੇ ਟੁੱਕੜੇ ਪਾ ਕੇ 10-15 ਮਿੰਟ ਤੱਕ ਹਲਕੇ ਸੇਕ 'ਤੇ ਹਿਲਾਓ।

ਤੁਹਾਡੀ ਪਨੀਰ ਕਰੀ ਤਿਆਰ ਹੋ ਜਾਵੇਗੀ।

# ਦੁਲਹਨ ਲਈ ਫਾਇਦੇਮੰਦ ਵਾਟਰਪਰੂ.ਫ ਮੇਕਅਪ

ਸ਼ਾਦੀ ਦੇ ਸਮੇਂ ਦੇ ਮੇਕਅੱਪ ਦੀ ਆਪਣੀ ਇਕ ਵੱਖਰੀ ਮਹੱਤਤਾ ਹੈ। ਇਹ ਅਜਿਹਾ ਸਮਾਂ ਹੁੰਦਾ ਹੈ, ਜਦੋਂ ਦੁਲਹਨ ਨੂੰ ਘੰਟਿਆਂ ਤੱਕ ਕੈਮਰੇ ਦੀ ਤੇਜ਼ ਰੌਸ਼ਨੀ ਵਿਚ ਰਹਿਣਾ ਪੈਂਦਾ ਹੈ। ਅੱਜਕਲ੍ਹ ਵਧੇਰੇ ਸ਼ਾਦੀਆਂ ਵਿਚ ਵੀਡੀਓਗ੍ਰਾਫੀ ਕੀਤੀ ਜਾਂਦੀ ਹੈ। ਇਸ ਮੌਕੇ ਦੇ ਅਨੁਸਾਰ ਮੇਕਅੱਪ ਵੀ ਹੋਣਾ ਚਾਹੀਦਾ ਹੈ।



ਇਸ ਖਾਸ ਦਿਨ ਦੇ ਲਈ ਉਨ੍ਹਾਂ ਸੁੰਦਰਤਾ ਪ੍ਰਸਾਧਨਾਂ ਨੂੰ ਹੀ ਚੁਣਨਾ ਚਾਹੀਦਾ ਹੈ, ਜੋ ਬਾਕੀ ਦਿਨਾਂ ਵਿਚ ਵੀ ਤੁਹਾਨੂੰ ਸਹੀ ਬੈਠਦੇ ਹਨ।

ਮੇਕਅੱਪ ਹਮੇਸ਼ਾ ਆਪਣੇ ਕੱਪੜਿਆਂ ਅਤੇ ਸ਼ਾਦੀ ਵਿਚ ਪਹਿਨੇ ਜਾਣ ਵਾਲੇ ਗਹਿਣਿਆਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਣਾ ਚਾਹੀਦਾ ਹੈ।

ਮੇਕਅੱਪ ਬਹੁਤਾ ਭੜਕੀਲਾ ਨਹੀਂ ਹੋਣਾ ਚਾਹੀਦਾ। ਇਸ ਨਾਲ ਸਜਾਵਟ ਖ਼ਤਮ ਹੋ ਜਾਂਦੀ ਹੈ ਅਤੇ ਆਕ੍ਰਮਕਤਾ ਹਾਵੀ ਹੋ ਜਾਂਦੀ ਹੈ, ਜਿਸ ਨਾਲ ਫੋਟੋਗ੍ਰਾਫੀ ਪ੍ਰਭਾਵਿਤ ਹੋ ਸਕਦੀ ਹੈ।

ਮੇਕਅੱਪ ਨੂੰ ਹਮੇਸ਼ਾ ਆਪਣੀ ਸ਼ਖ਼ਸੀਅਤ ਅਤੇ ਖੇਤਰ ਵਿਸ਼ੇਸ਼ ਦੇ ਅਨੁਕੂਲ ਹੀ ਰੱਖਣਾ ਚਾਹੀਦਾ ਹੈ।

ਫ਼ਿਲਮਾਂ ਨੂੰ ਦੇਖ ਕੇ ਉਸ ਤਰ੍ਹਾਂ ਸਜਣ-ਸੰਵਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਕਿਉਂਕਿ ਅਜਿਹੀਆਂ ਕੋਸ਼ਿਸ਼ਾਂ ਕਈ ਵਾਰ ਤੁਹਾਨੂੰ ਮਜ਼ਾਕ ਦਾ ਪਾਤਰ ਬਣਾ ਸਕਦੀਆਂ ਹਨ।

ਸੁੰਦਰਤਾ ਮਾਹਿਰਾਂ ਦੇ ਮੁਤਾਬਿਕ ਕਿਉਂਕਿ ਸ਼ਾਦੀ ਸਮਾਰੋਹ ਦੇ ਬਾਅਦ ਵੀ 2-3 ਹਫਤੇ ਤੱਕ ਦੁਲਹਨ ਨੂੰ ਨਵੀਂ ਵਹੁਟੀ ਦੇ ਰੂਪ ਵਿਚ ਸਜ-ਸੰਵਰ ਕੇ ਰਹਿਣਾ ਹੁੰਦਾ ਹੈ, ਇਸ ਲਈ ਸ਼ਾਦੀ ਵਾਲੇ ਦਿਨ ਆਰਜ਼ੀ ਜਾਂ ਸਥਾਈ ਮੇਕਅੱਪ ਨੂੰ ਤਰਜੀਹ ਦੇਣੀ ਚਾਹੀਦੀ ਹੈ, ਤਾਂ ਕਿ ਦੁਲਹਨ ਸਜੀ ਰਹੇ।

ਕਿਉਂਕਿ ਸ਼ਾਦੀ ਵਾਲੇ ਦਿਨ ਮੇਕਅੱਪ ਕਿਸੇ ਮਾਹਿਰ ਦੁਆਰਾ ਕੀਤਾ ਜਾਂਦਾ ਹੈ, ਪਰ ਬਾਅਦ ਵਿਚ ਇਹ ਖੁਦ ਹੀ ਕਰਨਾ ਪੈਂਦਾ ਹੈ। ਇਸ ਲਈ ਜੇਕਰ ਸੰਭਵ ਹੋਵੇ ਤਾਂ ਸ਼ਾਦੀ ਦੇ 2-3 ਹਫਤੇ ਬਾਅਦ ਤੱਕ ਵੀ ਆਕਰਸ਼ਕ ਦਿਸਣ ਲਈ ਸੁੰਦਰਤਾ ਮਾਹਿਰ ਦੀਆਂ ਸੇਵਾਵਾਂ ਲੈ ਸਕਦੇ ਹੋ।

ਪਰ ਜੇਕਰ ਇਹ ਸੰਭਵ ਨਾ ਹੋ ਸਕੇ ਤਾਂ ਕੋਸ਼ਿਸ਼ ਕਰੋ ਕਿ ਜਿਸ ਸਮੇਂ ਤੁਹਾਡਾ ਮੇਕਅੱਪ ਹੋ ਰਿਹਾ ਹੋਵੇ, ਉਸ ਸਮੇਂ ਸੁੰਦਰਤਾ ਮਾਹਿਰ ਤੋਂ ਅਗਲੇ ਕਈ ਹਫ਼ਤਿਆਂ ਤੱਕ ਇਸੇ ਤਰ੍ਹਾਂ ਆਕਰਸ਼ਕ ਬਣਾਈ ਰੱਖਣ ਲਈ ਕੁਝ ਖਾਸ ਜ਼ਰੂਰੀ ਗੱਲਾਂ ਜਾਣ ਲੈਣੀਆਂ ਚਾਹੀਦੀਆਂ ਹਨ।

# ਕਰੀ ਪੇਸਟ ਚਿਕਨ

**ਸਮੱਗਰੀ :**

4 ਸੁਕੀਆਂ ਕਸ਼ਮੀਰੀ ਮਿਰਚਾਂ
ਅੱਧਾ ਕੱਪ ਕੱਟੇ ਹੋਏ ਪਿਆਜ
3 ਲੌਂਗ,
2 ਚਮਚ ਕਟੇ ਹੋਏ ਲਸਣ
1 ਚਮਚ ਕਟੀ ਹੋਈ ਲੇਮਨ ਗ੍ਰਾਸ
45 ਗ੍ਰਾਮ ਥਾਈ ਮਸਾਲਾ
ਅੱਧਾ ਚਮਚ ਜ਼ੀਰਾ
2 ਚਮਚ ਸੁਕਿਆ ਹੋਇਆ ਧਨੀਆ
ਦਾਲਚੀਨੀ 1 ਚਮਚ
ਚਿਕਨ ਕਿਊਬ 750 ਗ੍ਰਾਮ
ਤੇਲ ਤੇ ਨਮਕ ਸਵਾਦ ਅਨੁਸਾਰ।



**ਵਿਧੀ :**

ਇਕ ਕੜਾਹੀ ਵਿਚ ਤੇਲ ਗਰਮ ਕਰੋ ਅਤੇ ਇਸ ਵਿਚ ਕਸ਼ਮੀਰੀ ਮਿਰਚ, ਪਿਆਜ ਅਤੇ ਲਸਣ ਮਿਲਾਕੇ ਤਲ ਕੇ ਭੁੰਨੋ,

ਜਦ ਤਕ ਪਿਆਜ਼ ਦਾ ਰੰਗ ਹਲਕਾ ਭੂਰਾ ਨਾ ਹੋ ਜਾਵੇ। ਹੁਣ ਇਸ ਪੇਸਟ ਵਿਚ ਤੇਲ ਅਤੇ ਚਿਕਨ ਦੇ ਇਲਾਵਾ ਦੂਸਰੇ ਮਸਾਲੇ ਮਿਲਾਦਿਓ।

ਇਕ ਦੂਸਰੀ ਕੜਾਹੀ ਵਿਚ ਤੇਲ ਗਰਮ ਕਰਕੇ ਚਿਕਨ ਪੀਸ ਕੇ ਫਰਾਈ ਕਰੋ ਅਤੇ ਇਸਦੇ ਬਾਅਦ ਮਸਾਲਾ ਪੇਸਟ ਅਤੇ ਨਮਕ ਮਿਲਾ ਕੇ ਬਰਤਨ ਢਕ ਕੇ ਧੀਮੀ ਜਾਂਚ 'ਤੇ ਪਕਾਓ। ਜ਼ਰੂਰਤ ਪੈਣ 'ਤੇ ਥੋੜਾ ਪਾਣੀ ਵੀ ਮਿਲਾਓ। ਇਸ ਨੂੰ ਚਿਕਨ ਦੇ ਨਰਮ ਹੋਣ ਤਕ ਪਕਾਓ।

# ਬੜਾ ਖ਼ਤਰਨਾਕ ਹੁੰਦਾ ਹੈ ਰਿਸ਼ਤਿਆਂ ਦਾ ਮਰ ਜਾਣਾ

ਰਿਸ਼ਤਿਆਂ ਦੀ ਡੋਰ ਅਗਰ ਢਿੱਲੀ ਪੈ ਗਈ, ਫਿਰ ਕਿਹੋ ਜਿਹੇ ਸੁਪਨੇ ਤੇ ਕਿਹੋ ਜਿਹਾ ਵਜੂਦ। ਰਿਸ਼ਤੇ ਤਾਂ ਵਿਸ਼ਵਾਸ ਦੀ ਬੁਨਿਆਦ 'ਤੇ ਟਿਕੇ ਹੁੰਦੇ ਹਨ ਤੇ ਜਦੋਂ ਇਹ ਵਿਸ਼ਵਾਸ ਟੁੱਟਦਾ ਹੈ ਤਾਂ ਰਿਸ਼ਤੇ ਵੀ ਮੁੱਠੀ ਵਿਚੋਂ ਰੇਤ ਦੀ ਤਰ੍ਹਾਂ ਖਿਸਕਦੇ ਪ੍ਰਤੀਤ ਹੁੰਦੇ ਹਨ। ਅੱਜ ਅਸੀਂ ਆਪਣੇ ਆਲੇ-ਦੁਆਲੇ ਕਈ ਅਨਾਥ ਆਸ਼ਰਮ ਤੇ ਬਿਰਧ ਆਸ਼ਰਮ ਦੇਖਦੇ ਹਾਂ, ਜੋ ਇਨ੍ਹਾਂ ਮਰ ਚੁੱਕੇ ਰਿਸ਼ਤਿਆਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਹਨ। ਜਿਥੇ ਇਕ ਪਾਸੇ ਅਸੀਂ ਆਪਣੇ-ਆਪ ਨੂੰ ਸਵੈ-ਨਿਰਭਰ ਕਰਨ ਦੀ ਕੋਸ਼ਿਸ਼ ਕਰਦਿਆਂ ਹੋਇਆਂ ਘਰ ਬਣਾ ਰਹੇ ਹਾਂ, ਉਥੇ ਹੀ ਦੂਜੇ ਪਾਸੇ ਇਨ੍ਹਾਂ ਅਨਾਥ ਆਸ਼ਰਮਾਂ ਤੇ ਬਿਰਧ ਆਸ਼ਰਮਾਂ ਦੀ ਗਿਣਤੀ ਵਿਚ ਵਾਧਾ ਕਰਨ ਲਈ ਵੀ ਯੋਗਦਾਨ ਪਾ ਰਹੇ ਹਾਂ।



ਰਿਸ਼ਤਿਆਂ ਵਿਚ ਇਸ ਵਧਦੇ ਫਾਸਲੇ ਦਾ ਕਾਰਨ ਹੈ ਵੱਧ ਪੈਸੇ ਕਮਾਉਣ ਦਾ ਰੁਝਾਨ ਤੇ ਸਾਡੀ ਯੁਵਾ ਪੀੜ੍ਹੀ ਵਿਚ ਵਿਦੇਸ਼ ਜਾਣ ਦਾ ਰੁਝਾਨ, ਜੋ ਦਿਨ-ਬਦਿਨ ਵਧਦਾ ਹੀ ਜਾ ਰਿਹਾ ਹੈ। ਬੱਚੇ ਆਪਣੇ ਕੈਰੀਅਰ ਬਣਾਉਣ ਲਈ ਵਿਦੇਸ਼ ਚਲੇ ਜਾਂਦੇ ਹਨ ਪਰ ਪਿੱਛੋਂ ਉਨ੍ਹਾਂ ਦੇ ਮਾਪਿਆਂ ਦੇ ਚਾਅ, ਸੁਪਨੇ ਚਕਨਾਚੂਰ ਹੋ ਜਾਂਦੇ ਹਨ। ਜੇਕਰ ਉਹੀ ਬੱਚੇ ਮੁੜ ਉਨ੍ਹਾਂ ਵੱਲ ਮੂੰਹ ਨਾ ਕਰਨ, ਫਿਰ ਤਾਂ ਰਿਸ਼ਤਿਆਂ ਦਾ ਮਰਨ ਹੀ ਹੋਵੇਗਾ। ਪੁਰਾਣੇ ਸਮੇਂ ਵਿਚ ਸਾਂਝੇ ਪਰਿਵਾਰ ਹੁੰਦੇ ਸਨ ਤੇ ਓਨੀ ਹੀ ਸਾਂਝ ਤੇ ਅਪਣੱਤ ਹੁੰਦੀ ਸੀ ਰਿਸ਼ਤਿਆਂ ਵਿਚ। ਅੱਜ ਸਭ ਤੋਂ ਜ਼ਿਆਦਾ ਦੁੱਖ ਸਾਂਝੇ ਪਰਿਵਾਰਾਂ ਦੇ ਟੁੱਟਣ ਨਾਲ ਹੁੰਦਾ ਹੈ। ਪਹਿਲਾਂ ਬੱਚੇ ਅੱਜ ਵਾਂਗ ਸਿਰਫ ਮਾਂ-ਬਾਪ ਜਾਂ ਦਾਦਾ-ਦਾਦੀ ਦੇ ਰਿਸ਼ਤੇ ਹੀ ਨਹੀਂ ਸਨ ਮਾਣਦੇ, ਸਗੋਂ ਤਾਇਆ-ਤਾਈ, ਚਾਚਾ-ਚਾਚੀ ਅਤੇ ਹੋਰ ਵੀ ਬਹੁਤ ਸਾਰੇ ਰਿਸ਼ਤਿਆਂ ਦੇ ਪਿਆਰ ਦੀ ਗਰਮਾਹਟ ਹੁੰਦੀ ਸੀ ਪਰਿਵਾਰ ਵਿਚ। ਅੱਜ ਆਪਣੀਆਂ ਭੌਤਿਕ ਜ਼ਰੂਰਤਾਂ ਨੂੰ ਸਹੀ ਤਰੀਕੇ ਨਾਲ ਪੂਰਾ ਕਰਨ ਲਈ ਅਸੀਂ ਸਾਰੇ ਇਕਹਿਰੇ ਪਰਿਵਾਰ ਵਿਚ ਰਹਿਣਾ ਚਾਹੁੰਦੇ ਹਾਂ, ਜਿਸ ਨੂੰ ਅੰਗਰੇਜ਼ੀ ਵਿਚ 'ਨਿਊਕਲੀਅਰ ਫੈਮਿਲੀ' ਕਹਿਣ ਵਿਚ ਬਹੁਤ ਮਾਣ ਮਹਿਸੂਸ ਕਰਦੇ ਹਾਂ।

# ਕੋਵਿਡ ਵੈਕਸੀਨ ਲਈ ਲੰਮੀ ਦੌੜ

ਡਾ. ਕਰਨਜੀਤ ਸਿੰਘ

ਕੋਈ ਵੀ ਭਿਆਨਕ ਬਿਮਾਰੀ ਜਾਂ ਮਹਾਮਾਰੀ ਨੂੰ ਰੋਕਣ ਲਈ ਵੈਕਸੀਨ, ਇਕ ਸਪੈਸ਼ਲ ਕਿਸਮ ਦੀ ਦਵਾਈ ਹੈ, ਜੋ ਸਾਡੇ ਸਰੀਰ ਨੂੰ ਉਸ ਬਿਮਾਰੀ ਵਿਰੁੱਧ ਲੜਨ ਦੇ ਸਮੱਰਥ ਬਣਾਉਂਦੀ ਹੈ। ਬੀ.ਸੀ.ਜੀ. ਪਹਿਲੀ ਵਿਕਸਤ ਵੈਕਸੀਨ ਨੇ ਭਾਵੇਂ ਤਪਦਿਕ ਰੋਗ ਨੂੰ ਬਿਲਕੁਲ ਖ਼ਤਮ ਨਹੀਂ ਕੀਤਾ ਹੈ, ਪਰੰਤੂ ਇਸ ਬਿਮਾਰੀ ਦੇ ਭਿਆਨਕ ਰੂਪ ਨੂੰ ਕਾਫੀ ਹੱਦ ਤੱਕ ਠੱਲਿਆ ਹੈ। ਵੈਕਸੀਨ ਬਨਾਉਣ ਵਿਚ ਸਾਲਾਂਬੱਧੀ ਸਮਾਂ ਲੱਗ ਜਾਂਦਾ ਹੈ। ਬਹੁਤ ਵਿਧੀਆਂ ਵਿਚੋਂ ਦੀ ਗੁਜ਼ਰ ਕੇ ਆਖ਼ਿਰ ਵਿਚ ਮਨੁੱਖੀ ਟਰਾਇਲ ਕੀਤਾ ਜਾਂਦਾ ਹੈ। ਇਸ ਅਜਮਾਇਸ਼ ਵਿਚ ਇਹ ਦੇਖਿਆ ਜਾਂਦਾ ਹੈ ਕਿ ਵੈਕਸੀਨ ਦੀ ਕਿੰਨੀ ਮਾਤਰਾ ਦੇਣੀ ਹੈ, ਕਿੰਨੇ ਚਿਰ ਬਾਅਦ ਦੂਸਰੀ ਡੋਜ਼ ਲਗਾਉਣੀ ਹੈ, ਕਿਸ ਉਮਰ ਦੇ ਵਿਅਕਤੀਆਂ ਨੂੰ ਲਗਾਉਣੀ ਹੈ, ਨੁਕਸਾਨ ਕੀ ਹੋਣਗੇ, ਘੱਟ ਤੋਂ ਘੱਟ ਕਿੰਨੇ ਵਿਅਕਤੀਆਂ ਦੀ ਇਸ ਟਰਾਇਲ ਵਿਚ ਸ਼ਮੂਲੀਅਤ ਹੋਣੀ ਚਾਹੀਦੀ ਹੈ, ਵਗੈਰਾ ਵਗੈਰਾ ਇਨ੍ਹਾਂ ਸਾਰੇ ਪੜਾਵਾਂ ਵਿਚੋਂ ਦੀ ਗੁਜ਼ਰ ਕੇ ਸਾਇੰਸਦਾਨਾਂ ਨੂੰ ਜਵਾਬ ਦੇਣਾ ਹੁੰਦਾ ਹੈ। ਇਸ ਉਪਰੰਤ ਹੀ ਨਤੀਜਿਆਂ ਦੀ ਘੋਖ ਪੜਤਾਲ ਸਰਕਾਰ ਵਲੋਂ ਨਿਰਧਾਰਤ ਅਥਾਰਿਟੀ ਕੋਲ ਪੇਸ਼ ਕੀਤੀ ਜਾਂਦੀ ਹੈ। ਸਾਇੰਸਦਾਨਾਂ ਦੀਆਂ ਕਮੇਟੀਆਂ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਵੀ ਦੇਖਦੀਆਂ ਹਨ ਕਿ ਇਸ ਦਵਾਈ/ਵੈਕਸੀਨ ਦੀ ਅਜ਼ਮਾਇਸ਼ ਉਨ੍ਹਾਂ ਦੇ ਆਪਣੇ ਮੁਲਕ ਦੇ ਨਾਗਰਿਕਾਂ 'ਤੇ ਕੀਤੀ ਹੈ ਕਿ ਨਹੀਂ ? ਭਾਰਤ ਵਿਚ ਇਹ ਪੱਖ ਵਿਚਾਰਨ ਤੋਂ ਬਾਅਦ ਹੀ ਵੈਕਸੀਨ ਨੂੰ ਮਾਰਕੀਟ ਵਿਚ ਉਤਾਰਨ ਦੀ ਇਜਾਜ਼ਤ ਸਰਕਾਰ ਵਲੋਂ ਦਿੱਤੀ ਜਾਂਦੀ ਹੈ। 1918 ਦੇ ਸਪੈਨਿਸ਼ ਫਲੂ ਵੇਲੇ ਵੀ ਸਾਇੰਸਦਾਨਾਂ ਨੇ ਵੈਕਸੀਨ ਬਣਾਉਣੀ ਛੇਤੀ ਹੀ ਸ਼ੁਰੂ ਕਰ ਦਿੱਤੀ ਸੀ। ਘੱਟ ਵਿਕਸਤ ਸਾਇੰਸ ਨੇ ਇਸ ਨੂੰ ਬਣਾਉਣ ਵਾਸਤੇ ਬਹੁਤ ਲੰਮਾ ਸਮਾਂ ਲਾਇਆ। ਵੈਕਸੀਨ ਤਕਰੀਬਨ 20 ਸਾਲ ਬਾਅਦ 1940 ਵਿਚ ਮਾਰਕੀਟ ਵਿਚ ਉਪਲੱਬਧ ਹੋਈ। ਹੈਰਾਨੀ ਇਹ ਹੈ ਕਿ ਫਿਰ ਵੀ ਸਪੈਨਿਸ਼ ਫਲੂ ਕਿਵੇਂ ਖ਼ਤਮ ਹੋਇਆ ? ਲੋਕਾਂ ਨੇ ਹੀ ਇਸ ਨੂੰ ਰੋਕਿਆ। ਅਮਰੀਕਾ, ਯੂਰਪੀਅਨ ਅਤੇ ਹੋਰ ਮੁਲਕਾਂ ਨੇ ਅਨੁਸ਼ਾਸਨ ਵਿਚ ਰਹਿ ਕੇ ਫੇਸ ਮਾਸਕ ਨੂੰ ਅਪਣਾਇਆ ਅਤੇ ਮਹਾਮਾਰੀ ਨੂੰ ਪਛਾੜਿਆ। ਉਸ ਵੇਲੇ ਵੀ ਇਹ ਵੈਕਸੀਨ ਕਿਸ ਦੇ ਨਸੀਬ ਵਿਚ ਆਈ, ਅੰਦਾਜ਼ਾ ਲਗਾਉਣਾ ਮੁਸ਼ਕਲ ਹੈ। ਪਰੰਤੂ ਇਹ ਸਪਸ਼ਟ ਹੈ ਕਿ ਅਮੀਰ ਮੁਲਕਾਂ ਨੇ ਦੂਜੀ ਵਿਸ਼ਵ ਜੰਗ ਦੌਰਾਨ ਇਸ ਨੂੰ ਸਰਮਾਏ ਦੇ ਤੌਰ 'ਤੇ ਵਰਤਿਆ। ਰਾਸ਼ਟਰਵਾਦ ਦੀ ਮਿਸਾਲ ਦੇ ਕੇ ਆਪਣੀਆਂ ਫੌਜਾਂ ਨੂੰ ਸੁਰੱਖਿਅਤ ਕੀਤਾ।

ਸਾਲ 2009 ਵਿਚ ਜਦੋਂ ਸਵਾਈਨ ਫਲੂ ਵੈਕਸੀਨ ਉਪਲੱਬਧ ਹੋਈ ਤਾਂ ਵਿਕਸਤ ਅਤੇ ਅਮੀਰ ਮੁਲਕਾਂ ਨੇ ਫਿਰ ਰਾਸ਼ਟਰਵਾਦ ਦੀ ਮਿਸਾਲ ਦਿੰਦਿਆ ਜਮਾਂਖੋਰੀ ਦੇ ਰੂਪ ਵਿਚ ਇਸ ਨੂੰ ਇਕੱਠਾ ਕਰ ਲਿਆ। ਵੈਕਸੀਨ ਦੇ ਆਰਡਰ ਕੰਪਨੀਆਂ ਨੂੰ ਪਹਿਲਾਂ ਤੋਂ ਹੀ ਦੇ ਕੇ ਆਪਣਿਆ ਲਈ ਰੱਖ ਲਿਆ। ਇਸ ਦੇ ਫਲਸਰੂਪ ਬਹੁਤੇ ਵਿਕਾਸਸ਼ੀਲ ਅਤੇ ਗਰੀਬ ਮੁਲਕਾਂ ਦੇ ਹੱਥ ਕੁਝ ਵੀ ਨਾ ਆਇਆ। ਆਖ਼ਿਰ ਤਰਲੇ ਮਿੰਨਤਾਂ ਤੋਂ ਬਾਅਦ ਅਮਰੀਕਾ (ਯੂ.ਐਸ.ਏ) ਅਤੇ ਯੂਰਪੀਅਨ ਮੁਲਕਾਂ ਨੇ 10 ਪ੍ਰਤੀਸ਼ਤ ਵੈਕਸੀਨ ਅਫ਼ਰੀਕੀ ਮੁਲਕਾਂ ਨੂੰ ਭੀਖ ਸਮਝ ਕੇ ਦੇ ਦਿੱਤੀ। ਇੱਥੇ ਹੀ ਬਸ ਨਹੀਂ, ਇਹੋ ਹਾਲ ਐਚ.ਆਈ.ਵੀ. ਦੀਆਂ ਦਵਾਈਆਂ ਨਾਲ ਵੀ ਹੋਇਆ। ਸਭ ਤੋਂ ਜ਼ਿਆਦਾ ਪ੍ਰਭਾਵਿਤ ਅਫ਼ਰੀਕੀ ਮੁਲਕਾਂ ਵਿਚ ਐਚ.ਆਈ.ਵੀ. ਦੀਆਂ ਦਵਾਈਆਂ ਵਿਕਸਤ ਹੋਣ ਤੋਂ ਬਾਅਦ ਕਈ ਸਾਲਾਂ ਬਾਅਦ ਪੀੜਤਾਂ ਨੂੰ ਮਿਲੀਆਂ। ਕੀ ਇਹ ਮਨੁੱਖਤਾ ਹੈ ? ਕੀ ਇਹੋ ਜਿਹਾ ਰਾਸ਼ਟਰਵਾਦ ਦੁਨੀਆਂ ਦੇ ਦੂਸਰੇ ਮੁਲਕਾਂ ਲਈ ਦਿਖਾਵਾ ਹੈ ਜਾਂ ਇਕ ਜੰਗ ਲਈ ਲੁਕਾ ਕੇ ਰੱਖਿਆ ਗਿਆ ਹਥਿਆਰ ? ਕੋਵਿਡ ਵੈਕਸੀਨ ਦਾ ਹਾਲ ਵੀ ਕਿਤੇ ਇਹੋ ਜਿਹਾ ਨਾ ਹੋਵੇ, ਦੇਖਦੇ ਰਹੋ, ਛੇਤੀ ਹੀ ਪੱਲੇ ਪੈ ਜਾਵੇਗਾ। ਇਸ ਬਾਰੇ ਕੁਝ ਕੱਚੇ ਸੱਚੇ ਅਤੇ ਕੌੜੇ ਸੱਚ ਰੋਜ਼ ਅਖਬਾਰਾਂ ਵਿਚ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ। ਭਾਵੇਂ ਅਸੀਂ ਬਹੁਤ ਬੇਸਬਰੀ ਨਾਲ ਕੋਵਿਡ ਵੈਕਸੀਨ ਦੀ ਉਡੀਕ ਕਰ ਰਹੇ ਹਾਂ, ਪਰੰਤੂ ਇਹ ਵੀ ਸੋਚਣਾ ਜ਼ਰੂਰੀ ਹੈ ਕਿ ਕੀ ਕੋਵਿਡ ਵੈਕਸੀਨ ਇਕ ਚਮਤਕਾਰੀ ਪ੍ਰਗਟਾਵਾ ਕਰਕੇ ਕਰੋਨਾ ਨੂੰ ਭਜਾ ਦੇਵੇਗੀ ? ਇਸ ਵੇਲੇ ਦੀ ਸਥਿਤੀ ਦਾ ਸਾਹਮਣਾ ਮਾਸਕ ਵੈਕਸੀਨ ਪਹਿਨਾ ਕੇ ਕਰਨਾ ਚਾਹੀਦਾ ਹੈ। ਇਹੋ ਵੈਕਸੀਨ ਹੀ ਤੁਹਾਨੂੰ ਬਚਾਏਗੀ ਅਤੇ ਗਰੀਬ ਮੁਲਕਾਂ ਵਾਸਤੇ ਵਰਦਾਨ ਸਿੱਧ ਹੋਵੇਗੀ।

ਕੋਵਿਡ ਵੈਕਸੀਨ ਬਣਾਉਣ ਵਾਸਤੇ 160 ਦੇ ਕਰੀਬ ਅਲਗ ਅਲਗ ਮੁਲਕਾਂ ਦੀਆਂ ਕੰਪਨੀਆਂ ਜੁਟੀਆਂ ਹੋਈਆਂ ਹਨ। ਤਕਰੀਬਨ 30 ਕੰਪਨੀਆਂ ਅਗਲੇਰੀ ਸਟੇਜ 'ਤੇ ਹਨ। ਛੇ ਕੰਪਨੀਆਂ ਨੇ ਤਾਂ ਪਹਿਲੀ ਦੂਸਰੀ ਸਟੇਜ ਪਾਰ ਕਰਨ ਉਪਰੰਤ ਤੀਸਰੇ ਦੌਰ ਦੇ ਮਨੁੱਖੀ ਟਰਾਇਲ ਕਰਨੇ ਸ਼ੁਰੂ ਕਰ ਦਿੱਤੇ ਹਨ। ਅਮਰੀਕਾ ਦੀ ਮੋਡਰਨਾ ਕੰਪਨੀ ਇਸ ਦੌੜ ਵਿਚ ਕਾਫ਼ੀ ਮੋਹਰਲੀ ਕਤਾਰ ਵਿਚ ਹੈ। ਇਸੇ ਤਰ੍ਹਾਂ ਔਕਸਫੋਰਡ ਦੀ ਐਸਟਰਾ ਜੈਨਿਕਾ ਅਤੇ ਉਸ ਦੀ ਹਿੰਦੋਸਤਾਨ ਦੀ ਭਾਈਵਾਲ ਕੰਪਨੀ ਸੀਰਮ ਇੰਸਟੀਚਿਊਟ ਆਫ਼ ਇੰਡੀਆ ਨੇ ਯੂਰਪ, ਅਮਰੀਕਾ ਅਤੇ ਭਾਰਤ ਵਿਚ ਮਨੁੱਖੀ ਅਜ਼ਮਾਇਸ਼ ਸ਼ੁਰੂ ਕਰ ਦਿੱਤੀ ਹੈ। ਭਾਰਤ ਵਿਚ 1600 ਵਿਅਕਤੀਆਂ ਨੂੰ ਦੇਸ਼ ਦੇ ਅਲਗ ਅਲਗ ਸ਼ਹਿਰਾਂ ਤੋਂ ਚੁਣਿਆ ਗਿਆ ਹੈ। ਇਥੋਂ ਤਕ ਕਿ ਇਸ ਕੰਪਨੀ ਨੇ ਕਮਰਸ਼ੀਅਲ ਪੱਧਰ 'ਤੇ ਵੈਕਸੀਨ ਬਣਾਉਣੀ ਸ਼ੁਰੂ ਵੀ ਕਰ ਦਿੱਤੀ ਹੈ। ਬਿਲ ਅਤੇ ਮਲਿੰਡਾ ਗੇਟਸ ਫਾਊਂਡੇਸ਼ਨ ਨੇ 71:9 (ਗੈਵੀ) ਨੂੰ 150 ਮਿਲੀਅਨ ਡਾਲਰ (ਤਕਰੀਬਨ 1092 ਕਰੋੜ ਰੁਪਏ) ਦੇਣ ਦੀ ਵਚਨਬੱਧਤਾ ਦੁਹਰਾਈ ਹੈ। ਗੈਵੀ ਸੀਰਮ ਇੰਸਟੀਚਿਊਟ ਨੂੰ ਇਹ ਰਕਮ ਇਸ ਸ਼ਰਤ 'ਤੇ ਦੇਵੇਗੀ ਤਾਂ ਕਿ ਗਰੀਬ ਮੁਲਕਾਂ ਜਿਨ੍ਹਾਂ ਵਿਚ ਭਾਰਤ ਵੀ ਸ਼ਾਮਿਲ ਹੈ, ਨੂੰ 10 ਕਰੋੜ ਡੋਜ਼ਜ਼ ਕੋਵਿਡ ਵੈਕਸੀਨ ਸਸਤੇ ਭਾਅ ਵਿਚ ਮੁਹੱਈਆ ਕਰਵਾਏਗੀ। ਇਸ ਮਦਦ ਨਾਲ 1000 ਰੁਪਏ ਦੀ ਵੈਕਸੀਨ ਐਸਟਰਾ ਜੈਨਿਕਾ ਅਤੇ ਇਸ ਦੀ ਸਹਿਯੋਗੀ ਭਾਰਤੀ ਕੰਪਨੀ 90 ਗਰੀਬ ਅਤੇ ਵਿਕਸਤ ਹੋ ਰਹੇ ਮੁਲਕਾਂ ਨੂੰ 250 ਰੁਪਏ ਭਾਅ ਵਿਚ ਦੇਵੇਗੀ। ਸੋਚਣ ਦੀ ਗੱਲ ਹੈ ਭਾਰਤ ਦੀਆਂ ਕਿੰਨੀਆਂ ਕੁ ਕੰਪਨੀਆਂ ਜੋ ਸਰਕਾਰ ਤੋਂ ਜਾਇਜ਼ ਨਾਜਾਇਜ਼ ਆਰਥਿਕ ਅਤੇ ਹੋਰ ਸਹਾਇਤਾ ਲੈਂਦੀਆਂ ਹਨ। ਬਿਲ ਗੇਟਸ ਦੀ ਤਰ੍ਹਾਂ ਅੱਗੇ ਹੋ ਕੇ ਇਹੋ ਜਿਹੀ ਪੇਸ਼ਕਸ਼ ਕਰਦੀਆਂ ਹਨ ? ਭਾਰਤ ਦਾ ਇਕੋ ਇਕ ਸਨਅਤਕਾਰ ਰਤਨ ਟਾਟਾ ਹੀ ਇਹੋ ਜਿਹੀ ਪੇਸ਼ਨਗੋਈ ਕਰ ਸਕਦਾ ਹੈ। ਭਾਰਤ ਸਰਕਾਰ ਵਲੋਂ ਅਨਲੋਕ ਫੇਜ਼ ਦੌਰਾਨ ਡਾ. ਵੀ. ਕੇ. ਪਾਲ ਦੀ ਅਗਵਾਈ ਵਿਚ ਇਕ ਕਮੇਟੀ ਬਣਾਈ ਗਈ ਹੈ, ਜੋ ਕੰਪਨੀਆਂ ਨਾਲ ਵੈਕਸੀਨ ਦੀ ਸਪਲਾਈ ਬਾਰੇ ਸ਼ਰਤਾਂ ਨਿਰਧਾਰਤ ਕਰੇਗੀ। ਕਮੇਟੀ ਇਹ ਵੀ ਫੈਸਲਾ ਲਵੇਗੀ ਕਿ ਦੇਸ਼ ਦੇ ਵੱਖ ਵੱਖ ਹਿਸਿਆਂ ਵਿਚ ਕਿਸ ਤਰ੍ਹਾਂ ਸਰਕਾਰੀ ਪੱਧਰ 'ਤੇ ਮੁਫ਼ਤ ਵੈਕਸੀਨ ਮੁਹੱਈਆ ਕਰਵਾਈ ਜਾਵੇਗੀ। ਸਰਕਾਰ ਵਲੋਂ ਇਸ ਤਰ੍ਹਾਂ ਦਾ ਫੈਸਲਾ ਮੀਲ ਪੱਥਰ ਸਾਬਤ ਹੋਵੇਗਾ ਅਤੇ ਰਾਸ਼ਟਰਵਾਦ ਦੀ ਇਕ ਜਿਉਂਦੀ ਜਾਗਦੀ ਮਿਸਾਲ ਹੋਵੇਗੀ । ਇਸੇ ਤਰੀਕੇ ਨਾਲ ਅਮਰੀਕਾ ਨੇ ਛੇ ਕੰਪਨੀਆਂ, ਜੋ ਵੈਕਸੀਨ ਬਣਾਉਂਦੀਆਂ ਹਨ, ਅਗਲੇਰਾ ਸਮਝੌਤਾ ਕਰ ਕੇ 80 ਕਰੋੜ ਡੋਜ਼ਜ਼ ਸਪਲਾਈ ਕਰਨ ਦਾ ਇਕਰਾਰਨਾਮਾ ਕੀਤਾ ਹੈ। ਇਸ ਅਨੁਸਾਰ ਕਿਸੇ ਹੋਰ ਮੁਲਕ ਨੂੰ ਸਪਲਾਈ ਕਰਨ ਤੋਂ ਪਹਿਲਾਂ ਅਮਰੀਕਾ ਨੂੰ ਇਹ ਕੰਪਨੀਆਂ ਪਹਿਲ ਦੇ ਆਧਾਰ 'ਤੇ ਵੈਕਸੀਨ ਸਪਲਾਈ ਕਰਨਗੀਆਂ। 33 ਕਰੋੜ ਦੀ ਆਬਾਦੀ ਨੂੰ ਦੋ ਵਾਰ ਫ਼ਰੀ ਖੁਰਾਕਾ ਦੇਣ ਦੇ ਬਾਵਜੂਦ 15 ਕਰੋੜ ਵੈਕਸੀਨ ਦੀਆਂ ਖੁਰਾਕਾਂ ਵਾਧੂ ਪਈਆਂ ਰਹਿਣਗੀਆਂ। ਕੀ ਇਹ ਰਾਸ਼ਟਰਵਾਦ ਹੈ ? ਪਹਿਲਾ ਮੈਂ ($✦ "✪✪) ਦੇ ਅਸੂਲ ਹਨ ਜਾਂ ਜਮਾਂਖੋਰੀ ? ਇਸੇ ਤਰ੍ਹਾਂ ਯੂਰਪੀਅਨ ਯੂਨੀਅਨ ਨੇ ਵੀ 34 ਕਰੋੜ ਡੋਜ਼ਾਂ ਦਾ ਸਮਝੌਤਾ ਕੀਤਾ ਹੈ। ਰੂਸ ਦੇ ਪ੍ਰਧਾਨ ਨੇ ਵੀ ਆਪਣੀ ਸਪੂਤਨੀਕ ਵੈਕਸੀਨ ਨੂੰ ਮਾਰਕੀਟ ਵਿਚ ਉਤਾਰ ਕੇ ਦੂਸਰੇ ਦੇਸ਼ਾਂ ਨਾਲ ਸੰਧੀ ਦੀਆਂ ਤਿਆਰੀਆਂ ਕਰ ਲਈਆਂ ਹਨ ਤਾਂ ਜੋ ਕਮਰਸ਼ੀਅਲ ਪੈਦਾਵਾਰ ਤੋਂ ਬਾਅਦ ਇਹ ਆਪਣੇ ਚਹੇਤਿਆਂ ਨੂੰ ਵੈਕਸੀਨ ਸਪਲਾਈ ਕਰ ਸਕੇ। ਭਾਰਤ ਨੂੰ ਵੀ ਪੇਸ਼ਕਸ਼ ਕੀਤੀ ਗਈ ਹੈ ਪਰੰਤੂ ਸਾਇੰ ਸਦਾਨਾਂ ਮੁਤਾਬਕ ਅਜੇ ਅੰਕੜਿਆਂ 'ਤੇ ਗੌਰ ਕੀਤਾ ਜਾ ਰਿਹਾ ਹੈ। ਪੁਤਿਨ ਸਾਹਿਬ ਨੇ ਇਹ ਦਰਸਾਇਆ ਹੈ ਕਿ ਸਭ ਤੋਂ ਪਹਿਲਾਂ ਉਹ ਆਪਣੇ ਡਾਕਟਰਾਂ ਨੂੰ ਵੈਕਸੀਨ ਦੇਣਗੇ ਜੋ ਸਭ ਦੀਆਂ ਜਾਨਾਂ ਬਚਾਉਂਦੇ ਹਨ। ਇਸ ਬਿਆਨ ਦਾ ਭਰਵਾਂ ਸੁਆਗਤ ਕੀਤਾ ਗਿਆ ਹੈ। ਵੂਹਾਨ (ਚੀਨ) ਵਿਚ ਸਭ ਤੋਂ ਪਹਿਲਾਂ ਕੋਵਿਡ-19 ਦੇ ਕੇਸ ਆਉਣੇ ਸ਼ੁਰੂ ਹੋਏ ਸਨ। ਉਸ ਸਮੇਂ ਤੋਂ ਹੀ ਚੀਨ ਦੀ ਸਰਕਾਰੀ ਕੰਪਨੀ ਸਾਇਨੋਫਾਰਮ ਨੇ ਵੈਕਸੀਨ ਬਣਾਉਣੀ ਸ਼ੁਰੂ ਕਰ ਦਿੱਤੀ ਪਰੰਤੂ ਅਜੇ ਤਕ ਫੇਸ 3 ਮਨੁੱਖੀ ਟਰਾਇਲ 'ਤੇ ਅਟਕੇ ਹੋਏ ਹਨ। ਪਾਕਿਸਤਾਨ ਵਿਚ ਵੀ ਚੀਨ ਦੀ ਵੈਕਸੀਨ ਦਾ ਮਨੁੱਖੀ ਟਰਾਇਲ ਸ਼ੁਰੂ ਹੋਇਆ ਹੈ। ਚੀਨ ਨੇ ਦਾਅਵਾ ਕੀਤਾ ਹੈ ਕਿ ਇਸ ਸਾਲ ਦੇ ਅੰਤ ਤਕ ਇਹ ਵੈਕਸੀਨ ਮਾਰਕੀਟ ਵਿਚ ਆ ਜਾਵੇਗੀ। ਸੱਚਾਈ ਅਤੇ ਅਸਲੀਅਤ ਕੋਈ ਨਹੀਂ ਜਾਣਦਾ ਹੈ।

ਇਸ ਦੇ ਉਲਟ ਕੋਵਿਡ ਵੈਕਸੀਨ ਬਾਰੇ ਟਰੰਪ ਨੇ ਪਹਿਲਾਂ ਤੋਂ ਐਲਾਨ ਕੀਤਾ ਹੈ ਕਿ ਹਰੇਕ ਅਮਰੀਕਨ ਨੂੰ ਫ਼ਰੀ ਲਗਾਈ ਜਾਵੇਗੀ, ਪਰੰਤੂ ਹੁਣ ਇਹ ਚੁਣਾਵੀਂ ਮੁੱਦਾ ਬਣ ਗਿਆ ਹੈ। ਟਰੰਪ ਸਾਹਿਬ ਕਹਿ ਰਹੇ ਹਨ ਕਿ ਐਫ ਡੀ.ਏ. ਮੁਖੀ ਅਤੇ ਪ੍ਰਧਾਨ ਇਸ ਡੂੰਘੀ ਸਾਜ਼ਿਸ਼ ਵਿਚ ਸ਼ਾਮਲ ਹਨ ਅਤੇ ਚੋਣਾਂ ਤੋਂ ਬਾਅਦ ਹੀ ਫੂਡ ਅਤੇ ਡਰੱਗ ਅਡਮਨਿਸਟਰੇਸ਼ਨ ਇਸ ਨੂੰ ਮਾਰਕੀਟ ਵਿਚ ਆਉਣ ਦੀ ਇਜਾਜ਼ਤ ਦੇਵੇਗਾ। ਇਕ ਰਿਪੋਰਟ ਮੁਤਾਬਕ ਟਰੰਪ ਪ੍ਰਸ਼ਾਸਨ ਇਸ ਵੈਕਸੀਨ ਨੂੰ ਐਮਰਜੈਂਸੀ ਪ੍ਰਬੰਧਨ ਹੇਠ ਮਾਰਕੀਟ ਵਿਚ ਉਤਾਰਨ ਦੀ ਇਜਾਜ਼ਤ ਤੋਂ ਕਿਨਾਰਾ ਨਹੀਂ ਕਰੇਗਾ। ਪਰੰਤੂ ਐੱਫ.ਡੀ.ਏ. ਦੇ ਮੁਖੀ ਸਟੀਫਨ ਹਾਣ ਅਤੇ ਨਿਰਦੇਸ਼ਕ ਪੀਟਰ ਮਾਰਕ ਦੇ ਮੁਤਾਬਕ ਅਣਸੁਰੱਖਿਅਤ ਅਤੇ ਨਾ ਭਰੋਸੇਯੋਗ ਵੈਕਸੀਨ ਨੂੰ ਮਾਰਕੀਟ ਵਿਚ ਕੱਤਈ ਉਤਾਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਰਾਜਨੀਤਿਕ ਪ੍ਰਚੰਡ ਤੋਂ ਉੱਪਰ ਉੱਠ ਕੇ 400 ਤੋਂ ਵੱਧ ਰੁੱਝੇ ਸਾਇੰਸਦਾਨਾਂ ਅਤੇ ਤਜ਼ਰਬੇਕਾਰ ਡਾਕਟਰਾਂ ਦਾ ਤੱਥਾਂ ਦੇ ਅਧਾਰਿਤ ਹੀ ਨਿਰਣਾ ਹੋਵੇਗਾ। ਸਟੀਫਨ ਨੇ ਫਿਰ ਤੋਂ ਦੁਹਰਾਇਆ ਹੈ ਕਿ ਉਹ ਇਹੋ ਜਿਹੇ ਨਿਰਣੇ ਦਾ ਹਿੱਸਾ ਨਹੀਂ ਬਣੇਗਾ ਜਿਹੜਾ ਤੱਥਾਂ 'ਤੇ ਅਧਾਰਿਤ ਨਾ ਹੋਣ। ਅਮਰੀਕਨ ਲੋਕਾਂ ਨੂੰ ਇਸ ਬਾਰੇ ਸੁਚੇਤ ਕਰਨ ਵਿਚ ਕੋਈ ਕਸਰ ਨਹੀਂ ਛੱਡਾਂਗਾਂ। ਵਿਭਾਗ 30,000 ਮਨੁੱਖੀ ਟਰਾਇਲ ਤੋਂ ਬਾਅਦ ਹੀ ਵੈਕਸੀਨ ਦੀ ਇਜ਼ਾਜ਼ਤ ਦਿੰਦਾ ਹੈ। ਹੁਣ ਤੱਕ ਅਜੇ 10,000 ਵਾਲੰਟੀਅਰਾਂ 'ਤੇ ਹੀ ਟਰਾਇਲ ਹੋਇਆ ਹੈ। ਕਿੰਨਾਂ ਸਮਾਂ ਲਗਦਾ ਹੈ ਤੁਸੀਂ ਆਪ ਹੀ ਸੋਚ ਲਵੋ। ਡਾ. ਐਨਥਨੀ ਫੌਸੀ ਜੋ ਕਿ ਟਰੰਪ ਪ੍ਰਬੰਧਨ ਦਾ ਹਿੱਸਾ ਵੀ ਹਨ ,ਨੇ ਵੀ ਕਿਹਾ ਕਿ ਟਰੰਪ ਪ੍ਰਸ਼ਾਸਨ ਨੂੰ ਕੋਵਿਡ ਵੈਕਸੀਨ ਨੂੰ ਐਮਰਜੈਂਸੀ ਸਰਟੀਫਿਕੇਟ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਨਾਲ ਅਣਸੁਰਖਿੱਅਤ ਵੈਕਸੀਨ ਮਾਰਕੀਟ ਵਿਚ ਆ ਜਾਵੇਗੀ ਅਤੇ ਹੋਰ ਕੰਪਨੀਆਂ, ਜੋ ਇਸ ਟਰਾਇਲ ਵਿਚ ਰੁੱਝੀਆਂ ਹੋਈਆਂ ਹਨ, ਉਨ੍ਹਾਂ ਨੂੰ ਵਾਲੰਟੀਅਰਾਂ ਦੀ ਘਾਟ ਪੈ ਜਾਵੇਗੀ। ਅਮਰੀਕਾ ਦਾ ਇਹ ਰਾਜਨੀਤਿਕ ਮੁੱਦਾ 3 ਨਵੰਬਰ ਦੀਆਂ ਚੋਣਾਂ ਤੋਂ ਬਾਅਦ ਹੀ ਹੱਲ ਹੋਵੇਗਾ।

ਵਿਸ਼ਵ ਸਿਹਤ ਸੰਸਥਾ ਨੇ ਸਾਰੇ ਮੁਲਕਾਂ ਨੂੰ ਇੱਕਠਿਆਂ ਕਰ ਕੇ ਕੋਵੈਕਸ ਗਲੋਬਲ (13") ਵੈਕਸੀਨ ਸੰਸਥਾਨ ਬਣਾਇਆ ਹੈ ਤਾਂ ਜੋ ਅਮੀਰ ਮੁਲਕਾਂ ਤੋਂ ਸਹਾਇਤਾ ਲੈ ਕੇ ਗਰੀਬ ਮੁਲਕਾਂ ਦੀ ਸਹਾਇਤਾ ਕੀਤੀ ਜਾਵੇਗੀ।ਇਸ ਨਾਲ ਸਾਰੇ ਸੰਸਾਰ ਵਿਚ 20 ਪ੍ਰਤੀਸ਼ਤ ਵੈਕਸੀਨ ਪਹੁੰਚਾ ਦਿੱਤੀ ਜਾਵੇ ਤਾਂ ਜੋ ਦੁਨੀਆਂ ਭਰ ਵਿਚ ਇਕੋ ਵੇਲੇ 20 ਪ੍ਰਤੀਸ਼ਤ ਲੋਕਾਂ ਨੂੰ ਪਹਿਲ ਦੇ ਆਧਾਰ 'ਤੇ ਕੋਵਿਡ ਵੈਕਸੀਨ ਦਿੱਤੀ ਜਾ ਸਕੇ। ਕਿੰਨ੍ਹੀ-ਕੁ ਸਫਲਤਾ ਮਿਲਦੀ ਹੈ, ਇਹ ਵਿਸ਼ਵ ਸਿਹਤ ਸੰਸਥਾ ਹੀ ਦਰਸਾ ਸਕਦੀ ਹੈ। ਬਰਾਬਰ ਵੰਡ ਦੇ ਬਣਾਏ ਐਕਟ 'ਕੋਵਿਡ-19 ਦੇ ਸਾਧਨਾਂ ਦੀ ਪਹੁੰਚ' ਦਾ ਨਾਅਰਾ ਅਮੀਰ ਮੁਲਕਾਂ ਨੂੰ ਰਾਸ ਆਉਂਦਾ ਹੈ ਜਾਂ ਨਹੀਂ , ਸਮਾਂ ਹੀ ਦੱਸੇਗਾ।

ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਆਓ ਪ੍ਰਣ ਕਰੀਏ ਕਿ ਵੈਕਸੀਨ ਆਉਣ ਤੋਂ ਪਹਿਲਾਂ ਹੀ ਸਮਾਜਿਕ ਦੂਰੀ ਵੈਕਸੀਨ ਅਤੇ ਸਮਾਜਿਕ ਮਾਸਕ ਵੈਕਸੀਨ ਨਾਲ ਕੋਵਿਡ ਮਹਾਂਮਾਰੀ ਨੂੰ ਠੱਲ੍ਹ ਪਾਈਏ।ਇਸ ਤੋਂ ਬਾਅਦ ਕੋਵਿਡ ਵੈਕਸੀਨ ਸੋਨੇ ਤੇ ਸੁਹਾਗੇ ਦਾ ਕੰਮ ਕਰੇਗੀ।




## ਮੇਰੇ ਦਰਦ

### ਪੁਸ਼ਪਿੰਦਰ ਕੌਰ

ਮੇਰੇ ਦਰਦ ਅਵੱਲੇ ਡਾਅਢੇ,
ਨਾਂ ਕੋਈ ਪੁਛੇ ਬਾਤ ਮੀਆਂ
ਪਲ ਪਲ ਰਿਸਦੇ ਫੱਟ ਮੇਰੇ,
ਉਹ ਨੇ ਪੁਛਦੇ ਜਾਤ ਮੀਆਂ

ਕਿਥੇ ਬਹਿ ਕਰਾਂ ਅਰਜੋਈ,
ਸਭ ਨੇ ਚਿਹਰੇ ਲਕੋਏ ਨੇ
ਜਿਹੜੇ ਕਹਿੰਦੇ ਸੀ ਤੇਰੇ ਹੀ,
ਉਹ ਅੱਜ ਕਿਸੇ ਦੇ ਹੋਏ ਨੇ

ਮਿੱਟੀ ਦਾ ਮੈਂ ਜਾਇਆ ਹਾਂ,
ਮਿੱਟੀ ਮਾਂ ਜਿਹੀ ਲੱਗਦੀ ਏ
ਕਿਉਂ ਕਹਿਨੈ ਤੂੰ ਛੱਡ ਪਰੇ ਇਹਨੂੰ,
ਸੁਣ ਕੇ ਰੂਹ ਮੇਰੀ ਕੰਬਦੀ ਏ

ਖੱਦਰ ਦੇ ਝੱਗੇ ਤੇੜ ਚਾਦਰੇ,
ਮੁੜਕੇ ਨਾਲ ਹੀ ਸਿੰਜਦੇ ਹਾਂ
ਆਪਣੀਆਂ ਖਾਹਿਸ਼ਾਂ ਸੱਧਰਾਂ,
ਹੱਡ ਮਾਸ ਵੀ ਪਿੰਜਦੇ ਹਾਂ

ਸਦੀਆਂ ਤੋਂ ਆਸਾਂ ਦਾ ਵਾਹਣ ਵਾਹੁੰਦੇ,
ਕਦ ਬੁੱਢੇ ਖੁੰਢ ਹੋ ਜਾਂਦੇ
ਕਿਰਦੀ ਜਾਵੇ ਆਸ ਨਿਮਾਣੀ,
ਨਿੱਤ ਨਵੇਂ ਫੁਰਮਾਨਾਂ ਚ ਖੋ ਜਾਂਦੇ

ਪੁਰਖਿਆਂ ਰੱਤ ਵਹਾ ਸਿੰਜੀ,
ਕਿਉਂ ਦਗਾ ਕਮਾਉਂਦੀ ਧਰਤੀਏ ਨੀ
ਇੱਥੇ ਹੀ ਜੰਮੀਏ ਇੱਥੇ ਮੋਈਏ,
ਖਾਰੇ ਹੰਝੂਆਂ ਨਾਲ ਹੀ ਵਰਤੀਏ ਨੀ

## ਦੁਨੀਆ ਵਾਲੇ ਜਿੱਤ ਨਹੀਂ ਹੁੰਦੇ



ਸੁਰਿੰਦਰ ਤਲਵੰਡੀ
8360601303

"ਜਿੰਨਾ ਮਰਜੀ ਦੁੱਧ ਪਿਆ ਲਓ
ਸੱਪ ਕਦੇ ਵੀ ਮਿੱਤ ਨਹੀਂ ਹੁੰਦੇ ,
ਤਨ ਦਾ ਮਾਸ ਖੁਆ ਲਓ ਭਾਵੇਂ
ਦੁਨੀਆ ਵਾਲੇ ਜਿੱਤ ਨਹੀਂ ਹੁੰਦੇ " !
"ਤਰਾਂ ਤਰਾਂ ਦੀਆਂ ਝੰਡੀਆਂ ਬੈਨਰ
ਲੈ ਜੋ ਫਿਰਦੇ ਬਣੇ ਮਸੀਹੇ ,
ਦੁਖੀਆਂ ਦੀ ਕੋਈ ਸਾਰ ਨਾ ਲੈਂਦਾ
ਜੁੜੇ ਜੇ ਉਹਨਾ ਦੇ ਹਿੱਤ ਨਹੀ ਹੁੰਦੇ" !
"ਚੰਗੇ ਦਿਨਾ ਦੀ ਆਸ ਦਿਲਾਂ ਵਿੱਚ
ਬੈਠੇ ਹਾਂ ਸਮੋਈ ,ਐੱਪਰ,
ਰਾਮ ਰਾਜ ਵਿੱਚ ਚੰਦ ਚੜਨ ਨਿੱਤ
ਕਦੇ ਜੋ ਕਿਸੇ ਦੇ ਚਿੱਤ ਨਹੀਂ ਹੁੰਦੇ " !
"ਕੰਮ ਚੋਰ ਨਾਕਾਮ ਹੁੰਦੇ ਜਦ
ਦੇਵਣ ਦੋਸ਼ ਮਹੂਰਤ ਨੂੰ ,
ਸੋਚ ਬੰਦੇ ਦੀ ਮਾੜੀ ਹੁੰਦੀ,
ਮਾੜੇ ਕਦੇ ਵੀ ਥਿੱਤ ਨਹੀਂ ਹੁੰਦੇ " !
"ਜੁਮਲੇ ਸੁਣ ਸੁਣ ਅੱਕ ਗਏ ਹਾਂ
ਦੇਸ਼ ਦੇ ਚੌਕੀਦਾਰਾਂ ਤੋਂ ,
ਇਕ ਵਾਰ ਚੱਲ ਗਏ ਤਲਵੰਡੀ
ਜੁਮਲੇ ਸਫਲੇ ਨਿੱਤ ਨਹੀਂ ਹੁੰਦੇ " !
"ਜਿੰਨਾ ਮਰਜੀ ਦੁੱਧ ਪਿਆ ਲਓ
ਸੱਪ ਕਦੇ ਵੀ ਮਿੱਤ ਨਹੀਂ ਹੁੰਦੇ
ਤਨ ਦਾ ਮਾਸ ਖੁਆ ਲਓ ਭਾਵੇਂ
ਦੁਨੀਆ ਵਾਲੇ ਜਿੱਤ ਨਹੀਂ ਹੁੰਦੇ " !

## ਜਿਸਮ ਨੂੰ ਤੱਜ ਕੇ



ਮਾਸਟਰ ਸੁੱਖਜੀਤ ਅੱਭੋਵਾਲ

ਜਿਸਮ ਨੂੰ ਤੱਜ ਕੇ ਦਿਲ ਤੋਂ ਅੱਗੇ ਜਾਣਾ ਚੁਹੰਦਾ ਹਾਂ,
ਸਾਰੀਆਂ ਕੁੰਜਾਂ ਲਾਹ ਕੇ ਵੱਖਰਾ ਬਾਣਾ ਚਾਹੁੰਦਾ ਹਾਂ।

ਸੋਚਾਂ ਤੇ ਜਜ਼ਬਾਤ ਦਾ ਲਹਿਜ਼ਾ ,ਖਿਸਕਦਾ ਰਹਿੰਦਾ ਏ,
ਦੋਨਾਂ ਦਾ ਕਰ ਮਿਲਗੋਭਾ, ਲਾਂਬੂ ਲਾਣਾ ਚਹੁੰਦਾ ਹਾਂ।

ਜਿਹੜੇ ਪਿੱਛੇ ਨੂੰ ਪਏ ਲੋਚਣ,ਤਰਸ ਜਿਹਾ ਆਵੇ,
ਮੌਤ ਵੀ ਚੇਤਿਆਂ ਵਿੱਚ, ਫਿਰ ਵੀ ਛਾਣਾ ਚਾਹੰਦਾ ਹਾਂ।

ਐਵੇਂ ਭਰਤੀ ਪਾ ਲਈ ਸੀ,ਸਕੇ ਸੁਨੇਹੀਆਂ ਦੀ,
ਅੰਨਿਆਂ ਦੇ ਵਿੱਚ ਮੈਂ ਨਈਂ ਬਣਨਾ ਕਾਣਾ ਚਹੁੰਦਾ ਹਾਂ।

ਕੁਦਰਤ ਦਾ ਦਿਮਾਗ ਨਹੀਂ, ਅਸੂਲ ਸਦੀਵੀ ਨੇ,
ਨਾ ਮੈਂ ਕਿਸੇ ਨੂੰ ਪੂਜ ਰਿਹਾਂ,ਨਾ ਭਾਣਾ ਚਹੁੰਦਾ ਹਾਂ।

ਨਾ ਕਿਸੇ ਦੀ ਰੀਸ ਹੈ ਕੀਤੀ,ਨਾ ਕੋਈ ਵਕਤ ਗਵਾਇਆ,
ਮਿਹਨਤ ਕਰ ਕਰ ਆਪਣਾ ਵਕਤ, ਟਿਕਾਣਾ ਚਾਹੁੰਦਾ ਹਾਂ।

ਕਾਸ਼ ਕਦੇ ਉਹ ਮਿਲ ਜਾਵੇ, ਧੁਰ ਅੰਦਰੋਂ ਖ਼ੁਸ਼ ਹੋਵਾਂ,
ਆਪ -ਮੁਹਾਰੇ ਧੁਰ ਅੰਦਰੋਂ ਲਿਖਣਾ, ਗਾਣਾ ਚਹੁੰਦਾ ਹਾਂ।

## ਗ਼ਜ਼ਲ

ਡਾ: ਦਵਿੰਦਰ ਸਿਘ ਜੀਤਲਾ
Dr. Davinder Singh Jitla



ਹੈ ਅਜੇ ਚਿੰਗਾਰੀ ਸੁਲਗਦੀ ਪਹਿਲੀ ਰਾਖ ਦੀ ਢੇਰ ਵਿੱਚ
ਸੰਭਾਲ ਕੇ ਫਰੋਲੀਂ ਇਸ ਨੂੰ ਭਾਂਬੜ ਨਾ ਮਚ ਜਾਏ ਦੁਬਾਰਾ

ਨਫਰਤਾਂ ਢਾਹ ਮਲਬਾ ਕੀਤੀਆਂ ਪਿਆਰ ਦੀਆਂ ਦੀਵਾਰਾਂ
ਜਿਨ੍ਹਾਂ ਨੇ ਮਿਲ ਬਣਾਇਆ ਸੀ ਹਵਾਦਾਰ ਖ਼ੂਬਸੂਰਤ ਚੁਬਾਰਾ

ਡਰ ਹੈ ਜੂਹ ਜੇ ਟੱਪ ਆਈ ਝੁੱਲੀ ਗਰਮ ਹਵਾ ਉਸ ਬਾਗ ਦੀ
ਮੁਸ਼ਕਿਲ ਹੋ ਜਾਊ ਫੇਰ ਲੱਭਣਾ ਸੈਲਾਬ ਵਿੱਚ ਸੁੱਕਾ ਕਿਨਾਰਾ

ਧਰਤੀ ਹਵਾ ਪਾਣੀ ਬਦਲਕੇ ਜੇ ਵਧਣਾ ਫੁਲਣਾ ਅੰਕੁਰ ਨੇ
ਅਨੁਕੂਲ ਹੋਣਾ ਹੀ ਸਮਝਦਾਰੀ ਜੜ੍ਹਾਂ ਨੂੰ ਦੇਣ ਲਈ ਸਹਾਰਾ

ਕੋਹਾਂ ਦੀ ਦੂਰੀ ਨਹੀਂ ਹੁੰਦੀ ਦਿਲਾਂ ਦੀਆਂ ਵਿੱਥਾਂ ਤੋਂ ਜ਼ਿਆਦਾ
ਵਖਰੇਵੇਂ ਦੇ ਕਦਮਾਂ ਦੀ ਚਾਲ ਅਗਾਂਹ ਵਧਣਾ ਕੀਤਾ ਨਾਕਾਰਾ

## ਵਿਚ ਬਗੀਚੇ

### ਡਾ: ਗੁਰਦੇਵ ਸਿੰਘ ਪੰਜੋਹਲ

ਵਿਚ ਬਗੀਚੇ ਖੇਡ ਰਹੀ ਸੀ ਇਕ ਸੋਹਲ ਜਿਹੀ ਬੱਚੀ।
ਲਗਰਾਂ ਤੋਂ ਵੀ ਕੋਮਲ ਜਾਪੇ, ਕਲੀਆ ਤੋਂ ਵੀ ਕੱਚੀ।
ਤ੍ਰੇਲ ਦੇ ਤੁਪਕੇ ਨੈਣ ਓਸਦੇ, ਜਾਪਣ ਮਸਤ ਸ਼ਰਾਬੀ।
ਸਿਓ ਕਸ਼ਮੀਰੀ ਮੁੱਖੜਾ ਭੋਲਾ ਹੈ ਸਨ ਹੋਂਠ ਗੁਲਾਬੀ।
ਫੁੱਲਾਂ ਨੇ ਸੀ ਘੇਰਾ ਘੱਤਿਆ ਸੁਦੇ ਆਸੇ ਪਾਸੇ,
ਐਪਰ ਇਹਨਾਂ ਨਾਲੋਂ ਵੀ ਸਨ ਵੱਖਰੇ ਉਸਦੇ ਹਾਸੇ।
ਤੋਤਲੀਆਂ ਪਈ ਕਰਦੀ ਗੱਲਾਂ ਫੁੱਲਵਾੜੀ ਦੀ ਰਾਣੀ,
ਪੌਦੇ, ਬੂਟੇ, ਬੇਲਾਂ ਸਾਰੇ ਭਰਦੇ ਉਸਦਾ ਪਾਣੀ।
ਮਾਨੋ ਸਾਰਿਆਂ ਵਿਚੋਂ ਸੀ ਓਹ ਫੁੱਲ ਅਨੋਖਾ ਖਿੜਿਆ,
ਜਿਸਦੇ ਪਰਛਾਵੇਂ ਤੋਂ ਚਾਰੇ ਪਾਸੇ ਕਾਂਬਾ ਛਿੜਿਆ।
ਆਪ ਮੁਹਾਰੀ ਫਿਰੇ ਮੇਲਦੀ ਅਜ਼ਾਦੀ ਦੀ ਮਲਕਾ,
ਉਸ ਵਿਚੋਂ ਪਰੱਖ ਮਾਰਦਾ ਨੂਰ ਇਲਾਹੀ ਝਲਕਾਂ।
ਵਿਹੁਲੀ ਵਾ ਦੇ ਹਾਲੇ ਉਸਨੂੰ ਲੱਗੇ ਮੂਲ ਨਾ ਬੁੱਲੇ,
ਵਿਸ਼ੇ ਵਿਕਾਰਾਂ ਦੇ ਤੂਫਾਂ ਵੀ ਹਾਲੇ ਸਿਰ ਨਾ ਝੁੱਲੇ।
ਕੀ ਜਾਣੇ ਓਹ ਹਾਈਂ ਹਾਵੇ, ਦੁੱਖ, ਕੀਨੇ ਤੇ ਸਾੜੇ,
ਕੀ ਜਾਣੇ ਓਹ ਸਾਂਝ ਦਿਲਾਂ ਦੀ ਕੀ ਆਪਸ ਦੇ ਪਾੜੇ।
ਸੂਰਤ ਪਾਕ ਮੁਜਸਮਾਂ ਦਿੱਸੇ ਓਹ ਡਾਢਾ ਮਨਮੋਹਣਾ,
ਸੁੰਦਰਤਾ ਤੋਂ ਸੁੰਦਰ ਜਾਪੇ ਓਹ ਇਕ ਅਜਬ ਖਿਡਾਉਣਾ।
ਕਰਕੇ ਖੁਲੀਆਂ ਬਾਹਾਂ ਭੱਜ ਭੱਜ ਤਿੱਤਲੀਆਂ ਵੱਲ ਜਾਵੇ,
ਉਮਲ ਉਮਲ ਕੇ ਫੜਨ ਲਈ ਓਹ ਉੱਪਰ ਹੱਥ ਵਧਾਵੇ।
ਵਿੱਟ ਵਿੱਟ ਓਹਨਾਂ ਵੱਲ ਨੂੰ ਤੱਕੇ ਐਪਰ ਪੇਸ਼ ਨਾ ਜਾਵੇ।
ਬੇਵੱਸੀਆਂ ਦੇ ਬਹਿਰਾਂ ਅੰਦਰ ਪਲ਼ ਪਲ਼ ਗੋਤੇ ਖਾਵੇ।
ਤਿੱਤਲੀਆਂ ਵੀ ਕੱਠੀਆਂ ਹੋ ਕੇ ਐਸਾ ਮਤਾ ਪਕਾਇਆ,
ਘੁੰਮ ਘੁੰਮ ਉਸਦੇ ਆਸੇ ਪਾਸੇ ਉਸਨੂੰ ਬੰਨ ਖਲਾਇਆ।
ਖਲੀ ਖਲੀ ਫਿਰ ਜਾਪੇ ਏਦਾਂ ਹੁਣ ਨੱਚੀ ਕਿ ਨੱਚੀ,
ਵਿੱਚ ਬਗੀਚੇ ਖੇਡ ਰਹੀ ਸੀ ਇਕ ਸੋਹਲ ਜੇਹੀ ਬੱਚੀ।

## ਖੇਤੀ ਬਿੱਲ ਤੇ ਕਿਸਾਨ

### ਅਮਰੀਕ ਸਿੰਘ ਡੋਗਰਾ

ਮਿਲੀ ਆਜ਼ਾਦੀ ਭੱਾਂਬੜ ਮਚਿਆ ਪੰਜਾਬ ਦੇ ਹੋ ਗਏ ਦੋ ਟੋਟੇ ।
ਪੰਜਾਬ ਚ ਕੋਈ ਸਮਝ ਨ ਪਾਇਆ ਸਿਆਸਤ ਦੇ ਮਨ ਖੋਟੇ ।

ਸਿਆਸਤ ਨੇ ਹੱਥਕੰਡੇ ਵਰਤ ਪੰਜਾਬ ਦਾ ਪਾਣੀ ਖੋਹਿਆ ।
ਦਰ ਦਰ ਦੀਆਂ ਠੋਕਰਾਂ ਖਾ ਕੇ ਫਿਰ ਵੀ ਕੁਛ ਨਹੀਂ ਹੋਇਆ ।

ਕੇਂਦਰ ਸਰਕਾਰ ਨੂੰ ਪੰਜਾਬ ਤੋਂ ਕਦੇ ਨਹੀਂ ਲਲਕਾਰਿਆ ।
ਤਾਂਹੀ ਹੁਣ ਸਰਕਾਰ ਨੇ ਤੀਰ ਖੇਤੀ ਬਿੱਲਾਂ ਦਾ ਮਾਰਿਆ।

ਚੋਭ ਤੀਰ ਦੀ ਦਿਲ ਤੱਕ ਪਹੁੰਚੀ ਕਿਸਾਨ ਤੜਫਣ ਸਾਰੇ ।
ਬਿੱਲਾਂ ਦੇ ਵਿਰੋਧ 'ਚ ਨਿਕਲੇ ਬੰਨ੍ਹ ਕੱਫਨ ਸਭ ਦੁਖਿਆਰੇ ।

ਪੰਜਾਬ ਬੰਧ 'ਚ ਸਭ ਜੁੜ ਗਏ ਤਿਕ ਬਿੱਲ ਨ ਹੋਣ ਲਾਗੂ ।
ਅੰਨਦਾਤਾ ਸੜਕ ਤੇ ਆਇਆ ਕੋਈ ਲੱਭਾ ਨ ਚੰਗਾ ਆਗੂ ।

'ਪਗੜੀ ਸੰਭਾਲ਼ ਜੱਟਾ' ਦਾ ਨਾਹਰਾ ਗੂੰਜਿਆ ਹੈ ਦੁਬਾਰਾ ।
ਕਿਸਾਨਾਂ ਨੂੰ ਇੰਨਸਾਫ ਮਿਲੇਗਾ ਕਰ ਰਿਹਾ ਇਹ ਇਸ਼ਾਰਾ ।

'ਅਮਰੀਕ' ਦਾ ਦਿਲ ਬੇਚੈਨ ਹੈ ਦੇਖ ਅੰਨਦਾਤੇ ਦੀ ਮਜ਼ਬੂਰੀ ।
ਬਿੱਲ ਛੇਤੀ ਖਤਮ ਹੋ ਜਾਵਣ ਹੋਏ ਕਿਸਾਨਾਂ ਦੀ ਆਸ਼ਾ ਪੂਰੀ ।

## ਚੋਰ ਗੱਦੀਆਂ ਤੇ ਬੈਠ

### ਗੁਰਦੀਪ ਲਸਾੜਾ

ਪਹਿਲਾਂ ਪੱਟਤੀ ਜਵਾਨੀ, ਹੁਣ ਖਾਣਗੇ ਕਿਸਾਨੀ,
ਚੋਰ ਗੱਦੀਆਂ ਤੇ ਬੈਠ, ਕਰੀ ਜਾਂਦੇ ਮਨਮਾਨੀ।

ਗੁੱਟਾਂ ਵਿੱਚ ਲੱਗੇ ਟੀਕੇ, ਮੂੰਹਾਂ ਵਿੱਚੋਂ ਆਵੇ ਝੱਗ,
ਅੱਜ ਹਰ ਘਰ ਵਿੱਚ, ਵਲ਼ੇ ਨਸ਼ਿਆਂ ਦੀ ਅੱਗ,
ਕਿਹਨੂੰ ਬੋਲ ਕੇ ਸੁਣਾਵਾਂ, ਹਰ ਘਰ ਦੀ ਕਹਾਣੀ,
ਪਹਿਲਾਂ ਪੱਟਤੀ ਜਵਾਨੀ....................!

ਦਿਨ ਰਾਤ ਇੱਕ ਕਰ, ਮਸਾਂ ਫਸਲ ਸੀ ਪਾਲ਼ੀ,
ਜਿਹੜੇ ਰੁੱਖਾਂ ਹੇਠਾਂ ਸੁੱਤੇ, ਉਹਨਾਂ ਰੁੱਖਾਂ ਨੂੰ ਰੱਸੀ ਪਾਲੀ,
ਜਿਹੜਾ ਜੱਗ ਨੂੰ ਰਜਾਉਂਦਾ, ਉਹਨੂੰ ਪੁੱਛੇ ਨਾ ਕੋਈ ਪਾਣੀ,
ਪਹਿਲਾਂ ਪੱਟਤੀ ਜਵਾਨੀ....................!

ਪਹਿਲਾਂ ਸੁਪਨਾ ਦਿਖਾਇਆ, ਪਰ ਚੰਗੇ ਦਿਨ ਨਾ ਲਿਆਇਆ,
ਨਾਅਰਾ ਡੀਜ਼ੀਟਲ ਇੰਡੀਆ ਦਾ, ਰੌਲਾ ਧਰਮਾਂ ਦਾ ਪਾਇਆ,
ਕਾਲੇ ਧਨ ਨੂੰ ਵੀ ਛੱਡੋ, ਛੱਡੀ ਜੇਬ 'ਚ ਨਾ ਚਵਾਨੀ।
ਪਹਿਲਾਂ ਪੱਟਤੀ ਜਵਾਨੀ....................!

'ਦੀਪੇ' ਚੁੱਪ ਕਰ ਬੇਹਿਜਾ, ਤੂੰ ਸਿਆਣਾ ਨਹੀਂਓ ਵਾਹਲਾ,
ਐਵੇਂ ਕਿਸੇ ਚੋਰ ਕੋਲੋਂ ਆਪਣਾ, ਤੂੰ ਕਢਵਾਲੀ ਨਾ ਦਵਾਲਾ,
ਇਹਨਾਂ ਕੁੱਤਿਆਂ ਦੇ ਕੰਮਾਂ ਦੀ, ਮਿਲੇ ਬਾਣੀ 'ਚੋਂ ਨਿਸ਼ਾਨੀ।
ਪਹਿਲਾਂ ਪੱਟਤੀ ਜਵਾਨੀ....................!

ਸਾਡਾ ਮੁਕਰਿਆ ਰਾਜਾ, ਸੌਂਹਾਂ ਬਾਣੀ ਦੀਆਂ ਖਾ ਕੇ,
ਬੰਦੇ ਵੇਚਦੇ ਨੇ ਨਸ਼ਾ, ਉਹਦੇ ਘਰ-ਘਰ ਜਾ ਕੇ,
ਦੇਸ਼-ਪੰਥ ਦੇ ਗੱਦਾਰਾਂ ਦੀ, ਹੋਰ ਦੱਸਾਂ ਕੀ ਨਿਸ਼ਾਨੀ।
ਪਹਿਲਾਂ ਪੱਟਤੀ ਜਵਾਨੀ, ਹੁਣ ਖਾਣਗੇ ਕਿਸਾਨੀ,
ਚੋਰ ਗੱਦੀਆਂ ਤੇ ਬੈਠ, ਕਰੀ ਜਾਂਦੇ ਮਨਮਾਨੀ।

## ਗੀਤ



ਅਮਰੀਕ ਸਿੰਘ ਤਲਵੰਡੀ ਕਲਾਂ
ਮੋਬਾ: 9463542896

ਵਿਦਵਾਨ ਹੋਣ ਦਾ ਭੁਲੇਖਾ
ਕਈਆਂ ਨੂੰ ਲੈ ਬਹਿੰਦਾ ਹੈ।
ਇਹ ਨਹੀਂ ਪਤਾ ਕਬਰਾਂ ਤੱਕ,
ਬੰਦਾ ਸਿੱਖਦਾ ਰਹਿੰਦਾ ਹੈ।
ਗਿਆਨ ਇਕ ਸਮੁੰਦਰ ਹੈ,
ਇਸਦੀ ਬੜੀ ਡੂੰਘਾਈ ਹੈ।
ਪੱਲੇ ਕੁਝ ਕੁ ਪੈ ਜਾਂਦਾ,
ਜੀਹਨੇ ਟੁੱਬੀ ਲਾਈ ਹੈ।
ਸਾਰਾ ਗਿਆਨ ਝੋਲੀ ਵਿਚ,
ਕਦੇ ਵੀ ਨਹੀਂ ਪੈਂਦਾ ਹੈ।
ਇਹ ਨਹੀਂ ਪਤਾ ਕਬਰਾਂ ਤੱਕ........।
ਇਕੋ ਖੇਤਰ ਦਾ ਪੂਰਾ ਗਿਆਨ,
ਨਹੀਂ ਕਿਸੇ ਨੂੰ ਆ ਸਕਦਾ।
ਪੂਰੇ ਖੇਤਰਾਂ ਦਾ ਪੂਰਾ ਗਿਆਨ,
ਦੱਸੋ ਕੌਣ ਹੈ ਪਾ ਸਕਦਾ।
ਸਿਆਣਾ ਬੰਦਾ ਹਰ ਥਾਂ ਤੋਂ ਹੀ,
ਕੁਝ ਤਾਂ ਜ਼ਰੂਰ ਲੈਂਦਾ ਹੈ।
ਇਹ ਨਹੀਂ ਪਤਾ ਕਬਰਾਂ ਤੱਕ..........।
ਜ਼ਰੂਰੀ ਨਹੀਓਂ ਵੱਡੇ ਸਾਰੇ,
ਛੋਟਿਆਂ ਨਾਲੋਂ ਹੋਣ ਸਿਆਣੇ।
ਕਈ ਵੇਰ ਤਾਂ ਵੱਡਿਆਂ ਨਾਲੋਂ,
ਅੱਗੇ ਲੰਘ ਜਾਂਦੇ ਨੇ ਨਿਆਣੇ।
ਹਰ ਵਕਤ ਸਿੱਖਣ ਵਾਲੇ ਦਾ,
ਗਿਆਨ ਵਧਦਾ ਰਹਿੰਦਾ ਹੈ।
ਇਹ ਨਹੀਂ ਪਤਾ ਕਬਰਾਂ ਤੱਕ........।
ਅੰਤ ਤੱਕ ਸਿੱਖਣ ਦਾ ਖਿਆਲ,
'ਤਲਵੰਡੀ' ਨੇ ਲੜ ਬੰਨ ਲਿਆ।
ਓਸੇ ਕਰਕੇ ਬੱਚਿਆਂ ਵਰਗੇ,
'ਨੀਰਜ਼' ਨੂੰ ਗੁਰੂ ਮੰਨ ਲਿਆ।
ਕੰਪਿਊਟਰ ਤੋਂ ਜੋ ਡਰਦਾ ਸੀ,
ਹੁਣ ਸਿਰਾਣੇ ਰੱਖ ਕੇ ਪੈਂਦਾ ਹੈ।
ਇਹ ਨਹੀਂ ਪਤਾ ਕਬਰਾਂ ਤੱਕ........।

# ਸ਼੍ਰੋਮਣੀ ਅਕਾਲੀ ਦਲ ਦਾ ਸੰਕਟ



ਪੰਜਾਬ ਮੌਜੂਦਾ ਸਮੇਂ ਗੰਭੀਰ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਇਸ ਸੰਕਟ ਨੂੰ ਭਾਰਤ ਦੇ ਦੂਜੇ ਰਾਜਾਂ ਦੇ ਪੱਧਰ 'ਤੇ ਵਾਚਣ ਦੀ ਥਾਂ ਵੱਖਰੇ ਸੰਦਰਭ ਵਿਚ ਦੇਖਣਾ ਜ਼ਰੂਰੀ ਹੈ ਕਿਉਂਕਿ ਪੰਜਾਬ ਦੀ ਰਾਜਨੀਤੀ ਦੂਜੇ ਰਾਜਾਂ ਨਾਲੋਂ ਵੱਖਰੇ ਸੰਦਰਭ ਵਿਚ ਧਿਆਨ ਮੰਗਦੀ ਹੈ। ਦਰਅਸਲ, ਪੰਜਾਬ ਦੀ ਰਾਜਨੀਤੀ ਨੂੰ ਸਿੱਖ ਜਾਂ ਪੰਥਕ ਰਾਜਨੀਤੀ ਦੇ ਰੂਪ ਵਿਚ ਦੇਖਣਾ ਬਣਦਾ ਹੈ। ਨਿਰਸੰਦੇਹ ਪੰਜਾਬ ਦੀ ਰਾਜਨੀਤੀ ਵਿਚ ਹੁਣ ਨਿਗੂਣਾ ਪ੍ਰਭਾਵ ਰੱਖਣ ਵਾਲੀ ਸ਼੍ਰੋਮਣੀ ਅਕਾਲੀ ਦਲ ਵੱਡੀ ਜਥੇਬੰਦੀ ਦਾ ਸੌ ਸਾਲ ਪਹਿਲਾਂ ਜਨਮ ਹੋਇਆ ਸੀ ਜੋ ਨਿਰੋਲ ਧਾਰਮਿਕ ਜਥੇਬੰਦੀ ਸੀ ਜਿਸ ਦਾ ਨਿਸ਼ਾਨਾ ਸਿਰਫ਼ ਸਿੱਖ ਮਸਲਿਆਂ 'ਤੇ ਕੇਂਦਰਿਤ ਹੋ ਕੇ ਕਾਰਜਸ਼ੀਲ ਹੋਣਾ ਸੀ। ਇਸ ਜਥੇਬੰਦੀ ਨੇ ਮੁੱਢਲੇ ਪੜਾਅ 'ਤੇ ਹੀ ਪ੍ਰਭਾਵਸ਼ਾਲੀ ਰੂਪ ਅਖ਼ਤਿਆਰ ਕਰ ਲਿਆ ਅਤੇ ਸਿੱਖ ਕੌਮ ਦੇ ਹਰਾਵਲ ਦਸਤਿਆਂ ਵਾਲੇ ਆਪਣੇ ਵਿਸ਼ੇਸ਼ ਸਥਾਨ ਨੂੰ ਗ੍ਰਹਿਣ ਕਰ ਲਿਆ। ਇਸ ਦਾ ਕਾਰਨ ਮੂਲ ਸਿੱਖ ਮਸਲਿਆਂ ਨਾਲ ਸਪੱਸ਼ਟ ਤੇ ਪ੍ਰਤੀਬੱਧ ਹੋਣਾ ਸੀ।

ਉਸ ਸਮੇਂ ਇਸ ਦਾ ਧੁਰਾ ਸਿੱਖ ਸੁਧਾਰ ਲਹਿਰ ਦੇ ਰੂਪ ਵਿਚ ਦੇਖਿਆ ਜਾ ਰਿਹਾ ਸੀ ਜਿਸ ਕਾਰਨ ਬਰਤਾਨਵੀ ਸਰਕਾਰ ਨੇ ਇਸ ਆਮ ਸਿੱਖਾਂ ਦੀ ਜਥੇਬੰਦੀ ਨੂੰ ਪ੍ਰਭਾਵਹੀਣ ਕਰਨ ਲਈ ਚੀਫ ਖ਼ਾਲਸਾ ਦੀਵਾਨ, ਦਰਬਾਰ ਸਾਹਿਬ ਦੇ ਪ੍ਰਬੰਧ ਲਈ ਇਕ ਵੱਖਰੀ ਕਮੇਟੀ ਦੇ ਰੂਪ ਵਿਚ ਜਥੇਬੰਦੀਆਂ ਦਾ ਗਠਨ ਕੀਤਾ, ਪਰ ਗੁਰਦੁਆਰਾ ਸੁਧਾਰ ਲਹਿਰ, ਸਿੰਘ ਸਭਾ ਲਹਿਰ ਤੇ ਜੁਝਾਰੂ ਰਣਨੀਤੀ ਕਾਰਨ ਆਮ ਸਿੱਖਾਂ ਵਿਚ ਇਸ ਦੀ ਮਕਬੂਲੀਅਤ ਵਧਦੀ ਗਈ ਅਤੇ ਅਕਾਲੀ ਦਲ ਨੇ ਜਥੇਬੰਦਕ ਰੂਪ ਵਿਚ ਧਰਮ ਦੇ ਖੇਤਰ ਦੇ ਨਾਲ ਸਿੱਖ ਰਾਜਨੀਤੀ 'ਤੇ ਵੀ ਪ੍ਰਭਾਵ ਸਥਾਪਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਪੰਜਾਬ ਦੀ ਰਾਜਨੀਤੀ ਵਿਚ ਬਰਤਾਨਵੀ ਧਰਮ ਦੇ ਆਧਾਰ 'ਤੇ ਅਨੁਪਾਤ ਦੀ ਨੀਤੀ ਵਿਚ ਚੱਲਦਿਆਂ ਮੁਸਲਮਾਨਾਂ ਤੇ ਹਿੰਦੂਆਂ ਨਾਲ ਸਿੱਖਾਂ ਦੀ ਵੱਖਰੀ ਪਛਾਣ ਸਥਾਪਤ ਕਰਕੇ ਵਿਸ਼ੇਸ਼ ਸਥਾਨ ਲਈ ਸੰਘਰਸ਼ ਕਰਨਾ ਆਰੰਭ ਕੀਤਾ। ਮੁੱਢਲੇ ਪੱਧਰ 'ਤੇ ਹੀ ਵੱਡੀਆਂ ਪ੍ਰਾਪਤੀਆਂ ਕਾਰਨ ਇਸਨੇ ਪੰਜਾਬ ਦੀ ਰਾਜਨੀਤੀ ਵਿਚ ਆਪਣਾ ਦਖ਼ਲ ਸਥਾਪਤ ਕੀਤਾ।

ਸ਼੍ਰੋਮਣੀ ਅਕਾਲੀ ਦਲ ਨੇ ਆਰੰਭਲੇ ਪੜਾਅ 'ਤੇ ਹੀ ਸਾਮਰਾਜ ਵਿਰੋਧੀ ਪੈਂਤੜਾ ਅਪਣਾਇਆ ਅਤੇ ਪੰਜਾਬ ਦੀ ਸਿਆਸਤ ਵਿਚ ਜੁਝਾਰੂ ਰੂਪ ਦਿਖਾਉਣਾ ਆਰੰਭ ਕੀਤਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਰਾਜਨੀਤਕ ਸਾਂਝ ਪਾਉਣੀ ਸ਼ੁਰੂ ਕੀਤੀ, ਪਰ ਇਸ ਪ੍ਰਭਾਵ ਵਿਚ ਵੀ ਨਿਵੇਕਲੀ ਰਾਜਨੀਤਕ ਸੋਚ ਅਤੇ ਸੁਤੰਤਰ ਰਣਨੀਤੀ ਹੀ ਅਪਣਾਈ ਗਈ। ਇਹ ਕਾਂਗਰਸ ਦੇ ਬਰਤਾਨਵੀ ਸਮਾਜ ਨਾਲ ਸੰਘਰਸ਼ ਦੇ ਭਾਈਵਾਲ ਤਾਂ ਬਣੇ, ਪਰ ਪੰਥਕ ਸੋਚ ਨੂੰ ਹੀ ਰਾਜਨੀਤੀ ਦੇ ਕੇਂਦਰੀ ਧੁਰੇ ਵਜੋਂ ਹਥਿਆਰ ਦੇ ਰੂਪ ਵਿਚ ਪ੍ਰਯੋਗ ਵਿਚ ਲਿਆਂਦਾ। ਪੰਜਾਬ ਦੀ ਰਾਜਨੀਤੀ ਵਿਚ ਇਹ ਹੀ ਵੱਖਰੀ ਸੋਚ ਪ੍ਰਵਾਨ ਕੀਤੀ ਗਈ।

ਸਿੱਖ ਘੱਟਗਿਣਤੀ ਹੋਣ ਦੇ ਬਾਵਜੂਦ ਪੰਜਾਬ ਵਿਚ ਪ੍ਰਭਾਵਸ਼ਾਲੀ ਰਾਜਨੀਤਕ ਜਥੇਬੰਦੀ ਦੇ ਰੂਪ ਵਿਚ ਉੱਭਰੇ ਜਿਸਦੀ ਅਗਵਾਈ ਆਰੰਭਲੇ ਪੜਾਵਾਂ 'ਤੇ ਸ. ਸ਼ੇਰ ਸਿੰਘ, ਸ. ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ। ਪੰਜਾਬ ਦੀ ਰਾਜਨੀਤੀ ਵਿਚ ਵੀਹਵੀਂ ਸਦੀ ਦੇ ਚੌਥੇ ਦਹਾਕੇ ਨੂੰ ਵਿਸ਼ੇਸ਼ ਪ੍ਰਸੰਗ ਵਿਚ ਦੇਖਣਾ ਬਣਦਾ ਹੈ ਜਦੋਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਦੀ ਨਿਰੋਲ ਰਾਜਨੀਤਕ ਜਥੇਬੰਦੀ ਦੇ ਰੂਪ ਵਿਚ ਆਪਣਾ ਸਥਾਨ ਗ੍ਰਹਿਣ ਕੀਤਾ। ਇਸ ਸਮੇਂ ਵਿਚ ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੇ ਹਿੱਤਾਂ ਦੀ ਪਹਿਰੇਦਾਰ ਜਥੇਬੰਦੀ ਦੇ ਰੂਪ ਵਿਚ ਸਥਾਪਤ ਹੋ ਗਈ ਅਤੇ ਬਰਤਾਨਵੀ ਭਾਰਤੀ ਰਾਜਨੀਤੀ ਵਿਚ ਘੱਟਗਿਣਤੀ ਹੋਣ ਦੇ ਬਾਵਜੂਦ ਸ਼ਲਾਘਾਯੋਗ ਸਥਾਨ ਗ੍ਰਹਿਣ ਕਰਨ ਵਿਚ ਸਫਲ ਹੋਈ। ਇਸ ਤਰ੍ਹਾਂ ਦੇਸ਼ ਦੀ ਆਜ਼ਾਦੀ ਦੀ ਲਹਿਰ ਦਾ ਮਹਤੱਵਪੂਰਨ ਅੰਗ ਬਣ ਕੇ ਪੰਜਾਬ ਦੀ ਰਾਜਨੀਤਕ ਉਥਲ-ਪੁਥਲ ਵਿਚ ਨਿਵੇਕਲਾ ਸਥਾਨ ਪ੍ਰਾਪਤ ਕੀਤਾ ਅਤੇ ਦੇਸ਼ ਦੀ ਵੰਡ ਸਮੇਂ ਭਾਰਤ ਵਿਚ ਹਿੰਦੂਆਂ ਤੇ ਮੁਸਲਮਾਨਾਂ ਦੇ ਨਾਲ-ਨਾਲ ਹੀ ਤੀਜੀ ਧਿਰ ਵਜੋਂ ਸਥਾਨ ਹਾਸਲ ਕੀਤਾ। ਇਸ ਤਰ੍ਹਾਂ ਪੰਜਾਬ ਦੀ ਰਾਜਨੀਤੀ ਵਿਚ ਪੰਥਕ ਹਿੱਤਾਂ ਕਾਰਨ ਅਕਾਲੀ ਦਲ ਨੇ ਆਪਣੀ ਪਛਾਣ ਸਥਾਪਤ ਕੀਤੀ।

ਦੇਸ਼ ਦੀ ਵੰਡ ਉਪਰੰਤ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਰਾਜਨੀਤਕ ਪੈਂਤੜੇਬਾਜ਼ੀ ਕਾਰਨ ਪੰਥਕ ਪਾਰਟੀ ਵੱਜੋਂ ਸਿੱਖਾਂ ਵਿਚ ਆਪਣੀ ਪਕੜ ਵਧੇਰੇ ਮਜ਼ਬੂਤ ਕੀਤੀ ਤੇ ਵੱਖ-ਵੱਖ ਪੜਾਵਾਂ ਵਿਚੋਂ ਹੁੰਦੀ ਹੋਈ 1964 ਵਿਚ ਪੰਜਾਬੀ ਸੂਬੇ ਵਜੋਂ ਵੱਖਰਾ ਪ੍ਰਾਂਤ ਪ੍ਰਾਪਤ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ। ਦਰਅਸਲ, ਇਸ ਵੱਖਰੇ ਪ੍ਰਾਂਤ ਦੀ ਮੰਗ ਪਿੱਛੇ ਭਾਸ਼ਾ ਦੇ ਨਾਂ ਹੇਠ ਪ੍ਰਾਂਤ ਸਥਾਪਿਤ ਕਰਨਾ ਸੀ ਜਿਸ ਵਿਚ ਸਿੱਖਾਂ ਦਾ ਪ੍ਰਭਾਵਸ਼ਾਲੀ ਸਥਾਨ ਕਾਇਮ ਹੋਵੇ। ਇਹ ਪੰਜਾਬ ਦੀ ਰਾਜਨੀਤੀ ਵਿਚ ਮੀਲ ਪੱਥਰ ਸਾਬਤ ਹੋਇਆ ਜਿਸ ਨਾਲ ਪੰਜਾਬ ਦੀ ਰਾਜਨੀਤੀ ਨੂੰ ਸਿੱਖ ਰਾਜਨੀਤੀ ਵਿਚ ਬਦਲਦੇ ਰੂਪ ਵਿਚ ਦੇਖਿਆ ਜਾਣ ਲੱਗਾ। ਇਸ ਤਰ੍ਹਾਂ ਪੰਜਾਬੀ ਸੂਬੇ ਦਾ ਗਠਨ ਹੋਣ 'ਤੇ ਪੰਜਾਬ ਦੀ ਰਾਜਨੀਤੀ ਨੇ ਪੰਥਕ ਰਾਜਨੀਤੀ ਦੇ ਰੂਪ ਵਿਚ ਕਰਵਟ ਲਈ ਤੇ ਇਸ ਕਰਵਟ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪ੍ਰਭਾਵਸ਼ਾਲੀ ਰਾਜਨੀਤਕ ਪਾਰਟੀ ਵਜੋਂ ਉੱਭਰਦੇ ਦੇਖਿਆ। ਇਸ ਸਮੇਂ ਵਿਚ ਸੰਤ ਫਤਿਹ ਸਿੰਘ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਪੰਥਕ ਸੋਚ ਦੇ ਨਾਲ ਨਾਲ ਰਾਜਨੀਤਕ ਸ਼ਕਤੀ ਦੀ ਲਾਲਸਾ ਵੀ ਪੈਦਾ ਹੋਣੀ ਸ਼ੁਰੂ ਹੋ ਗਈ। ਇਸ ਪ੍ਰਕਿਰਿਆ ਨਾਲ ਹੌਲੀ ਹੌਲੀ ਸ਼੍ਰੋਮਣੀ ਅਕਾਲੀ ਦਲ ਵਿਚ ਪੰਥਕ ਹਿੱਤਾਂ ਤੋਂ ਕਿਤੇ ਕਿਤੇ ਰਾਜਸੀ ਹਿੱਤ ਭਾਰੂ ਹੋਣ ਦੇ ਸੰਕੇਤ ਪ੍ਰਾਪਤ ਹੋਣੇ ਸ਼ੁਰੂ ਹੋ ਗਏ, ਪਰ ਸ਼੍ਰੋਮਣੀ ਅਕਾਲੀ ਦਲ ਨਿਰੰਤਰ ਤੌਰ 'ਤੇ ਪੰਥਕ ਹਿੱਤਾਂ ਦੀ ਰਾਖੀ ਵੱਜੋਂ ਹੀ ਸਥਾਪਤ ਹੋਈ ਜਿਸ ਦਾ ਇਕ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਅਕਾਲੀ ਦਲ ਦੇ ਕਬਜ਼ੇ ਦੇ ਰੂਪ ਵਿਚ ਹੀ ਦੇਖਿਆ ਜਾ ਸਕਦਾ ਹੈ। ਇਸ ਪ੍ਰਕਿਰਿਆ ਵਿਚ ਜਸਟਿਸ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ ਤੇ ਪ੍ਰਕਾਸ਼ ਸਿੰਘ ਬਾਦਲ ਨੂੰ ਬਤੌਰ ਮੁੱਖ ਮੰਤਰੀ ਸਿੱਖ ਰਾਜਨੀਤਕ ਲੀਡਰ ਦੇ ਰੂਪ ਵਿਚ ਦੇਖਿਆ ਜਾਣ ਲੱਗਿਆ, ਪਰ ਅਕਾਲੀ ਦਲ ਨੇ ਪੰਥਕ ਹਿੱਤਾਂ ਨੂੰ ਰਾਜਨੀਤਕ ਸ਼ਕਤੀ ਪ੍ਰਾਪਤੀ ਦੇ ਬਾਵਜੂਦ ਇਕ ਸੰਤੁਲਨ ਪ੍ਰਦਾਨ ਕਰੀ ਰੱਖਿਆ।

ਪੰਜਾਬ ਦੀ ਰਾਜਨੀਤੀ ਵਿਚ ਇਸ ਸਮੇਂ ਪੰਥ ਤੇ ਸ਼੍ਰੋਮਣੀ ਅਕਾਲੀ ਦਲ ਆਪਣੀ ਪਛਾਣ ਵਿਚ ਸਮਾਨਅਰਥੀ ਦੇ ਰੂਪ ਵਿਚ ਹੀ ਦੇਖੇ ਜਾਂਦੇ ਹਨ। ਇਸ ਸੰਤੁਲਨ ਨੇ ਅਕਾਲੀ ਦਲ ਦਾ ਪ੍ਰਭਾਵਸ਼ਾਲੀ ਰੂਪ ਸਥਾਪਤ ਕਰ ਦਿੱਤਾ। ਇਹ ਸੰਤੁਲਨ ਕਾਇਮ ਕਰਨ ਵਿਚ ਅਕਾਲੀ ਦਲ ਵਿਚ ਧਾਰਮਿਕ ਲੀਡਰਸ਼ਿਪ ਤੇ ਰਾਜਨੀਤਕ ਲੀਡਰਸ਼ਿਪ ਦੇ ਰੂਪ ਵਿਚ ਦੋ ਧੁਰੇ ਸਥਾਪਤ ਹੋਣੇ ਮੰਨੇ ਜਾ ਸਕਦੇ ਹਨ। ਜਿਸ ਵਿਚ ਪ੍ਰਕਾਸ਼ ਸਿੰਘ ਬਾਦਲ ਤੇ ਗੁਰਚਰਨ ਸਿੰਘ ਟੌਹੜਾ ਨੂੰ ਦੇਖਿਆ ਜਾ ਸਕਦਾ ਹੈ। ਇਸ ਸਮੇਂ ਵਿਚ ਹੀ ਇਨ੍ਹਾਂ ਦੋਹਾਂ ਲੀਡਰਾਂ ਦੀ ਕਾਰਜਗੁਜ਼ਾਰੀ 'ਤੇ ਨਜ਼ਰ ਰੱਖਣ ਲਈ ਬਰਾਬਰ ਦੀ ਲੀਡਰਸ਼ਿਪ ਦਾ ਉੱਭਰਨਾ ਵੀ ਜ਼ਰੂਰੀ ਸੀ ਜਿਸ ਵਿਚ ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ ਆਦਿ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ, ਪਰ ਇਹ ਸੰਤੁਲਨ ਉਸ ਸਮੇਂ ਵਿਗੜਨਾ ਆਰੰਭ ਹੋਇਆ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪਕੜ ਵਧੇਰੇ ਮਜ਼ਬੂਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਆਪਣੇ ਪ੍ਰਭਾਵ ਨੂੰ ਵਧਾਉਣ ਦੀ ਪ੍ਰਕਿਰਿਆ ਆਰੰਭ ਦਿੱਤੀ ਤੇ ਬਦਕਿਸਮਤੀ ਨਾਲ ਜਥੇਦਾਰ ਟੌਹੜਾ ਵੀ ਰਾਜਨੀਤਕ ਲਾਲਸਾ ਦਾ ਸ਼ਿਕਾਰ ਹੋ ਕੇ ਰਾਜਸੀ ਸ਼ਕਤੀ ਦੇ ਹਿੱਸੇਦਾਰ ਬਣਨੇ ਆਰੰਭ ਹੋ ਗਏ। ਇਸ ਸਮੇਂ ਸ. ਬਾਦਲ ਦਾ ਧਾਰਮਿਕ ਮਸਲਿਆਂ ਵਿਚ ਪ੍ਰਭਾਵ ਵਧਦਾ ਗਿਆ, ਪਰ ਜਥੇਦਾਰ ਟੌਹੜਾ ਦੀ ਮੌਤ ਨਾਲ ਸ. ਬਾਦਲ ਦਾ ਸਿੱਖ ਰਾਜਨੀਤੀ ਵਿਚ ਧਾਰਮਿਕ ਤੇ ਰਾਜਨੀਤਕ ਪ੍ਰਭੂਤਵ ਕਾਇਮ ਹੋ ਗਿਆ। ਇਹ ਉਹ ਸਥਿਤੀ ਸੀ ਜਿਸ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਧਾਰਮਿਕ ਹਿੱਤਾਂ ਦੀ ਥਾਂ ਰਾਜਨੀਤਕ ਹਿੱਤਾਂ ਲਈ ਪਹਿਲ ਦੇਣੀ ਸ਼ੁਰੂ ਕਰ ਦਿੱਤੀ ਅਤੇ ਮੋਗੇ ਦੀ ਅਕਾਲੀ ਕਾਨਫਰੰਸ ਵਿਚ ਅਕਾਲੀ ਦਲ ਨੂੰ ਪੰਥਕ ਰਾਜਨੀਤਕ ਪਾਰਟੀ ਦੀ ਥਾਂ ਪੰਜਾਬ ਪਾਰਟੀ ਦੇ ਰੂਪ ਵਿਚ ਪੇਸ਼ ਕੀਤਾ ਅਤੇ ਪਰਿਵਾਰਵਾਦ, ਪਦਾਰਥਵਾਦ ਤੇ ਹਿੰਦੂਤਵ ਸੋਚ ਨਾਲ ਭਾਈਵਾਲੀ ਕਰ ਲਈ। ਵੋਟ ਦੀ ਰਾਜਨੀਤੀ ਵਿਚ ਪੰਥਕ ਹਿੱਤਾਂ ਨਾਲ ਹਰ ਪ੍ਰਕਾਰ ਦਾ ਖਿਲਵਾੜ ਕਰਦੇ ਹੋਏ ਡੇਰਾਵਾਦ ਨੂੰ ਪ੍ਰਫੁਲਿੱਤ ਕਰਨ ਵਿਚ ਸਹਾਈ ਹੋਇਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪ੍ਰਭਾਵਹੀਣ ਬਣਾ ਦਿੱਤਾ ਤੇ ਗੁਰਦੁਆਰਿਆਂ ਤੇ ਤਖ਼ਤਾਂ ਦੇ ਪ੍ਰਬੰਧ ਨੂੰ ਰਾਜਨੀਤੀ ਅਧੀਨ ਕਰ ਦਿੱਤਾ। ਇਸ ਪ੍ਰਕਿਰਿਆ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਚਿਹਰਾ ਪੰਥਕ ਨਾ ਰਹਿ ਕੇ ਇਕ ਧੜੇ ਦੇ ਰੂਪ ਵਿਚ ਨਜ਼ਰ ਆਉਣ ਲੱਗਾ ਤੇ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਦੇ ਹੋਏ, ਭ੍ਰਿਸ਼ਟਾਚਾਰੀ ਤੇ ਪੰਥਕ ਹਿੱਤਾਂ ਦੇ ਉਲਟ ਜਾਣ ਵਾਲੇ ਦੇ ਰੂਪ ਵਿਚ ਦੇਖਿਆ ਗਿਆ।

ਸ. ਪ੍ਰਕਾਸ਼ ਸਿੰਘ ਬਾਦਲ ਦੇ ਪਿਛਲੇ ਦਸ ਸਾਲਾਂ ਦੇ ਮੁੱਖ ਮੰਤਰੀ ਦੇ ਅਹੁਦੇ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਵਿਚ ਸਭ ਤੋਂ ਬੁਰਾ ਸਮਾਂ ਕਿਹਾ ਜਾ ਸਕਦਾ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਦਾ ਪਤਨ ਸ਼ੁਰੂ ਹੋ ਗਿਆ ਤੇ ਡੇਰਾ ਸਾਧ ਦੀ ਮੁਆਫ਼ੀ ਅਤੇ ਬਰਗਾੜੀ ਦੀ ਘਟਨਾ ਨੇ ਅਕਾਲੀ ਦਲ ਨੂੰ ਪੰਜਾਬ ਦੀ ਸਿਆਸਤ ਵਿਚ ਹਾਸ਼ੀਏ 'ਤੇ ਲਿਆਂਦਾ। ਇਸ ਸਥਿਤੀ ਵਿਚ ਭਾਜਪਾ ਨਾਲ ਭਾਈਵਾਲੀ ਨਾਲ ਕੇਂਦਰ ਵਿਚ ਨੂੰਹ ਦੇ ਕੇਂਦਰੀ ਕੈਬਨਿਟ ਮੰਤਰੀ ਬਣਨ ਨਾਲ ਹਰ ਪ੍ਰਕਾਰ ਦੇ ਸਮਝੌਤਿਆਂ ਨੇ ਅਕਾਲੀ ਦਲ ਨੂੰ ਸਿੱਖ ਮਨਾਂ ਵਿਚੋਂ ਖਾਰਜ ਕਰਨਾ ਆਰੰਭ ਕਰ ਦਿੱਤਾ। ਇਸ ਤਰ੍ਹਾਂ ਅਕਾਲੀ ਦਲ ਪੰਥਕ ਹਿੱਤਾਂ ਦੀ ਥਾਂ ਹਿੰਦੂਤਵੀ ਰਾਜਸੀ ਹਿੱਤਾਂ ਦੀ ਪੂਰਤੀ ਕਰਨ ਵਾਲੀ ਪਾਰਟੀ ਦੇ ਰੂਪ ਵਿਚ ਪੇਸ਼ ਹੋਇਆ ਅਤੇ ਬਾਦਲ ਤੇ ਮਜੀਠੀਆ ਪਰਿਵਾਰ ਦੀ ਪਾਰਟੀ ਹੀ ਬਣ ਕੇ ਰਹਿ ਗਈ।

ਪੰਥਕ ਮਨਾਂ ਵਿਚੋਂ ਗਾਇਬ ਹੋ ਰਹੀ ਇਸ ਪਾਰਟੀ ਨੂੰ ਵੱਡਾ ਧੱਕਾ ਉਸ ਸਮੇਂ ਲੱਗਾ ਜਦੋਂ ਕੇਂਦਰੀ ਮੰਤਰੀ ਮੰਡਲ ਵਿਚ ਰਹਿੰਦਿਆਂ ਭਾਜਪਾ ਦੇ ਏਜੰਡੇ ਨੂੰ ਅੱਖਾਂ ਮੀਟ ਕੇ ਪ੍ਰਵਾਨ ਕਰਦੀ ਹੋਈ ਬੀਬਾ ਹਰਸਿਮਰਤ ਕੌਰ ਬਾਦਲ ਜੰਮੂ ਕਸ਼ਮੀਰ ਦੀ ਭਾਸ਼ਾ ਨੀਤੀ ਵਿਚ ਪੰਜਾਬੀ ਨੂੰ ਕੱਢਣ ਲਈ ਅਤੇ ਕਿਸਾਨ ਵਿਰੋਧੀ ਆਰਡੀਨੈਂਸਾਂ ਨੂੰ ਪਾਸ ਕਰਨ ਵਿਚ ਹਿੱਸੇਦਾਰ ਹੀ ਨਹੀਂ ਬਣੀ, ਸਗੋਂ ਸਮਰਥਕ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ। ਇਸ ਮੌਕੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਆਰਡੀਨੈਂਸ ਦੇ ਹੱਕ ਵਿਚ ਭੁਗਤਣ ਨਾਲ ਅਕਾਲੀ ਦਲ ਪੰਜਾਬ ਦੀ ਕਿਸਾਨੀ ਦੇ ਵਿਰੋਧ ਵਿਚ ਖੜ੍ਹੀ ਨਜ਼ਰ ਆਈ। ਅਕਾਲੀ ਦਲ ਨੇ ਅੰਤਲੇ ਦਿਨਾਂ ਵਿਚ ਇਸ ਸਥਿਤੀ ਨੂੰ ਭਾਂਪਦੇ ਹੋਏ ਭਾਵੇਂ ਹਰਸਿਮਰਤ ਬਾਦਲ ਨੂੰ ਕੇਂਦਰੀ ਵਜ਼ਾਰਤ ਵਿਚੋਂ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ, ਪਰ ਅਸਤੀਫ਼ਾ ਦੇਣ ਦੇ ਬਾਵਜੂਦ ਕਿਸਾਨ ਵਿਰੋਧੀ ਬਿੱਲਾਂ ਦਾ ਅਸਿੱਧੇ ਰੂਪ ਵਿਚ ਸਮਰਥਨ ਕਰਨਾ ਹੋਰ ਵੀ ਨੁਕਸਾਨਦੇਹ ਸਾਬਤ ਹੋਇਆ। ਇਸ ਘਟਨਾ ਕਾਰਨ ਜਿੱਥੇ ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲਾਂ ਪੰਥਕ ਮਾਨਸਿਕਤਾ ਵਿਚੋਂ ਬਾਹਰ ਕਰਨਾ ਸ਼ੁਰੂ ਕੀਤਾ ਸੀ ਉੱਥੇ ਕਿਸਾਨ ਵਿਰੋਧੀ ਬਿਲਾਂ ਦੇ ਸਮਰਥਨ ਨੇ ਕਿਸਾਨੀ ਮਾਨਸਿਕਤਾ ਵਿਚੋਂ ਵੀ ਮਨਫ਼ੀ ਕਰ ਦਿੱਤਾ। ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ।

ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਤੇ ਸਿਧਾਂਤ ਦਾ ਆਧਾਰ ਸਿੱਖਾਂ ਦੀ ਧਾਰਮਿਕ ਮਾਨਸਿਕਤਾ ਤੇ ਕਿਸਾਨੀ ਮਾਨਸਿਕਤਾ ਹੀ ਹੈ। ਅਕਾਲੀ ਦਲ ਨੇ ਹਮੇਸ਼ਾਂ ਪੰਥਕ ਹਿੱਤਾਂ ਤੇ ਕਿਸਾਨੀ ਹਿੱਤਾਂ ਦੇ ਸਮਰਥਨ ਵਿਚ ਹੀ ਸੰਘਰਸ਼ ਕੀਤੇ ਹਨ, ਪਰ ਇਤਿਹਾਸ ਦੇ ਇਸ ਪੜਾਅ 'ਤੇ ਅਕਾਲੀ ਦਲ ਨੇ ਦੋਵੇਂ ਧਿਰਾਂ ਨੂੰ ਵਿਸਾਰ ਕੇ ਨਿੱਜੀ ਹਿੱਤਾਂ ਨੂੰ ਪਹਿਲ ਦੇ ਕੇ ਅਕਾਲੀ ਦਲ ਦੇ ਇਤਿਹਾਸ ਨੂੰ ਦਾਗ਼ਦਾਰ ਕਰ ਦਿੱਤਾ ਹੈ।

ਇਸ ਪਿਛੋਕੜ ਵਿਚ ਹੀ ਮੌਜੂਦਾ ਸਥਿਤੀ ਵਿਚ ਧਾਰਮਿਕ ਖੇਤਰ ਵਿਚ ਡੇਰਾ ਸੱਚਾ ਸੌਦਾ, ਬਰਗਾੜੀ, ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਗਾਇਬ ਹੋਣ ਦੀ ਸਥਿਤੀ ਤੇ ਇਸ ਪ੍ਰਤੀ ਅਕਾਲੀ ਦਲ ਦੀ ਰਣਨੀਤੀ ਦਾ ਪੂਰੀ ਤਰ੍ਹਾਂ ਫੇਲ੍ਹ ਹੋਣਾ ਅਤੇ ਰਾਜਨੀਤਕ ਪੱਧਰ 'ਤੇ ਹਿੰਦੂਤਵੀ ਸੋਚ ਦੇ ਸਮਰਥਕ ਦੇ ਰੂਪ ਵਿਚ ਦੇਖਿਆ ਜਾਣਾ ਤੇ ਕਿਸਾਨੀ ਦੇ ਹਿੱਤਾਂ ਦੀ ਰਾਖੀ ਕਰਨ ਵਿਚ ਅਸਫਲ ਹੋਣਾ ਹੀ ਅਸਲ ਵਿਚ ਪੰਜਾਬ ਦੇ ਸੰਕਟ ਅਤੇ ਪੰਥਕ ਸੰਕਟ ਦੇ ਰੂਪ ਵਿਚ ਦੇਖਿਆ ਜਾਣਾ ਚਾਹੀਦਾ ਹੈ। ਮੌਜੂਦਾ ਪੰਜਾਬ ਦੀ ਸਥਿਤੀ ਵਿਚੋਂ ਪੰਥਕ ਸੋਚ ਨੂੰ ਮਨਫ਼ੀ ਕਰਨ ਦੀ ਰੁਚੀ ਨਾਲ ਸਥਿਤੀ ਵਿਚ ਸੁਧਾਰ ਨਹੀਂ ਹੋ ਸਕਦਾ। ਪੰਜਾਬ ਦੇ ਮੌਜੂਦਾ ਸੰਕਟ ਨੂੰ ਸਿੱਖ ਸੰਕਟ ਦੇ ਰੂਪ ਵਿਚ ਦੇਖਣਾ ਹੀ ਸਹੀ ਪਰਿਪੇਖ ਹੈ।

*ਡਾ. ਸ. ਪ. ਸਿੰਘ*

# Punjab CM Amarinder Singh holds sit-in protest against farm bills at Bhagat Singh's village

Punjab chief minister Captain Amarinder Singh held a sit-in protest against the farm laws at Khatkar Kalan in Shaheed Bhagat



Singh Nagar. He also paid tribute to Bhagat Singh on the latter's birth anniversary and said we were indebted to his "supreme sacrifice". Khatkar Kalan is the ancestral village of the freedom fighter.

The three farm bills - The Farmers Produce Trade and Commerce (Promotion and Facilitation) Act, 2020, The Farmers (Empowerment and Protection) Agreement on Price Assurance and Farm Service Act, 2020 and The Essential Commodities (Amendment) Act, 2020 - have been passed by Parliament and received the assent of President Ram Nath Kovind on Sunday.

Captain Amarinder Singh said that most farmers in Punjab were marginal and they will be severely impacted by these legislations.

"I along with my colleagues from @INCPunjab held a protest against Centre's Anti-Farmer Laws at Khatkar Kalan in SBS Nagar. Most of our farmers are small & marginal who will be severely impacted by these legislations. We stand by Punjab's farmers & will do everything to oppose it," Singh tweeted.

In Punjab, Haryana and other parts of the country, protests against the three bills have been going on for the past few weeks. In New Delhi, Congress's youth wing members on Monday set a tractor on fire at Rajpath in protests against the law.

"Our country thrives on the blood and sweat of our farmers. From fighting the British to feeding the entire nation, our farmers are the nation's backbone. On [freedom fighter] #BhagatSingh's birth anniversary Youth Congress set ablaze a tractor in protest against the govt's anti-farmer bills," the Youth Congress said in a tweet.

Meanwhile, according to a Congress leader, former party president Rahul Gandhi is likely to lead a protest in Punjab this week. He is also expected to address a rally. "After Punjab, he may join the protesting farmers in Haryana. But we are not sure if the BJP government in Haryana will allow him to enter the state," said the leader quoted above.

# Delhi airport to resume flight operations at T2 terminal from October

The Delhi airport will resume flight operations at the T2 terminal from October 1, said its operator DIAL on Monday.

The airport has been operating flights from the T3 terminal only since March 23, when flight operations in India were curtailed drastically due to the coronavirus pandemic.



"The resumption of operations at T2 will be with 96 air traffic movements (48 departures and 48 arrivals) per day and increase progressively up to 180 by end of October," said a DIAL press release.

From October 1, IndiGo will operate all its flights with call signs between 6E2000 and 6E2999 from the T2 terminal. Moreover, entire flight operations of GoAir will be conducted from the T2 from October 1, said the Delhi International Airport Limited (DIAL).

"About 27 counters – 11 for GoAir and 16 for IndiGo - have been created to cater to passengers of respective flights," the DIAL noted.

India suspended scheduled international passenger flights from March 23 and scheduled domestic passenger flights from March 25 due to the pandemic. However, medical evacuation flights and special flights permitted by the aviation regulator DGCA have been allowed to operate.

Also read: Mumbai likely to cross 0.2 million Covid-19 cases today

India resumed scheduled domestic passenger flights from May 25 but in a curtailed manner. Airlines are allowed to operate not more than 60 per cent of pre-Covid domestic flights currently.

Scheduled international passenger flights continue to remain suspended in the country. However, special international passenger flights have been operating under the Vande Bharat mission since May and under the air bubble arrangements formed with various other countries since July.

# Brahmos, Akash and Nirbhay: India rolls out its missiles to counter Chinese threat

The 500 km-range Brahmos cruise missile, 800 km-range Nirbhay cruise missiles along with Akash surface-to-air missile (SAM) with a capability to target aerial threats 40 km away are at the core of India's stand-off weapon deterrence to People's Liberation Army (PLA) missile deployment in Xinjiang and Tibet regions.

While the PLA's western theatre command has deployed stand-off weapons up to 2,000 km range and long-range SAMs in Tibet and Xinjiang after the Ladakh stand-off started, people familiar with the matter told Hindustan Times that the supersonic Brahmos, subsonic Nirbhay as well as Akash have been deployed to counter them by India in the worst-case scenario. The Chinese deployment is not limited to occupied Aksai Chin but is located in depth positions from Kashgar, Hotan, Lhasa and Nyingchi along the 3,488 km Line of Actual Control (LAC).

India's main stay in the stand-




off weapons is the Brahmos air-to-air and air-to-surface cruise missile with its 300 kilogramme warhead which can take care of airstrips in Tibet and Xinjiang, or a warship in Indian Ocean.

The Brahmos missile has been deployed in sufficient numbers in the Ladakh sector with the option to deliver the stand-off weapon from a Su-30 MKI fighter. Besides, the Brahmos can be used to create choke points in the Indian Ocean using the Car Nicobar air base in India's island territories. The IAF's Car Nicobar air base is the advanced landing ground for SU-30 MKI's which can use air-to-air refuellers to protect against any PLA warship threat coming from the Strait of Malacca to Sunda Strait across Indonesia, a senior government official said.

While a limited number of Nirbhay subsonic missiles have been produced and deployed, the stand-off weapon system has a range that can reach up to 1,000 km, and has both sea skimming and loitering capability. This means that the missile is capable of flying between 100 metres to four km from ground and pick up the target before engaging it. The Nirbhay missile has only a surface-to-surface version.

The third stand-off weapon used by Indian military is the Akash SAM, which has also been deployed in sufficient numbers to counter any PLA aircraft intrusion across the LAC in Ladakh sector. The PLA Air Force fighter activity in occupied Aksai Chin continues albeit at a reduced level. However, there is concern over PLA air activity across the Daulet Beg Oldi sector near Karakoram pass.

The Akash missile with its three-dimensional Rajendra, a passive electronically scanned array radar that has the capacity to track 64 targets at a time and simultaneously engage 12 of them. The missile has the capacity to engage all aerial targets including fighter planes, cruise missiles and ballistic missiles.

# Karnataka bandh: KSRTC buses ply in Mangaluru despite bandh called by farmers

Karnataka State Road Transport Corporation (KSRTC) buses continue to ply on roads in Mangaluru despite a statewide bandh being observed by various farmers' organisations on Monday against the amendments to the agricultural produce market committee (APMC), land reforms ordinances and labour laws introduced by the B S Yediyurappa government.

Similarly, normal traffic movement was seen in Shivamogga. However, the police force has been deployed in Kalaburagi in the wake of a statewide bandh.



While protesters tried to stop a bus in Hubli by blocking road amid a statewide bandh today.

However, passengers arrived at Majestic Bus Station, Bengaluru to board a bus.

Meanwhile, All India Kisan Sabha and other organisations protest in front of Hemavathi statue in Hassan and held a bike rally.

On the other hand, some farmers' organisations offer flowers to shopkeepers in Hubli, requesting them to support the statewide bandh.

The bandh has been called in to protest against Farm Bills that has now become acts, land reform ordinances, amendments to Agricultural Produce Market Committee (APMC) and labour laws.

The Bills that have now become acts are- The Farmers Produce Trade and Commerce (Promotion and Facilitation) Act, 2020, The Farmers (Empowerment and Protection) Agreement on Price Assurance and Farm Service Act, 2020 and The Essential Commodities (Amendment) Act, 2020.

On September 27, Deputy Chief Minister Laxman Savadi warned that acts of damaging public property, if any, will be dealt with strictly and assured the public that there will be no disruption in transport services in the state.

As per media reports, on September 22, the state government tabled "The Karnataka Land Reforms (Second Amendment) Bill, 2020" in the assembly, to replace the Karnataka Land Reforms (Amendment) Ordinance, 2030. The new bill will further ease restrictions on buying agricultural land, and ceiling on the extent of land one can hold.

# Marble, granite to adorn Rs 800-cr Kashi Vishwanath Corridor

The Kashi Vishwanath Corridor, an expansion and beautification project for the Kashi Vishwanath temple which will ensure visibility of the temple directly from the ghat, will be embellished with Baleshwar stones, Makrana marble, Kota granite and Mandana stones, officials said Monday.



The construction of the corridor is underway across an area of 5 lakh sq ft area. A number of facilities for the devotees are coming up.

The Public Works Department (PWD) is the executing agency of the Rs 800-crore project.

"Construction work of the KV Corridor is in progress. Its structure is being built. Red sandstone of Chunar is being used in making the pillars," said Sanjay Gore, executive engineer of the PWD.

Baleshwar stone will also be used in the Kashi Vishwanath corridor after four or five months, when the wall of the corridor takes shape.

Likewise, Makrana marble will be required for the flooring of the corridor while the designing of the corridor would be done with Kota granite. Mandana stone, which looks like the red sandstone of Chunar, would be used on the stairs to be built at the ghat, said officials.

Stones of various sorts will add to the grandeur to the corridor that has started taking shape gradually with work on at full pace.

"At present, 900 workers are engaged in the central government's flagship project for Varanasi. The workforce will be increased to 2,500 in October," said Deepak Agarwal, divisional commissioner.

He said officials of Shri Kashi Vishwanath Special Area Development Board and PWD would ensure completion of the project by the deadline of October 2021.

As many as 290 buildings were acquired and demolished to create space for the project.

The Adityanath government had formed the Shri Kashi Vishwanath Special Area Development Board to ensure completion of the project.

# Expedition to Gartang Gali retraces ancient trade route to Tibet in Uttarakhand

A 40-member team in five vehicles started its expedition to Gartang Gali in Nelong Valley in Uttarakhand's Uttarkashi district near Indo-China border on Sunday on the occasion of World Tourism Day.

Gartang Gali bridge is said to be an ancient trade route to Tibet. The famous 105-metre wooden bridge in the area is believed to have been built by Peshawar Pathans.

Gartang Gali bridge is at a distance of 90 km from Uttarkashi. The expedition members will also visit Jadung village, another 60 km away and are expected to return to Uttarkashi Monday afternoon after a 300-km round trip.

The bridge has been damaged over the years after it fell into disuse following the Indo-China war in 1962 when it was declared off-limits. Since 2015, restricted tourism under special permission from the Centre has been allowed in the area.

The 40-member team which also includes people from communities that lived in Gartang Gali area but were displaced and rehabilitated after the bridge was declared off-limits, left for Nelong and Jadung villages on Sunday morning in sunny weather.

The expedition was organized by adventure sports company Where Eagles Dare, Uttarkashi district hotel association and the Anagha Mountain Association. The expedition was flagged off by circle officer of Uttarkashi police station, Dewan Singh Mehta.

The three orgainsations sought permission from the district administration, forest department and tourism department for the expedition. Only after that, the expedition members were allowed to visit till Nelong valley and the starting point of Gartang Gali during the day.

Ajay Puri, convenor of the Anagha Mountain Association, said that Gartang Gali is a unique engineering specimen.

"Gartang Gali was the main route of Indo-Tibet trade. It is said that during the Indo-China war in 1962 locals from the Jad community from the areas of Nelong and Jadung were displaced and shifted to Bagori and Dunda villages of Harsil valley. Through this expedition, we are trying to bring in the forefront the culture of the Jad community," said Puri.

Meanwhile, chief minister Trivendra Singh Rawat during a virtual round table discussion on the topic of 'Tourism & Rural Development' organized by the Uttarakhand Tourism Development Board on the occasion of World Tourism Day, said that theme-based tourist spots will be developed in every district in the state.

"Tourism in Uttarakhand has a lot of employment potential, which is why theme-based tourist spots are being developed in every district in the state. This will help in bringing tourism opportunities back on track after the slowdown due to Covid-19 epidemic," said Rawat.

Satpal Maharaj, state tourism minister said that the tourism sector has contributed significantly to the GDP of Uttarakhand.

"We are moving towards eco-tourism. Efforts are being made to increase the livelihood of the local people through tourism and pilgrimage. Our effort is to turn disaster into an opportunity. Along with rural development, several efforts are being made by the state government to promote tourism in the mountainous regions. In the coming days our overall efforts will again change the picture of Uttarakhand with tourism activities improving people's livelihood," said Maharaj.

# Rahul Gandhi likely to join farmers' protest in Punjab

Former Congress president Rahul Gandhi is likely to lead a protest in Punjab this week in support of farmers agitating against the government over three farm laws passed by Parliament last week, people familiar with the development said.

Gandhi is also expected to address a rally, the date and venue of which is being finalised, a Congress leader said.

"After Punjab, he may join the protesting farmers in Haryana. But we are not sure if the BJP government in Haryana will allow him to enter the state," said the leader quoted above.

The protest rally is part of the Congress party's ongoing two-month-long nationwide agitation programme against the government over the three farm laws.

The Farmer's Produce Trade and Commerce (Promotion and Facilitation) Bill, 2020, the Farmers (Empowerment and Protection) Agreement of Price Assurance and Farm Services Bill, 2020 and the Essential Commodities (Amendment) Bill, 2020 were cleared by both the Houses of Parliament last week, triggering widespread protests, especially in Punjab and Haryana.

President Ram Nath Kovind on Sunday gave his assent to the three contentious bills, despite the Opposition urging him to return them and only sign once they were passed after proper rules and procedures were followed.

Prime Minister Narendra Modi has termed the laws a "watershed moment" in the history of Indian agriculture, which will empower millions of farmers.

In his monthly 'Mann Ki Baat' broadcast on Sunday, he said a large number of farmers have benefited since fruits and vegetables were brought out of the Agricultural Produce Marketing Committees (APMC) Act in some states a few years ago, and asserted that grain-producing peasants will now have the same freedom.

However, the move saw the exit of the Shiromani Akali Dal (SAD), one of the Bharatiya Janata Party (BJP)'s oldest allies, from the National Democratic Alliance (NDA). Its Union minister Harsimrat Kaur Badal also resigned from the Modi government.

"They have the power to sell their fruits or vegetables to anyone, and anywhere. It is this power which is the foundation of their growth, now the same power has been given to farmers across the country. They have got the freedom to sell not only fruits and vegetables but grains, sugarcane, mustard and anything that they grow, they can now sell to anyone and anywhere they like," PM Modi said while addressing the 69th edition of his monthly 'Mann Ki Baat' radio programme.

The farmers fear that the bills would render the current Minimum Support Price (MSP) procurement system ineffective, leaving them at the mercy of "big farmers" and they would be forced to make distress sales to private companies.

















# ਰਾਵਣ ਅਜੇ ਸੜਿਆ ਕਿੱਥੇ ਹੈ !

**ਪਰਸ਼ੋਤਮ ਲਾਲ ਸਰੋਏ**

ਸਾਡਾ ਸੰਸਾਰ ਮੇਲਿਆਂ ਤੇ ਤਿਉਹਾਰਾਂ ਦਾ ਦੇਸ਼ ਹੈ। ਇਹ ਮੇਲੇ ਜਾਂ ਤਿਉਹਾਰ ਦਾ ਵੀ ਇੱਕ ਅਤੀਤ ਹੁੰਦਾ ਹੈ। ਇਨਾਂ ਦਾ ਸੰਬੰਧ ਧਾਰਮਿਕ, ਸੰਸਕ੍ਰਿਤਿਕ, ਸਮਾਜਿਕ ਆਦਿ ਰੀਤੀ ਰਿਵਾਜ਼ਾਂ ਨਾਲ ਵੀ ਹੁੰਦਾ ਹੈ। ਦੁਸਹਿਰਾ ਇਨਾਂ ਤਿਉਹਾਰਾਂ 'ਚੋਂ ਇੱਕ ਹੈ। ਦੁਸਹਿਰੇ ਦਾ ਤਿਉਹਾਰ ਨੌਂ ਨਵਰਾਤਰਿਆਂ ਤੋਂ ਬਾਅਦ ਹੁੰਦਾ ਹੈ। ਇਸ ਤਿਉਹਾਰ ਨੂੰ ਵਿਜਯ ਦਕਸ਼ਮੀ ਦੇ ਨਾਲ ਵੀ ਜਾਣਿਆਂ ਜਾਂਦਾ ਹੈ। ਵਿਜਯ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਸ਼ਾਬਦਿਕ ਅਰਥ ਜਿੱਤ ਹੈ। ਇਹ ਤਿਉਹਾਰ ਬੁਰਾਈ ਉੱਪਰ ਅੱਛਾਈ ਦੀ ਜਿੱਤ ਨੂੰ ਵੀ ਦਰਸਾਉਂਦਾ ਹੈ। ਇਸ ਦਾ ਅਤੀਤ ਅਯੁੱਧਿਆ ਪਤੀ ਸ਼੍ਰੀ ਰਾਮ ਚੰਦਰ ਤੇ ਲੰਕਾ ਪਤੀ ਰਾਵਣ ਨਾਲ ਜੁੜਿਆ ਹੈ। ਬਹੁਤ ਘੱਟ ਲੋਕ ਇਸ ਗੱਲ ਨੂੰ ਜਾਣਦੇ ਹਨ ਕਿ ਇਸ ਤਿਉਹਾਰ ਦਾ ਸੰਬੰਧ ਮਹਾਭਾਰਤ ਦੇ ਨਾਲ ਵੀ ਹੈ।

ਦੁਸਿਹਰੇ ਦਾ ਦਿਨ ਨਜ਼ਦੀਕ ਆ ਗਿਆ ਸੀ। ਬੱਚਿਆਂ ਨੂੰ ਦੁਸਿਹਰਾ ਦੇਖਣ ਦਾ ਬੜਾ ਚਾਅ ਸੀ। ਬੱਚੇ ਬੜੇ ਖ਼ੁਸ਼ ਸਨ। ਸਾਰਿਆਂ ਬੜੇ ਚਾਈਂ-ਚਾਈਂ ਦੁਸਿਹਰਾ ਦੇਖਣ ਜਾ ਰਹੇ ਸਨ। ਪਿੰਡ ਤੋਂ ਤਕਰੀਬਨ ਅੱਧਾ ਘੰਟਾ - 25 ਮਿੰਟ ਦਾ ਪੈਂਡਾ ਸੀ ਜਿੱਥੇ ਕਿ ਇੱਕ ਬਹੁਤ ਵੱਡੀ ਗਰਾਉਂਡ ਵਿੱਚ ਦੁਸਿਹਰਾ ਲੱਗਦਾ ਸੀ। ਗਰਾਉਂਡ ਵਿੱਚ ਰਾਵਣ, ਮੇਘਨਾਥ ਅਤੇ ਕੁੰਭਕਰਨ ਦੇ ਪੁਤਲੇ ਖੜੇ ਕੀਤੇ ਗਏ ਸਨ। ਚਾਰੇ ਪਾਸੇ ਪਟਾਖਿਆਂ ਦਾ ਸ਼ੋਰ-ਸ਼ਰਾਬਾ ਸੀ। ਰੰਗ-ਬਰੰਗੀਆਂ ਆਤਿਸ਼-ਬਾਜ਼ੀਆਂ ਚਲ ਰਹੀਆਂ ਸਨ। ਤਰਾਂ-ਤਰਾਂ ਦੇ ਗਬਾਰੇ ਆਕਾਸ਼ ਵੱਲ ਉਡਾਏ ਜਾ ਰਹੇ ਸਨ। ਦੁਸਿਹਰੇ ਦਾ ਇਹ ਨਜ਼ਾਰਾ ਬੜਾ ਹੀ ਮਨਮੋਹਕ ਲੱਗ ਰਿਹਾ ਸੀ।

ਗਰਾਉਂਡ ਦੇ ਇੱਕ ਪਾਸੇ ਇੱਕ ਸਟੇਜ਼ ਲੱਗੀ ਹੋਈ ਸੀ ਜਿੱਥੇ ਕੁਝ ਇੱਕ ਗਿਣ-ਚੁਣੇ ਅਨਪੜ ਲੀਡਰਾਂ ਨੂੰ ਬਿਠਾਇਆ ਗਿਆ ਸੀ। ਜਿੱਥੇ ਇੱਕ ਪਾਸੇ ਰਾਮ ਚੰਦਰ ਜੀ, ਮਾਤਾ ਸੀਤਾ, ਲਛਮਣ, ਹਨੂੰਮਾਨ ਤੇ ਉਸਦੀ ਸੈਨਾ ਹਾਥੀਆ-ਘੋੜਿਆਂ 'ਤੇ ਸਵਾਰ ਹੋ ਕੇ ਗਰਾਉਂਡ ਵੱਲ ਪ੍ਰਵੇਸ਼ ਕਰ ਰਹੇ ਸਨ। ਉਧਰ ਦੂਸਰੇ ਪਾਸੇ ਰਾਵਣ, ਮੇਘਨਾਥ, ਤੇ ਕੁੰਭਕਰਨ ਤੇ ਉਨਾਂ ਦੀਆਂ ਸੇਨਾਵਾਂ ਵੀ ਹਾਥੀ ਘੋੜਿਆਂ ਉੱਤੇ ਸਵਾਰ ਹੋ ਕੇ ਗਰਾਉਂਡ ਵਿੱਚ ਪਹੁੰਚੇ। ਦੋਨਾਂ ਸੇਨਾਵਾਂ ਵਿੱਚ ਯੁੱਧ ਆਰੰਭ ਹੋ ਚੁੱਕਾ ਸੀ।



ਹੁਣ ਲਛਮਣ ਦੇ ਮੂਰਛਿਤ ਹੋਣ ਦਾ ਸੀਨ ਹੋ ਰਿਹਾ ਸੀ। ਸਾਰੇ ਹੀ ਬੜੇ ਉਤਸੁੱਕਤਾ ਨਾਲ ਇਸ ਸੀਨ ਦਾ ਆਨੰਦ ਮਾਣ ਰਹੇ ਸਨ ਤੇ ਸੋਚ ਰਹੇ ਸਨ ਕਿ ਹੁਣੇ ਹਨੂੰਮਾਨ ਜੀ ਲਛਮਣ ਲਈ ਮੂਰਛਾ ਤੋੜਣ ਵਾਲੀ ਬੂਟੀ ਲੈ ਕੇ ਆਉਣਗੇ। ਪਰ ਮੇਰੇ ਮਨ ਵਿੱਚ ਇਹ ਖ਼ਿਆਲ ਆ ਰਿਹਾ ਸੀ ਕਿ ਲਛਮਣ ਨੂੰ ਤਾ ਹਨੂੰਮਾਣ ਨੇ ਬੂਟੀ ਲਿਆ ਕੇ ਮੂਰਛਾ ਤੋਂ ਮੁਕਤੀ ਲਿਆਉਣ ਵਿੱਚ ਆਪਣਾ ਯੋਗਦਾਨ ਪਾ ਦੇਣਾ ਹੈ ਤੇ ਅੱਜ ਕਲ ਦੇ ਕਲਯੁੱਗ ਦੇ ਸਮੇਂ ਵਿੱਚ ਇਨਸਾਨੀਅਤ ਜੋ ਮੂਰਛਿਤ ਹੋ ਰਹੀ ਹੈ ਉਸ ਨੂੰ ਇਸ ਮੂਰਛਾ ਤੋਂ ਕੌਣ ਮੁਕਤ ਕਰੇਗਾ ?

ਸਾਰੇ ਹੀ ਬੁਰਾਈ ਉਪਰ ਚੰਗਿਆਈ ਦੀ ਜਿੱਤ ਨੂੰ ਬੜੀ ਉਤਸੁੱਕਤਾ ਨਾਲ ਦੇਖ ਰਹੇ ਸਨ। ਹੁਣ ਯੁੱਧ ਦੇ ਖਤਮ ਹੋਣ ਦਾ ਸਮਾਂ ਆ ਗਿਆ ਸੀ। ਹੁਣ ਰਾਵਣ ਨੂੰ ਤੀਰ ਨਾਲ ਮਾਰ ਕੇ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਪੁਤਲਿਆਂ ਨੂੰ ਜਲਾਉਣ ਦਾ ਸਮਾ ਆ ਗਿਆ ਸੀ। ਉੱਪਰੋਂ ਸੂਰਜ ਵੀ ਛੁਪ ਗਿਆ ਸੀ। ਰਾਵਣ ਦਾ ਰੋਲ ਜਿਹੜਾ ਆਦਮੀਂ ਕਰ ਰਿਹਾ ਸੀ ਉਸ ਨੇ ਸ਼ਰਾਬ ਪੀਤੀ ਹੋਈ ਸੀ। ਰਾਮ ਚੰਦਰ ਜੀ ਉਸ ਉੱਪਰ ਵਾਰ ਵਾਰ ਤੀਰ ਚਲਾ ਰਹੇ ਸਨ ਪਰ ਉਹ ਮਰਨ ਦਾ ਨਾਟਕ ਕਰਨ ਲਈ ਤਿਆਰ ਨਹੀਂ ਸੀ। ਕਮੇਟੀ ਵਲੋਂ ਉਸ ਨੂੰ ਮਰਨ ਦਾ ਨਾਟਕ ਕਰਨ ਲਈ ਇਸ਼ਾਰੇ ਵੀ ਹੋ ਰਹੇ ਸਨ। ਦੋ ਤਿੰਨ ਵਾਰ ਤਾਂ ਉਸ ਨੂੰ ਫੜ ਕੇ ਵੀ ਲੰਮਾ ਪਾਇਆ ਗਿਆ ਪਰ ਉਹ ਫਿਰ ਉੱਠ ਕੇ ਖੜਾ ਹੋ ਜਾਂਦਾ ਸੀ। ਉਹ ਮਰਨ ਨੂੰ ਹੀ ਤਿਆਰ ਨਹੀਂ ਸੀ। ਮਿੰਨਤਾਂ ਤਰਲੇ ਕਰ ਕੇ ਉਸ ਨੂੰ ਮਰਨ ਲਈ ਮਨਾਇਆ ਗਿਆ।

ਰਾਵਣ ਨੂੰ ਮਾਰਨ ਉਪਰੰਤ ਹੁਣ ਰਾਵਣ, ਮੇਘਨਾਥ ਅਤੇ ਕੁੰਭਕਰਨ ਦੇ ਪੁਤਲਿਆਂ ਨੂੰ ਅੱਗ ਲਗਾਈ ਗਈ। ਸਾਰੇ ਹੀ ਆਪਣੇ ਆਪਣੇ ਘਰਾਂ ਨੂੰ ਜਾਣ ਲਈ ਤਿਆਰ ਸਨ। ਕੁਝ ਇੱਕ ਆਪਣੇ ਬੱਚਿਆਂ ਲਈ ਖਿਡਾਉਣੇ ਤੇ ਘਰਾਂ ਵਿੱਚ ਲਿਜਾਉਣ ਲਈ ਖਰੀਦ ਰਹੇ ਸਨ। ਇਹ ਮਠਿਆਈ ਸ਼ਾਇਦ ਬੁਰਾਈ ਨੂੰ ਜਲਾਉਣ ਦੀ ਖ਼ੁਸ਼ੀ ਦੀ ਸੀ। ਮੈਂ ਵੀ ਬੱਚਿਆਂ ਨੂੰ ਨਾਲ ਲਿਆ ਅਤੇ ਮਠਿਆਈ ਖਰੀਦੀ ਤੇ ਮੈਂ ਘਰ ਵੱਲ ਚਲ ਪਿਆ । ਰਸਤੇ ਵਿੱਚ ਕੀ ਦੇਖਦਾ ਹਾਂ ਕਿ ਕੁਝ ਮਨਚਲੇ ਰਸਤੇ 'ਚ ਆ ਜਾ ਰਹੀਆਂ ਕੁੜੀਆਂ ਨਾਲ ਸ਼ਰਾਰਤਾਂ ਕਰ ਕੇ ਸਮਾਜਿਕ ਕਦਰਾਂ-ਕੀਮਤਾਂ ਨੂੰ ਜਲਾ ਰਹੇ ਹਨ ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਇਹ ਮਠਿਆਈ ਲੋਕਾਂ ਨੇਂ ਸਮਾਜਿਕ ਕਦਰਾਂ ਕੀਮਤਾਂ ਨੂੰ ਜਲਾਉਣ ਦੀ ਖ਼ਸ਼ੀ ਵਿੱਚ ਖਰੀਦੀ ਸੀ ਜਾਂ ਫਿਰ ਬੁਰਾਈ ਨੂੰ ਜਲਾਉਣ ਦੀ ਖ਼ੁਸ਼ੀ ਵਿੱਚ ਖਰੀਦੀ ਸੀ।

ਬੱਚੇ ਬੜੇ ਹੀ ਖ਼ੁਸ ਸਨ। ਰਸਤੇ ਵਿੱਚ ਆਉਂਦਿਆਂ ਵਕਤ ਮੇਰਾ ਮਨ ਦੁਸਿਹਰੇ ਵਿੱਚ ਸਟੇਜ ਉੱਤੇ ਬੈਠੇ ਰਾਵਣਾਂ ਵੱਲ ਜਾ ਰਿਹਾ ਸੀ ਜੋ ਇਸ ਸਭ ਕਾਸੇ ਦੇ ਜ਼ਿੰਮੇਵਾਰ ਹਨ। ਅਸਲ ਵਿੱਚ ਅਸੀਂ ਆਪਣੇ ਅੰਦਰ ਘੁਸ ਕੇ ਬੈਠੇ ਰਾਵਣਾਂ ਨੂੰ ਨਹੀਂ ਸੀ ਜਲਾ ਸਕੇ। ਅਸੀਂ ਤਾਂ ਇਨਾਂ ਨਾਲ ਰਲ ਕੇ ਇਨਸਾਨਾਂ ਨੂੰ ਹੀ ਜਲਾ ਰਹੇ ਹਾਂ। ਫਿਰ ਬੁਰਾਈ ਕਿਵੇਂ ਜਲ ਸਕਦੀ ਹੈ। ਦੇਖਿਆ ਜਾਵੇ ਤਾਂ ਇਸ ਕਲਯੁਗ ਦੇ ਸਮੇਂ ਵਿੱਚ ਤਾਂ ਕੇਵਲ ਚੰਗਿਆਈ ਨੂੰ ਹੀ ਜਲਾਇਆ-ਦਫਨਾਂਇਆ ਜਾਂਦਾ ਹੈ। ਮੈ ਸੋਚ ਰਿਹਾ ਸੀ ਰਾਵਣਾਂ ਨੂੰ ਤਾਂ ਅਸੀਂ ਜਲਾ ਨਹੀ ਸਾਂ ਸਕੇ ਜੋ ਕਿ ਉਸ ਸਟੇਜ ਉੱਤੇ ਬੈਠੇ ਹੋਏ ਉਹ ਲੀਡਰ ਸਨ ਜੋ ਅਜੇ ਵੀ ਜੀਵਤ ਹਨ। ਸਮਾ ਆਉਣ ਤੇ ਉਹ ਕਿਵੇਂ ਉਹ ਭਾਰਤ ਰੂਪੀ ਸੋਨੇ ਦੀ ਲੰਕਾ ਨੂੰ ਖਾਈ ਜਾ ਰਹੇ ਹਨ ਅਤੇ ਜਿਸ ਦਾ ਕਾਰਨ ਦੇਸ਼ ਵਿੱਚ ਕਈ ਸਮੱਸਿਆਂਵਾਂ ਦਾ ਉਤਪੰਨ ਹੋਣਾ ਹੈ। ਇਹ ਸਮਸਿਆਂਵਾਂ ਇਨਸਾਨੀਅਤ ਨੂੰ ਦਿਨੋਂ ਜਲਾ ਰਹੀਆਂ ਹਨ।

ਮੈਂ ਸੋਚ ਰਿਹਾ ਸੀ ਰਾਵਣ ਦੇ ਤਾਂ ਦਸ ਸਿਰ ਸਨ ਇਹ ਤਾਂ ਕਈ ਕਈ ਸਿਰ ਲੈ ਕੇ ਇਸ ਸਮਾਜ ਵਿੱਚ ਘੁੰਮਦੇ ਹੋਏ ਨਜ਼ਰ ਆਉਂਦੇ ਹਨ। ਨਾਲ ਹੀ ਮੇਰੇ ਮਨ ਵਿੱਚ ਇਹ ਸਤਰਾਂ ਉਮੜ ਰਹੀਆਂ ਸਨ:

*ਰਾਮ ਜਲ ਰਿਹਾ ਹੈ ਏਥੇ ,*
*ਰਾਵਣ ਅਜੇ ਸੜਿਆ ਨਹੀਂ,*
*ਕਲਯੁੱਗ ਦੇ ਇਸ ਸਮੇਂ ਦੇ ਵਿੱਚ,*
*ਭਗਵਾਨ ਜਲਾਇਆ ਜਾਂਦਾ ਹੈ।*

# ਗਿਆਨ ਦੇ ਸੋਮੇ ਭਗਵਾਨ ਵਾਲਮੀਕਿ

ਭਾਰਤੀ ਸੰਸਕ੍ਰਿਤੀ ਦੇ ਪੁਰਾਤਨ ਯੁੱਗਾਂ ਵਿੱਚ ਜੋ ਰਿਸ਼ੀ-ਮੁਨੀ, ਪੀਰ ਪੈਗ਼ੰਬਰ ਅਤੇ ਭਗਤ ਹੋਏ ਹਨ, ਉਨ੍ਹਾਂ ਵਿੱਚੋਂ ਭਗਵਾਨ ਵਾਲਮੀਕਿ ਦਾ ਸਥਾਨ ਸਰਵਉੱਚ ਮੰਨਿਆ ਜਾਂਦਾ ਹੈ, ਜਿਸ ਕਰਕੇ ਉਹ ਮਹਾਂਰਿਸ਼ੀ ਕਹਾਉਂਦੇ ਹਨ। ਇਹ ਸਭ ਇਸ ਕਰਕੇ ਹੈ ਕਿ ਭਾਰਤ ਦਾ ਮੁੱਢਲਾ ਵੈਦਿਕ ਸਾਹਿਤ ਪਹਿਲਾਂ ਔਖੇ ਮੰਤਰਾਂ ਵਾਲੀ ਇੱਕ ਭਾਸ਼ਾ ਨਾਲ ਜੁੜਿਆ ਹੋਇਆ ਸੀ, ਜੋ ਆਮ ਲੋਕਾਂ ਦੀ ਸਮਝ ਤੋਂ ਦੂਰ ਸੀ। ਭਗਵਾਨ ਵਾਲਮੀਕਿ ਨੇ ਇਸ ਨੂੰ ਸਰਲ ਰੁਪ ਦੇ ਕੇ ਇੱਕ ਮਹਾਂ ਕਾਵਿ ਦੀ ਰਚਨਾ ਲੋਕ ਭਾਸ਼ਾ ਸੰਸਕ੍ਰਿਤ ਵਿੱਚ ਕੀਤੀ, ਜਿਸ ਨੂੰ ਰਾਮ ਕਥਾ, ਰਾਮ ਚਰਿੱਤਰ ਜਾਂ ਰਾਮਾਇਣ ਕਿਹਾ ਗਿਆ। ਰਾਮਾਇਣ ਨੂੰ ਭਾਰਤੀ ਸਾਹਿਤ ਦਾ ਹੀ ਨਹੀਂ, ਸਗੋਂ ਵਿਸ਼ਵ ਸਾਹਿਤ ਦਾ ਪਹਿਲਾ ਮਹਾਂ ਕਾਵਿ ਮੰਨਿਆ ਗਿਆ ਹੈ।

ਇੱਕ ਯੁੱਗ ਮਗਰੋਂ ਲੋਕ ਭਾਸ਼ਾ ਸੰਸਕ੍ਰਿਤ ਵਿੱਚ ਹੀ ਇੱਕ ਹੋਰ ਮਹਾਂ ਕਾਵਿ 'ਮਹਾਂਭਾਰਤ' ਦੀ ਰਚਨਾ ਹੋਈ, ਜਿਸ ਦੇ ਰਚੇਤਾ ਰਿਸ਼ੀ ਵੇਦ ਵਿਆਸ ਸਨ। ਭਗਵਾਨ ਵਾਲਮੀਕਿ ਨੇ ਰਾਮਾਇਣ ਗ੍ਰੰਥ ਵਿੱਚ ਧਰਮ-ਅਧਰਮ, ਨਿਆਂ-ਅਨਿਆਂ ਅਤੇ ਸੱਤ-ਅਸੱਤ ਦੇ ਆਪਸੀ ਵਿਲੱਖਣ ਸੰਘਰਸ਼ਾਂ ਨੂੰ ਦਰਸਾ ਕੇ ਸਮਾਜ ਨੂੰ ਆਪਣੇ ਵਰਤਮਾਨ ਅਤੇ ਭਵਿੱਖ ਪ੍ਰਤੀ ਜਾਗਰੂਕ ਕੀਤਾ ਹੈ। ਇੱਥੇ ਇਹ ਵੀ ਦਰਸਾਇਆ ਗਿਆ ਹੈ ਕਿ ਮਨੁੱਖ ਜਦੋਂ ਵੀ ਟੁੱਟਦਾ ਹੈ ਜਾਂ ਸਮਾਜ ਜਦੋਂ ਵੀ ਵਿਨਾਸ਼ ਦੀ ਦਹਿਲੀਜ਼ 'ਤੇ ਖੜ੍ਹਾ ਹੁੰਦਾ ਹੈ ਤਾਂ ਇਹ ਮਹਾਂ ਕਾਵਿ ਉਸ ਨੂੰ ਰਾਹ ਦਿਖਾਉਂਦੇ ਹਨ। ਇਨ੍ਹਾਂ ਤੱਥਾਂ ਦੀ ਵਿਆਖਿਆ ਭਗਵਾਨ ਵਾਲਮੀਕਿ ਨੇ ਰਾਮਾਇਣ ਵਿੱਚ ਦਸ਼ਰਥ ਪੁੱਤਰ ਰਾਜਾ ਰਾਮ ਅਤੇ ਲੰਕਾ ਪਤੀ ਰਾਜਾ ਰਾਵਣ ਦੇ ਜੀਵਨ ਚਰਿੱਤਰਾਂ ਦਾ ਚਿਤਰਨ ਕਰ ਕੇ ਕੀਤੀ ਹੈ।



ਭਗਵਾਨ ਵਾਲਮੀਕਿ ਦੇ ਜੀਵਨ ਕਾਲ, ਜਨਮ ਸਥਾਨ ਬਾਰੇ ਕਈ ਇਤਿਹਾਸਕ ਮਤਭੇਦ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਉਹ ਪ੍ਰਚੇਤਾ ਰਾਜਾ ਵਰਣੂੰ ਦੇ ਦਸਵੇਂ ਪੁੱਤਰ ਸਨ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਦੀ ਬਾਣੀ ਵਿੱਚ ਵਾਲਮੀਕਿ ਜੀ ਨੂੰ ਬ੍ਰਹਮਾ ਦਾ ਅਵਤਾਰ ਕਿਹਾ ਹੈ। ਭਗਵਾਨ ਵਾਲਮੀਕ ਦੇ ਰਾਮਾਇਣ ਵਿੱਚ ਦਰਸਾਏ ਫ਼ਲਸਫ਼ੇ ਵਿੱਚ ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਪਰਿਵਾਰਕ ਪਹਿਲੂਆਂ ਪ੍ਰਤੀ ਗਿਆਨ ਦਿੱਤਾ ਗਿਆ ਹੈ, ਜਿਸ ਨੂੰ ਸਾਡੇ ਅਜੋਕੇ ਸਮਾਜ ਵੱਲੋਂ ਗ੍ਰਹਿਣ ਕਰਨਾ ਜ਼ਰੂਰੀ ਹੈ।

ਹੁਣ ਇਤਿਹਾਸਕਾਰਾਂ ਨੇ ਭਗਵਾਨ ਵਾਲਮੀਕਿ ਦੁਆਰਾ ਰਚਿਤ ਗ੍ਰੰਥ ਰਾਮਾਇਣ ਦੀ ਭੂਗੋਲਿਕ ਸਥਿਤੀ 'ਤੇ ਨਵੀਂ ਖੋਜ ਕੀਤੀ ਹੈ, ਜਿਸ ਅਨੁਸਾਰ ਸਪਤ ਸਿੰਧੂ ਕਹੇ ਜਾਣ ਵਾਲੇ ਦੇਸ਼ ਵਿੱਚ ਹੀ ਰਾਮਾਇਣ ਦਾ ਸਾਰਾ ਇਤਿਹਾਸ ਵਾਪਰਿਆ ਸੀ। ਅਯੋਧਨ (ਮੌਜੂਦਾ ਪਾਕਪਟਨ-ਮੁਲਤਾਨ) ਹੀ ਅਯੋਧਿਆ ਸਿੱਧ ਹੋਇਆ ਹੈ। ਅੰਮ੍ਰਿਤਸਰ ਸਾਹਿਬ ਵਿੱਚ ਜਿੱਥੇ ਰਾਮ ਤੀਰਥ, ਜੋ ਭਗਵਾਨ ਵਾਲਮੀਕਿ ਦਾ ਆਸ਼ਰਮ ਹੈ, ਉਹੀ ਲਵ-ਕੁਸ਼ ਦੀ ਸਿੱਖਿਆ ਸਥਲੀ ਕਹੀ ਜਾਂਦੀ ਹੈ। ਸੀਤਲਾਨੀ ਪਿੰਡ, ਜਿੱਥੋਂ ਵਾਲਮੀਕਿ ਜੀ ਬੇਸਹਾਰਾ ਸੀਤਾ ਨੂੰ ਆਪਣੇ ਆਸ਼ਰਮ ਵਿੱਚ ਲਿਆਏ ਸਨ, ਇਹ ਜਗ੍ਹਾ ਹੁਣ ਪਾਕਿਸਤਾਨ ਵਿੱਚ ਮੌਜੂਦ ਹੈ। ਰਾਜਾ ਦਸ਼ਰਥ ਨੇ ਘੁੜਾਮ (ਜ਼ਿਲ੍ਹਾ ਪਟਿਆਲਾ) ਦੀ ਰਾਜ ਕੰਨਿਆ ਕੌਸ਼ਲਿਆ, ਮਦ੍ਰਦੇਸ਼ (ਮੌਜੂਦਾ ਬਿਲਾਸਪੁਰ) ਹਿਮਾਚਲ ਦੀ ਰਾਜਕੁਮਾਰੀ ਸੁਮਿੱਤਰਾ ਤੇ ਬਠੂਆ (ਜੰਮੂ) ਦੀ ਕੈਕਈ ਨਾਲ ਵਿਆਹ ਕੀਤੇ ਸਨ। ਭਾਗਵਤ ਪੁਰਾਣ ਦੇ ਦਸਮ ਪਾਤਸ਼ਾਹੀ ਸਮੇਂ ਅਨੁਵਾਦਤ ਮਿਰਿਡਨਾਮੇ ਵਿੱਚ ਨਾਮਧਾਰੀ ਪੰਥ ਦੇ ਭੈਣੀ ਸਾਹਿਬ ਨੂੰ ਭਸਮੰਤ ਨਗਰ (ਯੋਗ-ਹਵਨ ਥਲ) ਕਿਹਾ ਗਿਆ ਹੈ, ਜਿੱਥੇ ਰਾਮ ਅਤੇ ਉਸ ਦੇ ਬਜ਼ੁਰਗ ਰਾਜਿਆਂ ਨੇ ਅਨੇਕਾਂ ਯੱਗ ਕੀਤੇ ਸਨ। ਚਾਰਾਂ ਭਰਾਵਾਂ ਦੇ ਦੋ-ਦੋ ਪੁੱਤਰ ਹੋਏ। ਅਯੋਧਿਆ ਦਾ ਰਾਜ ਭਰਤ ਦੇ ਪੁੱਤਰਾਂ ਨੂੰ ਮਿਲਿਆ। ਰਾਮ ਚੰਦਰ ਦੇ ਪੁੱਤਰ ਲਵ ਨੇ ਲਵਪੁਰੀ (ਲਾਹੌਰ) ਵਸਾਈ ਅਤੇ ਕੁਸ਼ ਨੇ ਕੁਸ਼ਨਗਰ (ਕਸੂਰ) ਵਸਾਇਆ। ਲਾਹੌਰ ਵਿੱਚ ਅੱਜ ਵੀ ਲਵ ਦਾ ਮੰਦਰ ਹੈ, ਜਿਸ ਦੀ ਮੁਰੰਮਤ ਪਾਕਿਸਤਾਨ ਨੇ ਕਰਵਾਈ ਸੀ। ਰਾਵਣ ਦਾ ਸਹੁਰਾ ਪਿੰਡ (ਮਦੋਦਰੀ ਦਾ ਪੇਕਾ) ਜੋਧਪੁਰ ਨੇੜੇ ਹੈ, ਜਿੱਥੇ ਅਜੇ ਵੀ ਰਾਵਣ ਦਾ ਪੁਤਲਾ ਨਹੀਂ ਫੂਕਿਆ ਜਾਂਦਾ।

ਇਸ ਇਤਿਹਸ ਤੋਂ ਜਿੱਥੇ ਭਗਵਾਨ ਵਾਲਮੀਕਿ ਵੱਲੋਂ ਰਚਿਤ ਗ੍ਰੰਥ ਦੇ ਇਤਿਹਾਸ ਦੀ ਸਹੀ ਪੁਸ਼ਟੀ ਹੁੰਦੀ ਹੈ, ਉੱਥੇ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਜੋ ਰਾਮ ਤੀਰਥ ਬਣਿਆ ਹੋਇਆ ਹੈ, ਉਹੀ ਭਗਵਾਨ ਵਾਲਮੀਕਿ ਦਾ ਆਸ਼ਰਮ ਅਤੇ ਤਪ ਸਥਾਨ ਸੀ, ਜਿੱਥੇ ਅੱਜ ਵੀ ਕਈ ਪੁਰਾਤਨ ਨਿਸ਼ਾਨੀਆਂ ਦੇ ਚਿੰਨ੍ਹ ਮੌਜੂਦ ਹਨ, ਜਿਵੇਂ ਉਨ੍ਹਾਂ ਦੀ ਕੁਟੀਆ, ਧੂੰਣਾਂ, ਉਹ ਨਿਸ਼ਾਨ ਜਿੱਥੇ ਸੀਤਾ ਰਹੀ ਸੀ, ਜਿੱਥੇ ਲਵ-ਕੁਸ਼ ਨੇ ਰਾਮਚੰਦਰ ਦਾ ਚੱਕਰਵਰਤੀ ਘੋੜਾ ਫੜ ਕੇ ਬੰਨ੍ਹਿਆ ਸੀ। ਇਸ ਤੀਰਥ ਅਸਥਾਨ ਦਾ ਨਵੀਨੀਕਰਨ ਅਤੇ ਸੁੰਦਰੀਕਰਨ ਕਰ ਕੇ ਇਸ ਨੂੰ ਸ਼ਾਨਦਾਰ ਇਤਿਹਾਸਕ ਯਾਦਗਾਰ ਬਣਾ ਦਿੱਤਾ ਗਿਆ ਹੈ, ਜਿਸ ਨੂੰ ਦੇਸ਼ ਅਤੇ ਵਿਦੇਸ਼ਾਂ ਤੋਂ ਸ਼ਰਧਾਲੂ ਵੇਖਣ ਆਉਂਦੇ ਹਨ।

*-ਦਲਬੀਰ ਸਿੰਘ ਧਾਲੀਵਾਲ*

# ਸਫਲਤਾ ਦੀ ਕੁੰਜੀ 'ਅੰਮ੍ਰਿਤ ਵੇਲਾ'

**ਕੇਵਲ ਸਿੰਘ ਮਾਨਸਾ**

ਸਫਲਤਾ ਇੱਕ ਵਿਸ਼ਵਾਸ਼ ਹੈ ਅਤੇ ਅਜਿਹਾ ਵਿਸ਼ਵਾਸ਼ ਪੈਦਾ ਕਰਨ ਲਈ ਸਭ ਤੋਂ ਅਹਿਮ ਰੋਲ ਅਦਾ ਕਰਦਾ ਹੈ "ਅੰਮ੍ਰਿਤ ਵੇਲਾ"।ਜਿਸ ਕਰਕੇ ਹਰ ਇਨਸਾਨ ਨੂੰ ਅਮ੍ਰਿਤ ਵੇਲੇ ਦੀ ਅਹਿਮੀਅਤ ਨੂੰ ਸਮਝਣ ਦੀ ਲੋੜ ਹੈ।ਅਮ੍ਰਿਤ ਵੇਲੇ ਤੋਂ ਭਾਵ ਅਗਲਾ ਦਿਨ ਜੋ ਕਿ ਰਾਤ ੧੨ ਵਜੇ ਤੋਂ ਸ਼ੁਰੂ ਹੋ ਕੇ ੬ ਵਜੇ ਤੱਕ ਦਾ ਸਮਾਂ ਹੁੰਦਾ ਹੈ। ਭਾਰਤੀ ਧਰਮ ਦਰਸ਼ਨ ਵਿੱਚ ਇਸਨੂੰ ਪ੍ਰਭੂ ਮਿਲਾਪ ਦਾ ਸਮਾਂ ਵੀ ਕਿਹਾ ਜਾਂਦਾ ਹੈ। ਇਸ ਸਮੇਂ ਉਠ ਕੇ ਨਾਮ ਬਾਣੀ ਦਾ ਸਿਮਰਨ ਵੀ ਕੀਤਾ ਜਾਂਦਾ ਹੈ। ਇਹ ਸਮਾਂ ਮੰਦਭਾਵਨਾ ਤੋਂ ਰਹਿਤ ਹੁੰਦਾ ਹੈ। ਕੋਈ ਸ਼ੋਰ ਸ਼ਰਾਬਾ ਨਹੀਂ ਹੁੰਦਾ। ਕੁਦਰਤ ਸਹਿਜ ਸੁਭਾਅ ਵਿੱਚ ਰੰਗੀ ਹੁੰਦੀ ਹੈ। ਜੋ ਲੋਕ ਸਮੇਂ ਤੇ ਉੱਠਦੇ ਹਨ, ਅੰਮ੍ਰਿਤ ਵੇਲੇ ਦਾ ਸਹੀ ਉਪਯੋਗ ਕਰਦੇ ਹਨ,ਪ੍ਰਭੂ ਨੂੰ ਯਾਦ ਕਰਦੇ ਹਨ, ਖੁੱਲ੍ਹੇ ਮੈਦਾਨਾਂ ਵਿੱਚ ਜਾ ਕੁਦਰਤ ਨਾਲ ਜੁੜਦੇ ਹਨ, ਖੁੱਲ੍ਹੀ ਹਵਾ ਵਿੱਚ ਸਾਹ ਲੈਂਦੇ ਹਨ, ਕਸਰਤ ਕਰਦੇ ਹਨ, ਖੇਡਦੇ ਜਾਂ ਯੋਗ ਕਰਦੇ ਹਨ ਉਹਨਾਂ ਦੀ ਸਫ਼ਲਤਾ ਨੂੰ ਕੋਈ ਨਹੀਂ ਰੋਕ ਸਕਦਾ। ਹਮੇਸ਼ਾ ਮਹਾਨ ਇਨਸਾਨ ਬਣਦੇ ਹਨ।

ਇਹ ਗੱਲ ਪੱਕੀ ਹੈ ਕਿ ਜਲਦੀ ਉਠਣ ਵਾਲਿਆਂ ਵਿੱਚੋਂ ਹੀ ਜਿਆਦਾਤਰ ਲੋਕ ਮਹਾਨ ਹੁੰਦੇ ਹਨ। ਜਿੰਨੇ ਵੀ ਮਹਾਂਪੁਰਸ਼ ਹੋਏ ਹਨ ਉਹ ਸਭ ਸਵੇਰੇ ਜਲਦੀ ਉਠਦੇ ਸਨ। ਇੱਕ ਵੀ ਅਜਿਹਾ ਮਨੁੱਖ ਨਹੀਂ ਹੋਇਆ ਜੋ ਆਲਸੀ ਜਾਂ ਕਾਹਿਲ ਹੁੰਦੇ ਹੋਏ ਸਫ਼ਲ ਆਦਮੀ ਬਣਿਆ ਹੋਵੇ। ਵੱਡੇ ਤੋਂ ਵੱਡੇ ਆਦਮੀ ਦੀ ਜੀਵਨੀ ਅਤੇ ਦਿਨਚਰਯ ਬਾਰੇ ਜਾਨਣ ਤੇ ਤੁਸੀਂ ਦੇਖੋਗੇ ਕਿ ਸਭ ਨੂੰ ਸਵੇਰੇ ਜਲਦੀ ਉੱਠਣ ਦੀ ਆਦਤ ਸੀ। ਜਲਦੀ ਉਠਣ ਤੋਂ ਭਾਵ ਹਰ ਕੰਮ ਜਲਦੀ ਅਤੇ



ਦੁਸਰਿਆਂ ਤੋਂ ਪਹਿਲਾਂ ਕਰਨਾ ਅਤੇ ਦੂਸਰਿਆਂ ਤੋਂ ਹਮੇਸ਼ਾ ਅੱਗੇ ਰਹਿਣਾ। ਬਹੁਤ ਸਾਰੇ ਲੋਕ ਐਨੇ ਹਿੰਮਤੀ ਹੁੰਦੇ ਹਨ ਜੋ ਆਲਸੀ ਲੋਕਾਂ ਦੇ ਉਠਣ ਤੋਂ ਪਹਿਲਾਂ ਹੀ ਸਾਰਾ ਕੰਮ ਨਬੇੜ ਲੈਂਦੇ ਹਨ। ਸਫ਼ਲਤਾ ਅਜਿਹੇ ਲੋਕਾਂ ਦੇ ਪੈਰ ਚੁੰਮਦੀ ਹੈ।

ਅੰਮ੍ਰਿਤ ਵੇਲਾ ਮਨੁੱਖੀ ਸਫਲਤਾ ਲਈ ਸਭ ਤੋਂ ਸੁਪਰੀਮ ਹੁੰਦਾ ਹੈ। ਅੰਮ੍ਰਿਤ ਵੇਲਾ ਮਨੁੱਖ ਲਈ ਸੱਚਮੁੱਚ ਹੀ ਅੰਮ੍ਰਿਤ ਦਾ ਕੰਮ ਕਰਦਾ ਹੈ। ਇਹ ਵੇਲਾ ਨਵੀਂ ਉਰਜ਼ਾ ਅਤੇ ਸ਼ਕਤੀ ਦਾ ਅਜਿਹਾ ਸੋਮਾ ਹੁੰਦਾ ਹੈ ਜੋ ਆਮ ਮਨੁੱਖ ਨੂੰ ਵੀ ਮਹਾਨ ਬਣਾ ਦਿੰਦਾ ਹੈ। ਅੰਮ੍ਰਿਤ ਵੇਲੇ ਵਿੱਚ ਐਨਾ ਆਨੰਦ ਹੁੰਦਾ ਹੈ ਕਿ ਮਨੁੱਖ ਦੇ ਦਿਮਾਗ ਵਿੱਚ ਨਿਰਾਸ਼ਾ ਦਾ ਵਿਚਾਰ ਆਉਂਦਾ ਹੀ ਨਹੀਂ। ਅੰਮ੍ਰਿਤ ਵੇਲਾ ਮਨੁੱਖੀ ਸੋਚ ਨੂੰ ਬਦਲ ਕੇ ਰੱਖ ਦਿੰਦਾ ਹੈ। ਅੰਮ੍ਰਿਤ ਵੇਲੇ ਵਿੱਚ ਐਨੀ ਜਾਨ ਹੁੰਦੀ ਹੈ ਕਿ ਜੇਕਰ ਮਨੁੱਖ ਸਹੀ ਉਪਯੋਗ ਕਰ ਲਵੇ ਤਾਂ ਉਹ ਕਦੇ ਬਿਮਾਰ ਹੀ ਨਹੀਂ ਹੁੰਦਾ। ਅੰਮ੍ਰਿਤ ਵੇਲੇ ਵਿੱਚ ਐਨੀ ਸ਼ਕਤੀ ਹੁੰਦੀ ਹੈ ਕਿ ਉਹ ਮਨੁੱਖ ਦੇ ਸਾਰੇ ਦੁੱਖਾਂ ਕਲੇਸ਼ਾ ਦਾ ਨਾਸ਼ ਕਰ ਦਿੰਦਾ ਹੈ। ਅੰਮ੍ਰਿਤ ਵੇਲੇ ਦਾ ਸਹੀ ਉਪਯੋਗ ਨਾਲ ਮਨੁੱਖੀ ਚਿਹਰੇ ਦੀ ਉਦਾਸੀ ਗਾਇਬ ਹੋ ਜਾਂਦੀ ਹੈ ਅਤੇ ਨਵੀਂ ਚਮਕ ਅਤੇ ਸਫਲਤਾ ਦਾ ਨੂਰ ਦਿਖਾਈ ਦੇਣ ਲੱਗ ਪੈਂਦਾ ਹੈ।

ਸਵੇਰੇ ਜਲਦੀ ਉਠ ਕੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਬੜਾ ਵੱਡੀ ਸਫ਼ਲਤਾ ਮਿਲਦੀ ਹੈ ਅਜਿਹੇ ਵਿਦਿਆਰਥੀ ਹਮੇਸ਼ਾ ਪਹਿਲੇ ਨੰਬਰ ਤੇ ਆਉਂਦੇ ਹਨ। ਅਸਫ਼ਲਤਾ ਉਹਨਾਂ ਦੀ ਜਿੰਦਗੀ ਵਾਲੇ ਵਰਕੇ ਤੋਂ ਗਾਇਬ ਹੋ ਜਾਂਦੀ ਹੈ। ਸਵੇਰ ਸਮੇਂ ਗਿਆਨ ਇੰਦਰੀਆਂ ਦੀ ਪਕੜ ਬਹੁਤ ਮਜ਼ਬੂਤ ਹੁੰਦੀ ਹੈ। ਇਕਾਗਰਤਾ ਪੂਰੇ ਜੋਬਨ ਤੇ ਹੁੰਦੀ ਹੈ।ਗਿਆਨ ਦਾ ਸਾਗਰ ਉਸਨੂੰ ਆਪਣੇ ਆਪ ਵਿੱਚ ਡਬੋ ਲੈਂਦਾ ਹੈ ਅਤੇ ਵਿਦਿਆਰਥੀ ਨੂੰ ਸਫ਼ਲਤਾ ਦੇ ਖ਼ਜਾਨੇ ਤੱਕ ਪਹੁੰਚਾ ਦਿੰਦਾ ਹੈ।

ਸਫ਼ਲਤਾ ਬਨਾਉਟੀ ਚੀਜ਼ਾਂ 'ਚੋ ਨਹੀਂ ਮਿਲਦੀ। ਅੱਜ-ਕੱਲ੍ਹ ਬਜਾਰਾਂ ਵਿੱਚ ਬਨਾਉਟੀ ਸਮਾਨ ਖ਼ਰੀਦਣ ਦੀ ਬੜੀ ਵੱਡੀ ਹੋੜ ਲੱਗੀ ਹੋਈ ਹੈ।ਮਨੁੱਖ ਮਹਿੰਗੀਆਂ ਕਾਰਾਂ, ਮੋਬਾਇਲ, ਸਲੀਪ-ਵੈਲ ਦੇ ਗੱਦੇ,ਮਹਿੰਗੇ ਕੱਪੜੇ ਖ਼ੀਦ ਕੇ ਸਫ਼ਲਤਾ ਦੇ ਸੁਪਨੇ ਲੈਂਦਾ ਹੈ।ਪਰ ਕੁਦਰਤ ਵਲੋਂ ਮਨੁੱਖੀ ਸਫ਼ਲਤਾ ਲਈ ਲਗਾਈਆਂ ਵੱਡੀਆਂ-੨ ਸੇਲਾਂ ਤੇ ਅਸਲੀ ਅਤੇ ਖ਼ਾਲਸ ਸਮਾਨ ਮੁਫ਼ਤ ਮਿਲਦਾ ਹੈ।ਅੰਮ੍ਰਿਤ ਵੇਲੇ ਤਾਜੀ ਹਵਾ,ਫ਼ੁੱਲਾਂ ਦੀ ਖ਼ੁਸ਼ਬੋ,ਪੰਛੀਆਂ ਦਾ ਗੀਤ-ਸੰਗੀਤ,ਘਾਹ ਤੇ ਤ੍ਰੇਲ ਦੇ ਤੁਪਕਿਆਂ ਦੀ ਠੰਡਕ,ਸਰੀਰਕ ਐਨਰਜ਼ੀ, ਜਿਉਦੀਆਂ ਰੂਹਾਂ ਦੇ ਦਰਸ਼ਨ,ਮਾਨਸਿਕ ਸਕੂਨ,ਕੁਦਰਤੀ ਦ੍ਰਿਸ਼ਾਂ ਦਾ ਨਜ਼ਾਰਾ ਸਭ ਕੁਝ ਮੁੱਫ਼ਤ ਮਿਲਦਾ ਹੈ।ਜੇਕਰ ਕੋਈ ਵਿਅਕਤੀ ਮੁਫ਼ਤ ਵਿੱਚ ਐਨਾ ਸਾਮਾਨ ਪ੍ਰਾਪਤ ਨਹੀਂ ਕਰ ਸਕਦਾ ਤਾਂ ਉਹ ਅਸਫ਼ਲ ਇਨਸਾਨ ਹੀ ਹੋ ਸਕਦਾ ਹੈ।

ਇਸ ਲਈ ਸਵੇਰੇ ਉੱਠਣ ਦੀ ਆਦਤ ਤਾਂ ਉਸਨੂੰ ਪਾ ਹੀ ਲੈਣੀ ਚਾਹੀਦੀ ਹੈ ਜਿਸਨੇ ਜੀਵਨ ਵਿੱਚ ਕੁਝ ਬਨਣਾ ਹੈ ਜਿਸਨੇ ਸਫ਼ਲਤਾ ਪਾਉਣੀ ਹੈ,ਅੱਗੇ ਵੱਧਣਾ ਹੈ,ਉਚਾਈਆਂ ਤੇ ਉੱਡਣਾ ਹੈ।ਸਵੇਰੇ ਜਲਦੀ ਉਠਣ ਦੇ ਬੜੇ ਲਾਭ ਹਨ।ਸਮੇਂ ਦੀ ਬੱਚਤ ਦੇ ਨਾਲ ਜਲਦੀ ਉਠਣਾ ਸਿਹਤ ਲਈ ਵੀ ਬੜਾ ਲਾਭਦਾਇਕ ਹੁੰਦਾ ਹੈ।ਸ਼ੀਤਲਮੰਦ ਹਵਾ ਕੁਦਰਤ ਨੂੰ ਨਿਖ਼ਾਰਦੀ ਹੈ।ਤਾਜ਼ੀ ਹਵਾ ਜਦ ਫ਼ੇਫੜਿਆਂ ਨੂੰ ਜ਼ਾਂਦੀ ਹੈ ਤਾਂ ਦਿਮਾਗ ਨੂੰ ਵੀ ਤਾਜ਼ਾ ਕਰ ਦਿੰਦੀ ਹੈ।ਜੇਕਰ ਖੁਲ੍ਹੀ ਹਵਾ ਵਿੱਚ ਸਵੇਰੇ-੨ ਕਸਰਤ ਅਤੇ ਈਸ਼ਵਰ ਦਾ ਸਿਮਰਨ ਕਰੋਗੇ ਤਾਂ ਆਪਣੇ ਅੰਦਰ ਅਦਭੁੱਤ ਪਰਿਵਰਤਨ ਪਾਓਗੇ।ਤੁਸੀਂ ਇਹ ਪ੍ਰਤੱਖ਼ ਦੇਖੋਗੇ ਕਿ ਤੁਸੀਂ ਸਫ਼ਲਤਾ ਵੱਲ ਤੇਜ਼ੀ ਨਾਲ ਵੱਧ ਰਹੇ ਹੋ।ਇਸ ਲਈ ਅੰਮ੍ਰਿਤ ਵੇਲੇ ਉਠਣ ਦੀ ਆਦਤ ਪਾਓ ਅਤੇ ਮਹਾਨ ਇਨਸਾਨ ਬਣੋ।

# ਆਨਲਾਈਨ ਸਿੱਖਿਆ ਵਿਚ ਸਮਾਜ ਦੇ ਅਮੀਰ ਵਰਗ ਅਤੇ ਕਮਜ਼ੋਰ ਵਰਗਾਂ ਵਿਚਕਾਰ ਸੰਤੁਲਨ ਬਣਾਈ ਰੱਖੋ

**ਵਿਜੈ ਗਰਗ**

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਕੋਰੋਨਾ ਮਹਾਂਮਾਰੀ ਨੇ ਸਾਰੇ ਇਲਾਕਿਆਂ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਅਤੇ ਸਕੂਲ, ਕਾਲਜ ਅਤੇ ਯੂਨੀਵਰਸਟੀ ਬੰਦ ਹੋਏ ਤਕਰੀਬਨ 6 ਮਹੀਨੇ ਬੀਤ ਚੁੱਕੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰ ਨੇ ਸਮੇਂ ਸਮੇਂ ਤੇ ਇੰਟਰਨੈਟ ਰਾਹੀਂ ਆਨਲਾਈਨ ਕਲਾਸਾਂ ਜਿਵੇਂ ਕਿ ਲੈਪਟਾਪਾਂ, ਸਮਾਰਟਫੋਨਜ਼, ਆਈਪੈਡ, ਦੇ ਜ਼ਰੀਏ ਜਾਰੀ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਇਹ ਆਰਥਿਕ ਤੌਰ ਤੇ ਕਮਜ਼ੋਰ ਵਰਗ ਨੂੰ ਇਸ ਦਾ ਲਾਭ ਲੈਣ ਤੋਂ ਵਾਝੇ ਹਨ ਇਹਨਾਂ ਲਈ ਆਨਲਾਈਨ ਸਿੱਖਿਆ ਸਹੂਲਤ ਅਤੇ ਦੂਰ ਦੁਰਾਡੇ ਇਲਾਕਿਆਂ ਵਿੱਚ ਰਹਿਣ ਵਾਲੇ ਜਿੱਥੇ ਇੰਟਰਨੈਟ ਨਹੀਂ ਪਹੁੰਚ ਦਾ ਉਹਨਾਂ ਲਈ ਇਹ ਅਜੇ ਵੀ ਇੱਕ ਸੁਪਨਾ ਹੈ.

ਮੇਰਾ ਕਹਿਣਾ ਹੈ, ਮੰਨ ਲਓ ਕਿ ਜੇ ਕੋਈ ਵਿਦਿਆਰਥੀ ਆਰਥਿਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਹੈ ਅਤੇ ਉਸ ਦੇ ਮਾਪੇ ਆਨਲਾਈਨ ਕਲਾਸਾਂ ਲਈ ਇੰਟਰਨੈਟ ਕੁਨੈਕਸ਼ਨ, ਸਮਾਰਟਫੋਨ, ਜਾਂ ਲੈਪਟਾਪ ਨਹੀਂ ਲੈ ਸਕਦੇ, ਤਾਂ ਉਸ ਸਥਿਤੀ ਵਿੱਚ, ਉਹ ਆਨਲਾਈਨ ਕਲਾਸਾਂ ਨਹੀ ਲਾ ਸਕਦੇ। ਇਸ ਤਰ੍ਹਾਂ ਇਹ ਸਹੂਲਤ ਵੀ ਗੁੰਝਲਦਾਰ ਬਣ ਕੇ



ਰਹਿ ਗਈ ਹੈ, ਇਹ ਸਪੱਸ਼ਟ ਤੌਰ ਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਵਿਚ ਵਿਤਕਰਾ ਕਰਨ ਦੇ ਕੰਮ ਨੂੰ ਦਰਸਾਉਂਦੀ ਹੈ।

ਫਿਲਹਾਲ ਇਹ ਆਨਲਾਈਨ ਕਲਾਸਾਂ ਵਿਕਲਪਿਕ ਹਨ, ਪਰ ਇਕ ਗੱਲ ਬਹੁਤ ਸਪੱਸ਼ਟ ਹੈ ਕਿ ਇਨ੍ਹਾਂ ਸੈਸ਼ਨਾਂ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ , ਸੰਸਥਾਵਾਂ ਮੁੜ ਖੋਲ੍ਹਣ ਤੋਂ ਤੁਰੰਤ ਬਾਅਦ ਇਸ ਸਮਗਰੀ ਦੇ ਅਧਾਰ ਤੇ ਪ੍ਰੀਖਿਆਵਾਂ ਕਰਵਾਈਆਂ ਜਾਣਗੀਆਂ। ਉਹਨਾਂ ਗਰੀਬ ਵਿਦਿਆਰਥੀਆਂ ਨੂੰ ਸਮਾਜ ਵਿੱਚ ਬਿਨਾਂ ਇੰਟਰਨੈਟ ਸਹੂਲਤ ਜਾਂ ਯੰਤਰਾਂ ਵਾਲੇ ਵਿਦਿਆਰਥੀਆਂ ਨੂੰ ਸਮਾਜ ਦੇ ਅਮੀਰ ਵਰਗਾਂ ਦੇ ਬਰਾਬਰ ਇਮਤਿਹਾਨ ਦੇਣ ਦੀ ਚੁਣੌਤੀ ਦਾ ਸਾਹਮਣਾ ਕਰਨ ਪਾਏਗਾ। ਇਕ ਪਾਸੇ, ਭਾਰਤ ਸਰਕਾਰ ਤਾਲਾਬੰਦ ਹੋਣ ਦੌਰਾਨ ਸਾਰੇ ਵਿਦਿਆਰਥੀਆਂ ਨੂੰ ਸਰਬੋਤਮ ਆਨ ਲਾਈਨ ਸਿਖਿਆ ਦੇਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ ਪਰ ਇਸ ਦੇ ਨਾਲ ਹੀ ਇਹ ਸਿੱਧੇ ਤੌਰ ਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਅਤੇ ਦੂਰ ਦੁਰਾਡੇ ਦੇ ਖੇਤਰਾਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਇਸ ਸਹੂਲਤ ਦਾ ਲਾਭ ਨਹੀਂ ਨੂੰ ਮਿਲ ਰਿਹਾ। ਇਸ ਤੋਂ ਇਲਾਵਾ, ਇਹ ਸਪੱਸ਼ਟ ਹੈ ਕਮਜ਼ੋਰ ਸੈਕਸ਼ਨ ਅਤੇ ਅਮੀਰ ਸੈਕਸ਼ਨ ਦੇ ਵਿਚਕਾਰ ਇੱਕ ਡਿਜੀਟਲ ਵੰਡ ਦੀ ਇੱਕ ਲਾਈਨ ਖਿੱਚੀ ਜਾ ਰਹੀ ਹੈ।

ਕੁਝ ਮਾਮਲਿਆਂ ਵਿੱਚ, ਮੱਧ ਵਰਗੀ ਪਰਿਵਾਰਾਂ ਲਈ ਆਨਲਾਈਨ ਕਲਾਸਾਂ ਦੀ ਸਹੂਲਤ ਦਾ ਲਾਭ ਲੈਣਾ ਵੀ ਮੁਸ਼ਕਲ ਹੋ ਗਿਆ ਹੈ, ਕਿਉਂਕਿ ਘਰ ਵਿੱਚ ਦੋ ਜਾਂ ਤਿੰਨ ਬੱਚੇ ਹੋਣ ਵਾਲੇ ਬੱਚਿਆਂ ਨੂੰ ਦੋ ਜਾਂ ਤਿੰਨ ਯੰਤਰਾਂ ਦੀ ਜ਼ਰੂਰਤ ਹੁੰਦੀ ਹੈ, ਜਿਵੇਂ ਕਿ ਕੁਝ ਮਾਮਲਿਆਂ ਸਕੂਲ ਵਿੱਚ ਆਨਲਾਈਨ ਕਲਾਸਾਂ ਦਾ ਸਮਾਂ ਇਸ ਸਥਿਤੀ ਵਿੱਚ ਇਕੋ ਜਿਹੇ ਹੋ ਤਾਂ ਮਾਪਿਆਂ ਲਈ ਇਹ ਮਹਿੰਗੇ ਯੰਤਰ ਜਿਵੇਂ ਸਮਾਰਟਫੋਨ, ਲੈਪਟਾਪ ਅਤੇ ਖਰੀਦਣਾ ਮੁਸ਼ਕਲ ਹੋ ਗਿਆ ਹੈ. ਪਹਿਲਾਂ ਹੀ ਹਰ ਕੋਈ ਬਹੁਤ ਹੀ ਮੁਸ਼ਕਲ ਸਮੇਂ ਵਿੱਚੋਂ ਲੰਘ ਰਿਹਾ ਹੈ ਜਿੱਥੋਂ ਤੱਕ ਕੋਵੀਡ 19 ਮਹਾਂਮਾਰੀ ਦੀ ਚਿੰਤਾ ਹੈ ਅਤੇ ਕਿਸੇ ਦੀ ਨੌਕਰੀ ਦੀ ਸੁਰੱਖਿਆ ਵੀ ਬਹੁਤ ਅਨਿਸ਼ਚਿਤ ਹੈ.

ਅਸੀਂ ਆਨਲਾਈਨ ਸਿਖਿਆ ਪ੍ਰਣਾਲੀ ਦੇ ਵਿਰੁੱਧ ਨਹੀਂ ਹਾਂ, ਪਰ ਬਸ ਇਹ ਮੰਗ ਕਰਦੇ ਹਾਂ ਕਿ ਭਾਰਤ ਸਰਕਾਰ ਨੂੰ ਬੱਚਿਆਂ ਉੱਤੇ ਪਹੁੰਚਣ ਦੇ ਅਨੁਕੂਲ ਤਰੀਕਿਆਂ ਬਾਰੇ ਮੁੜ ਵਿਚਾਰ ਕਰਨ ਦੀ ਲੋੜ ਹੈ. ਕੋਵਿਡ -19 ਦੇ ਕਾਰਨ ਸਿੱਖਿਆ ਦਾ ਪੂਰਾ ਸੁਭਾਅ ਜ਼ਰੂਰ ਬਦਲਣ ਜਾ ਰਿਹਾ ਹੈ ਅਤੇ ਸਰਕਾਰ ਨੂੰ ਸਮਾਜ ਦੇ ਅਮੀਰ ਵਰਗ ਅਤੇ ਕਮਜ਼ੋਰ ਵਰਗ ਦੇ ਵਿਚਕਾਰ ਸੰਤੁਲਨ ਕਾਇਮ ਰੱਖਣ ਲਈ ਨਵੀਆਂ ਰਣਨੀਤੀਆਂ, ਨਵੇਂ ਰਾਹ ਬਣਾਉਣ ਅਤੇ ਨਵੇਂ ਢੰਗ ਲੱਭਣ ਦੀ ਜ਼ਰੂਰਤ ਹੈ ਜਿੱਥੋਂ ਤੱਕ ਆਨਲਾਈਨ ਸਿੱਖਿਆ ਦਾ ਸਬੰਧ ਹੈ, ਨਹੀਂ ਤਾਂ, ਆਰਥਿਕ ਤੌਰ 'ਤੇ ਕਮਜ਼ੋਰ ਸੈਕਸ਼ਨ ਦੇ ਵਿਦਿਆਰਥੀਆਂ ਲਈ ਅਮੀਰ ਸੈਕਸ਼ਨ ਦਾ ਮੁਕਾਬਲਾ ਕਰਨਾ ਮੁਸ਼ਕਲ ਹੋ ਜਾਵੇਗਾ.

# ਅਨਮੋਲ ਹੀਰਾ ਲਾਲ ਬਹਾਦਰ ਸ਼ਾਸਤਰੀ

### ਜਨਮ ਦਿਹਾੜੇ 'ਤੇ ਵਿਸ਼ੇਸ਼

ਸਾਰਿਕਾ ਜਿੰਦਲ



ਬਹੁਤ ਪੁਰਾਣੀ ਗੱਲ ਹੈ, ਇਕ ਕਿਸਾਨ ਦੇ ਲੜਕੇ ਦੁਨੀ ਚੰਦ ਨੂੰ ਝੂਠ ਬੋਲਣ ਦੀ ਭੈੜੀ ਆਦਤ ਪੈ ਗਈ। ਉਹ ਗੱਲ-ਗੱਲ 'ਤੇ ਝੂਠ ਬੋਲਦਾ। ਜੇ ਕੋਈ ਉਸ ਤੋਂ ਝੂਠੀ ਗੱਲ ਦੀ ਸਫ਼ਾਈ ਮੰਗਦਾ ਤਾਂ ਉਹ ਪੈਰਾਂ 'ਤੇ ਪਾਣੀ ਨਾ ਪੈਣ ਦਿੰਦਾ। ਕਈ ਵਾਰ ਉਹ ਘਰੋਂ ਚੀਜ਼ਾਂ ਚੋਰੀ ਕਰ ਕੇ ਲੈ ਜਾਂਦਾ ਤੇ ਮਗਰੋਂ ਪੁੱਛਣ 'ਤੇ ਸਾਫ਼ ਮੁੱਕਰ ਜਾਂਦਾ ਕਿ ਮੈਂ ਤਾਂ ਘਰ ਦੀ ਕੋਈ ਚੀਜ਼ ਚੋਰੀ ਹੀ ਨਹੀਂ ਕੀਤੀ।

ਦੁਨੀ ਚੰਦ ਚੋਰੀ ਕੀਤੇ ਹੋਏ ਪੈਸਿਆਂ ਨਾਲ ਤਾਰੇ ਸੁਨਿਆਰੇ ਦੀ ਹੱਟੀ ਤੋਂ ਖਾਣ-ਪੀਣ ਦੀਆਂ ਚੀਜ਼ਾਂ ਖ਼ਰੀਦਦਾ ਤੇ ਮਜ਼ੇ ਨਾਲ ਜ਼ਿੰਦਗੀ ਬਸਰ ਕਰਦਾ। ਉਸ ਦੀ ਇਸ ਭੈੜੀ ਆਦਤ ਬਾਰੇ ਜਾਣ ਕੇ ਉਸਦੀ ਮਾਂ ਦਿਨੋਂ ਦਿਨ ਚਿੰਤਾ ਵਿਚ ਡੁੱਬਦੀ ਜਾ ਰਹੀ ਸੀ। ਉਹ ਜਾਣਦੀ ਸੀ ਕਿ ਜੇਕਰ ਇਸਨੇ ਆਪਣੀ ਇਹ ਆਦਤ ਨਾ ਸੁਧਾਰੀ ਤਾਂ ਇਕ ਨਾ ਇਕ ਦਿਨ ਇਹ ਲੜਕਾ ਚੋਰ ਦੇ ਨਾਂ ਨਾਲ ਮਸ਼ਹੂਰ ਹੋ ਜਾਵੇਗਾ, ਜੋ ਪੂਰੇ ਖਾਨਦਾਨ 'ਤੇ ਧੱਬਾ ਹੋਵੇਗਾ। ਇਕ ਦਿਨ ਉਨ੍ਹਾਂ ਦੇ ਘਰ ਕੋਈ ਘੁੰਮਦਾ-ਫਿਰਦਾ ਸਾਧੂ ਆਇਆ। ਦੁਨੀ ਚੰਦ ਦੀ ਮਾਂ ਘਰ ਹੀ ਸੀ। ਸਾਧੂ ਨੂੰ ਖ਼ੈਰ ਪਾਉਂਦਿਆਂ ਗੱਲੀਂ-ਗੱਲੀਂ ਮਾਂ ਨੇ ਆਪਣੇ ਨਾਲਾਇਕ ਪੁੱਤਰ ਦੀ ਭੈੜੀ ਆਦਤ ਦਾ ਜ਼ਿਕਰ ਸਾਧੂ ਕੋਲ ਕਰ ਦਿੱਤਾ। ਇਹ ਸੁਣਕੇ ਸਾਧੂ ਬੋਲਿਆ, 'ਇਹ ਤਾਂ ਮਾਮੂਲੀ ਗੱਲ ਹੈ। ਮੈਂ ਤਾਂ ਹਜ਼ਾਰਾਂ ਬੱਚਿਆਂ ਨੂੰ ਝੂਠ ਬੋਲਣ ਦੀ ਭੈੜੀ ਆਦਤ ਤੋਂ ਛੁਟਕਾਰਾ ਦਿਵਾਇਆ ਹੈ।' ਉਸ ਸਾਧੂ ਨੇ ਦੁਨੀ ਚੰਦ ਦੀ ਮਾਂ ਨੂੰ ਕਿਹਾ ਕਿ ਉਹ ਕਿਤੋਂ ਮੁਰਗੀ ਦਾ ਇਕ ਆਂਡਾ ਲੈ ਕੇ ਆਵੇ। ਮੈਂ ਉਸ ਆਂਡੇ 'ਤੇ ਮੰਤਰ ਪੜ੍ਹ ਦਿਆਂਗਾ ਤੇ ਫਿਰ ਉਹ ਆਂਡਾ ਉਬਾਲ ਕੇ ਦੁਨੀ ਚੰਦ ਨੂੰ ਖਵਾ ਦੇਣਾ। ਬਸ, ਫਿਰ ਜਦੋਂ ਵੀ ਦੁਨੀ ਚੰਦ ਝੂਠ ਬੋਲੇਗਾ ਤਾਂ ਆਂਡਾ ਦੁਨੀ ਚੰਦ ਦੇ ਪੇਟ ਵਿਚ ਬੋਲਿਆ ਕਰੇਗਾ, 'ਕੁਕੜੂੰ-ਘੜੂੰ'। ਇਸ ਤਰ੍ਹਾਂ ਦੁਨੀ ਚੰਦ ਦਾ ਝੂਠ ਮੌਕੇ 'ਤੇ ਹੀ ਫੜਿਆ ਜਾਵੇਗਾ। ਉਸ ਵੇਲੇ ਦੁਨੀ ਚੰਦ ਸਜ਼ਾ ਦਾ ਭਾਗੀ ਹੋਇਆ ਕਰੇਗਾ। ਇਹ ਸਭ ਗੱਲਾਂ ਸਾਧੂ ਨੇ ਨਾਲ ਖੜ੍ਹੇ ਦੁਨੀ ਚੰਦ ਨੂੰ ਸੁਣਾ ਕੇ ਕਹੀਆਂ। ਕੋਲ ਖੜ੍ਹਾ ਦੁਨੀ ਚੰਦ ਸਾਧੂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਿਹਾ ਸੀ। ਉਸ ਅੰਦਰ ਸਾਧੂ ਦੀ 'ਕੁਕੜੂੰ-ਘੜੂੰ' ਵਾਲੀ ਗੱਲ ਘਰ ਕਰ ਗਈ। ਉਹ ਸੋਚਾਂ ਵਿਚ ਡੁੱਬ ਗਿਆ ਕਿ ਹੁਣ ਉਹ ਚੋਰੀ ਕਰਕੇ ਮਜ਼ੇ ਕਿਵੇਂ ਲਏਗਾ?

ਉਧਰ ਸਾਧੂ ਦੇ ਕਹੇ ਅਨੁਸਾਰ ਦੁਨੀ ਚੰਦ ਦੀ ਮਾਂ ਪਿੰਡ ਵਿਚੋਂ ਕਿਸੇ ਮੁਰਗੀਆਂ ਵਾਲੇ ਘਰੋਂ ਮੁਰਗੀ ਦਾ ਇਕ ਆਂਡਾ ਲੈ ਆਈ। ਸਾਧੂ ਨੇ ਆਂਡਾ ਮੁੱਠੀ ਵਿਚ ਫੜ ਕੇ ਆਪਣੇ ਮੂੰਹ ਵਿਚ ਹੀ ਮੰਤਰ ਪੜ੍ਹਿਆ ਤੇ ਅੰਤ ਵਿਚ ਉੱਚੀ ਆਵਾਜ਼ ਵਿਚ ਕਿਹਾ, 'ਸੱਚੇ ਦਾ ਬੋਲ ਬਾਲਾ-ਝੂਠੇ ਦਾ ਮੂੰਹ ਕਾਲਾ।' ਉਸਦੀ ਮਾਂ ਨੇ ਸ਼ਾਮ ਤਕ ਉਹ ਆਂਡਾ ਉਬਾਲ ਕੇ ਦੁਨੀ ਚੰਦ ਨੂੰ ਖਵਾ ਦਿੱਤਾ। ਇਸ ਤੋਂ ਬਾਅਦ ਦੁਨੀ ਚੰਦ ਨੇ ਕਦੇ ਵੀ ਝੂਠ ਨਹੀਂ ਬੋਲਿਆ। ਨਾ ਹੀ ਉਸ ਨੇ ਕਦੇ ਚੋਰੀ ਕੀਤੀ। ਉਹ ਸਾਧੂ ਵਾਲੀ ਗੱਲ ਭਲੀਭਾਂਤ ਜਾਣਦਾ ਸੀ ਕਿ ਜੇ ਉਸ ਨੇ ਕਦੇ ਝੂਠ ਬੋਲਿਆ ਤਾਂ ਆਂਡਾ ਢਿੱਡ ਵਿਚੋਂ ਆਵਾਜ਼ ਦੇਵੇਗਾ 'ਕੁਕੜੂੰ ਘੜੂੰ' ਤੇ ਉਸ ਦਾ ਝੂਠ ਮੌਕੇ 'ਤੇ ਹੀ ਫੜਿਆ ਜਾਵੇਗਾ।

ਫਿਰ ਕੁਝ ਸਾਲਾਂ ਤਕ ਦੁਨੀ ਚੰਦ ਵੱਡਾ ਹੋ ਗਿਆ। ਉਦੋਂ ਤਕ ਉਹ ਸਾਧੂ ਦੇ ਆਂਡੇ ਵਾਲੀ ਗੱਲ ਵੀ ਭੁੱਲ-ਭੁਲਾ ਗਿਆ ਸੀ। ਇਸ ਤਰ੍ਹਾਂ ਕਈ ਸਾਲ ਚੋਰੀ ਨਾ ਕਰਨ ਤੇ ਝੂਠ ਨਾ ਬੋਲਣ ਕਰਕੇ ਝੂਠ ਅਤੇ ਚੋਰੀ-ਚਕਾਰੀ ਦੀ ਆਦਤ ਉਸ ਦੇ ਅੰਦਰੋਂ ਵੈਸੇ ਹੀ ਖ਼ਤਮ ਹੋ ਗਈ ਸੀ। ਇੰਜ ਉਸ ਸਾਧੂ ਦੇ ਚਮਤਕਾਰੀ ਆਂਡੇ ਨੇ ਦੁਨੀ ਚੰਦ ਦੀ ਜ਼ਿੰਦਗੀ ਦਾ ਰੁਖ਼ ਹੀ ਬਦਲ ਕੇ ਰੱਖ ਦਿੱਤਾ।

# ਜੁਝਾਰੂ ਪਿੰਡ ਦਾ ਜੁਝਾਰੂ ਪੁੱਤ ਮੁਖਤਿਆਰ ਸਿੰਘ ਕਿਸ਼ਨਗੜ੍ਹ

ਰਣਜੀਤ ਲਹਿਰਾ



ਇਤਿਹਾਸਕ ਪਿੰਡ ਕਿਸ਼ਨਗੜ੍ਹ ਦੇ ਕਿਸਾਨ ਮੁਖਤਿਆਰ ਸਿੰਘ ਨੇ ਤਿੰਨ ਖੇਤੀ ਆਰਡੀਨੈਂਸਾਂ ਵਿਰੋਧੀ ਸਾਂਝੇ ਘੋਲ ਦਾ ਪਹਿਲਾ ਸ਼ਹੀਦ ਹੋਣ ਦਾ ਮਾਣ ਹਾਸਲ ਕੀਤਾ ਹੈ। ਪੰਜਾਬ ਦੀ ਸਾਹ ਰਗ ਨੂੰ ਹੱਥ ਪਾਉਣ ਵਾਲੇ ਤਿੰਨ ਖੇਤੀ ਆਰਡੀਨੈਂਸਾਂ ਦਾ ਪੱਖ ਪੂਰਨ ਵਾਲੇ ਬਾਦਲਕਿਆਂ ਦੇ ਦਰਾਂ ਤੇ ਪਿੰਡ ਬਾਦਲ ਵਿਚ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਵੱਲੋਂ ਲਾਏ ਪੰਜ ਦਿਨਾ ਧਰਨੇ ਵਿਚ ਸ਼ਾਮਲ ਹੋਏ ਪਿੰਡ ਕਿਸ਼ਨਗੜ੍ਹ ਦੇ ਕਿਸਾਨਾਂ ਦੇ ਕਾਫਲੇ ਵਿਚ ਮੁਖਤਿਆਰ ਸਿੰਘ ਵੀ ਸ਼ਾਮਲ ਸੀ। ਉਹ ਪੰਜ ਦਿਨ ਤੇ ਰਾਤਾਂ ਲਗਾਤਾਰ ਧਰਨੇ ਵਿਚ ਹਾਜ਼ਰ ਰਿਹਾ। 22 ਸਤੰਬਰ ਨੂੰ ਧਰਨੇ ਦੀ ਸਮਾਪਤੀ ਤੋਂ ਬਾਅਦ ਵਾਪਸੀ ਸਮੇਂ ਬਠਿੰਡੇ ਕੋਲ ਇਸ ਕਾਫਲੇ ਦੀ ਵੈਨ ਦੇ ਦੋ ਟਾਇਰ ਫਟ ਗਏ ਪਰ ਸਾਰਿਆਂ ਦਾ ਬਚਾਅ ਹੋ ਗਿਆ। ਉੱਥੋਂ ਇਸ ਕਾਫਲੇ ਨੇ ਇੱਕ ਮਿੰਨੀ ਬੱਸ ਕਿਰਾਏ ਤੇ ਕਰ ਲਈ। ਇਹ ਬੱਸ ਬਠਿੰਡਾ-ਮੌੜ ਮੰਡੀ ਵਾਲੀ ਸੜਕ ਤੇ ਟਰਾਲੇ ਨਾਲ ਟਕਰਾ ਗਈ। ਇਸ ਟੱਕਰ ਵਿਚ ਕਿਸਾਨ ਕਾਫਲੇ ਦੇ ਦਸ-ਪੰਦਰਾਂ ਸਾਥੀ ਜ਼ਖ਼ਮੀ ਹੋ ਗਏ ਜਿਨ੍ਹਾਂ ਵਿਚੋਂ ਸਾਥੀ ਮੁਖਤਿਆਰ ਸਿੰਘ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਗਿਆ।

ਕਰੀਬ 62 ਸਾਲ ਪਹਿਲਾਂ ਮੁਖਤਿਆਰ ਸਿੰਘ ਨੇ ਮੋਹਲਾ ਸਿੰਘ ਦੇ ਘਰ ਉਸ ਪਿੰਡ ਵਿਚ ਜਨਮ ਲਿਆ ਸੀ ਜਿਸ ਨੂੰ ਪੈਪਸੂ ਮੁਜਾਰਾ ਲਹਿਰ ਦੀ ਰਾਜਧਾਨੀ ਹੋਣ ਦਾ ਮਾਣ ਹਾਸਲ ਸੀ। ਆਜ਼ਾਦੀ ਹਾਲੇ ਦੇਸ਼ ਦੀਆਂ ਬਰੂਹਾਂ ਟੱਪ ਕੇ ਦਿੱਲੀ ਪਹੁੰਚੀ ਹੀ ਸੀ ਕਿ ਦਿੱਲੀ ਦੇ ਨਵੇਂ ਬਣੇ ਹਾਕਮਾਂ ਨੇ ਪੈਪਸੂ ਮੁਜਾਰਾ ਲਹਿਰ ਦਾ ਲੱਕ ਤੋੜਨ ਲਈ ਪਿੰਡ ਕਿਸ਼ਨਗੜ੍ਹ ਤੇ ਤੋਪਾਂ ਨਾਲ ਗੋਲੇ ਬਰਸਾਉਣ ਅਤੇ ਪਿੰਡ ਦੀ ਇੱਟ ਨਾਲ ਇੱਟ ਖੜਕਾਉਣ ਦਾ ਹੁਕਮ ਸਾਦਰ ਕਰ ਦਿੱਤਾ ਸੀ। ਤਵਾਰੀਖ ਦੱਸਦੀ ਹੈ ਕਿ 19 ਮਾਰਚ 1949 ਨੂੰ ਦੇਸ਼ ਵਿਚ ਪਹਿਲੀ ਵਾਰ ਪਿੰਡ ਕਿਸ਼ਨਗੜ੍ਹ ਵਿਚ ਮਾਰਸ਼ਲ ਲਾਅ ਲਾਗੂ ਕਰ ਕੇ ਅਤੇ ਪਿੰਡ ਨੂੰ ਘੇਰਾ ਪਾ ਕੇ ਤੋਪਾਂ ਨਾਲ ਗੋਲੇ ਸੁੱਟੇ ਗਏ ਸਨ। ਇਸ ਗੋਲਾਬਾਰੀ ਵਿਚ ਤਿੰਨ ਜਣੇ ਸ਼ਹੀਦ ਹੋ ਗਏ, ਫਿਰ ਵੀ ਪਿੰਡ ਦੇ ਲੋਕਾਂ ਨੇ ਪਿੰਡ ਵਿਚ ਘਿਰ ਗਏ ਮੁਜਾਰਾ ਲਹਿਰ ਦੇ ਸਭ ਆਗੂਆਂ ਨੂੰ ਸਹੀ ਸਲਾਮਤ ਬਾਹਰ ਭੇਜਣ ਵਿਚ ਸਫਲਤਾ ਹਾਸਲ ਕੀਤੀ।

ਆਪਣੇ ਪਿੰਡ ਦੇ ਨਾਬਰੀ ਦੇ ਇਸ ਮਾਣਮੱਤੇ ਇਤਿਹਾਸ ਦੀ ਗਾਥਾ ਮੁਖਤਿਆਰ ਸਿੰਘ ਬਚਪਨ ਤੋਂ ਸੁਣਦਾ ਆਇਆ ਸੀ। ਹਰ ਸਾਲ ਉਸ ਦੇ ਪਿੰਡ ਸ਼ਹੀਦੀ ਕਾਨਫਰੰਸਾਂ ਹੁੰਦੀਆਂ ਸਨ, ਸ਼ਹੀਦਾਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਸਨ (ਅੱਜ ਵੀ ਗਾਈਆਂ ਜਾਂਦੀਆਂ ਹਨ)। ਅਜਿਹੇ ਹਾਲਾਤ ਵਿਚ ਮੁਖਤਿਆਰ ਸਿੰਘ ਦਾ ਝੁਕਾਅ ਲੋਕ ਹੱਕਾਂ ਲਈ ਜੂਝਦੀਆਂ ਜਥੇਬੰਦੀਆਂ ਵੱਲ ਹੋਣਾ ਸੁਭਾਵਿਕ ਹੀ ਸੀ। ਸੱਤਰਵਿਆਂ ਦੇ ਅੰਤਲੇ ਦਿਨੀਂ ਚੜ੍ਹਦੀ ਜਵਾਨੀ ਵਿਚ ਆਪਣੀ ਭੈਣ ਦੇ ਪਿੰਡ ਗੰਢੂਆਂ ਵਿਚ ਰਹਿੰਦਿਆਂ ਉਹਦਾ ਵਾਹ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਪ੍ਰਨਾਈ ਨੌਜਵਾਨ ਭਾਰਤ ਸਭਾ ਨਾਲ ਪੈ ਗਿਆ। ਉਹ ਨੌਜਵਾਨ ਭਾਰਤ ਸਭਾ ਇਲਾਕਾ ਲਹਿਰਾਗਾਗਾ ਦੀਆਂ ਸਰਗਰਮੀਆਂ ਵਿਚ ਸ਼ਮੂਲੀਅਤ ਕਰਨ ਲੱਗਾ ਅਤੇ ਸਭਾ ਦੀ ਇਲਾਕੇ ਦੀ ਮੋਹਰੀ ਟੀਮ ਵਿਚ ਸ਼ਾਮਲ ਹੋ ਗਿਆ।

ਅਕਾਲੀ ਐੱਮਪੀ ਦੀ ਸ਼ਹਿ ਪ੍ਰਾਪਤ ਲੋਕਾਂ ਵੱਲੋਂ ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਦੇ ਕਤਲ ਖਿਲਾਫ਼ ਚੱਲੇ ਜਾਨ ਹੂਲਵੇਂ ਸੰਘਰਸ਼ ਅਤੇ ਫਿਰ ਬੱਸ ਕਿਰਾਇਆਂ ਵਿਚ ਵਾਧੇ ਵਿਰੋਧੀ ਇਤਿਹਾਸਕ ਘੋਲ ਵਿਚ ਸਾਥੀ ਮੁਖਤਿਆਰ ਸਿੰਘ ਨੇ ਜੀ ਜਾਨ ਨਾਲ ਕੰਮ ਕੀਤਾ। ਇਸੇ ਦੌਰਾਨ ਕੁਝ ਸਮਾਂ ਉਹਨੇ ਸਹਿਕਾਰੀ ਖੇਤੀਬਾੜੀ ਸਭਾ, ਮੈਦੇਵਾਸ ਵਿਚ ਬਤੌਰ ਸੈਕਟਰੀ ਰਹਿੰਦੇ ਹੋਏ ਕਿਸਾਨਾਂ ਦੀ ਸੇਵਾ ਕੀਤੀ। ਫਿਰ ਉਹ ਆਪਣੇ ਪਿੰਡ ਰਹਿਣ ਲੱਗਾ। ਉਹਦਾ ਵਿਆਹ ਬੀਬੀ ਸੁਰਜੀਤ ਕੌਰ ਨਾਲ ਹੋਇਆ ਅਤੇ ਉਨ੍ਹਾਂ ਦੇ ਘਰ ਦੋ ਪੁੱਤਰਾਂ ਤੇ ਇੱਕ ਧੀ ਨੇ ਜਨਮ ਲਿਆ। ਉਹਦਾ ਇੱਕ ਪੁੱਤਰ ਏਅਰ ਫੋਰਸ ਵਿਚ ਅਤੇ ਦੂਜਾ ਪਾਵਰਕਾਮ ਵਿਚ ਮੁਲਾਜ਼ਮ ਹੈ।

ਪਿਛਲੇ ਤੀਹ ਕੁ ਸਾਲਾਂ ਤੋਂ, ਜਦੋਂ ਤੋਂ ਉਹ ਆਪਣੇ ਜੱਦੀ ਪਿੰਡ ਰਹਿਣ ਲੱਗਾ ਸੀ, ਸਾਥੀ ਮੁਖਤਿਆਰ ਸਿੰਘ ਪਤਾ ਨਹੀਂ ਕਿੰਨੀ ਵਾਰ ਆਪਣੇ ਪਿੰਡ ਨੂੰ ਪੁਲੀਸ ਵੱਲੋਂ ਪਾਏ ਜਾਂਦੇ ਘੇਰਿਆਂ, ਮਾਰੇ ਜਾਂਦੇ ਛਾਪਿਆਂ ਦਾ ਗਵਾਹ ਬਣਿਆ। ਉਹਨੇ ਆਪਣੇ ਪਿੰਡ ਦੇ ਲੋਕ ਆਗੂਆਂ ਨੂੰ ਥਾਣੇ, ਜੇਲ੍ਹੀਂ ਜਾਂਦੇ ਹੋਏ ਆਪਣੀ ਅੱਖੀਂ ਤੱਕਿਆ। ਆਪਣੇ ਵਿੱਤ ਮੁਜਬ ਉਹ ਕਿਸਾਨਾਂ-ਮਜ਼ਦੂਰਾਂ ਦੇ ਘੋਲਾਂ ਵਿਚ ਹਿੱਸਾ ਪਾਉਂਦਾ ਰਿਹਾ ਅਤੇ ਇਨਕਲਾਬੀ ਲਹਿਰ ਦਾ ਸ਼ੁਭਚਿੰਤਕ ਤੇ ਹਮਾਇਤੀ ਬਣ ਕੇ ਵਿਚਰਦਾ ਰਿਹਾ।

ਕਿਸ਼ਨਗੜ੍ਹ ਉਨ੍ਹਾਂ ਪਿੰਡਾਂ ਵਿਚੋਂ ਹੈ ਜਿਨ੍ਹਾਂ ਪਿੰਡਾਂ ਦੀਆਂ ਸਰਗਰਮੀਆਂ ਵਿਚ ਮੈਂ ਖੁਦ ਸਭ ਤੋਂ ਵੱਧ ਸ਼ਾਮਲ ਰਿਹਾ ਹਾਂ। ਇਨ੍ਹਾਂ ਸਰਗਰਮੀਆਂ ਵਿਚ ਮੈਂ ਮੁਖਤਿਆਰ ਸਿੰਘ ਨੂੰ ਸਦਾ ਲੋਕਾਂ ਦੇ ਨਾਲ ਖੜ੍ਹਾ ਤੱਕਿਆ। ਉਹ ਗੰਭੀਰ ਤੇ ਸੁਭਾਅ ਦਾ ਸਾਊ ਇਨਸਾਨ ਸੀ। ਇਨਕਲਾਬੀ ਲਹਿਰ ਦਾ ਪੱਕਾ ਸ਼ੁਭਚਿੰਤਕ ਸੀ। ਬਿਨਾ ਕਿਸੇ ਭਿੰਨਭੇਦ ਤੇ ਪੱਖਪਾਤ ਦੇ ਉਹ ਸਮੁੱਚੀ ਕਿਸਾਨ ਲਹਿਰ ਦਾ ਸੰਗੀ-ਸਾਥੀ ਸੀ। ਉਹ ਹਰ ਉਸ ਸਰਗਰਮੀ ਵਿਚ ਸ਼ਮੂਲੀਅਤ ਕਰਦਾ ਜਿਹੜੀ ਕਿਸਾਨਾਂ ਦੇ ਮੁੜ੍ਹਕੇ ਦਾ ਮੁਲ ਪਾਉਣ ਲਈ ਕੀਤੀ ਜਾਂਦੀ ਅਤੇ ਪਿੰਡ ਦੇ ਸਾਂਝੇ ਮਸਲਿਆਂ ਤੇ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਲੈ ਕੇ ਵਿੱਢੀ ਜਾਂਦੀ। ਸੱਚੇ ਅਰਥਾਂ ਵਿਚ ਉਹ ਖੇਤਾਂ ਦਾ ਅਜਿਹਾ ਪੁੱਤ ਸੀ ਜਿਹੜਾ ਵਿਹਲੜਾਂ ਦੇ ਵੱਗਾਂ ਤੋਂ ਖੇਤਾਂ ਨੂੰ ਹਰ ਹੀਲੇ ਬਚਾਈ ਰੱਖਣਾ ਚਾਹੁੰਦਾ ਸੀ।

ਨਿਸ਼ਚੇ ਹੀ ਸਾਥੀ ਮੁਖਤਿਆਰ ਸਿੰਘ ਦੇ ਚਲੇ ਜਾਣ ਨਾਲ ਉਹਦੇ ਪਰਿਵਾਰ ਨੂੰ, ਉਹਦੇ ਪਿੰਡ ਨੂੰ ਕਿਸਾਨ ਲਹਿਰ ਨੂੰ ਵੱਡਾ ਘਾਟਾ ਪਿਆ ਹੈ ਪਰ ਉਹਦੇ ਪਰਿਵਾਰ, ਪਿੰਡ, ਕਿਸਾਨ ਲਹਿਰ ਨੂੰ ਉਹਦੇ ਉੱਤੇ ਸਦਾ ਮਾਣ ਰਹੇਗਾ ਕਿ ਉਹਦੇ ਖ਼ੂਨ ਨੇ ਕਿਸਾਨ ਲਹਿਰ ਨੂੰ ਸਿੰਜਿਆ ਹੈ। ਕਿਸਾਨ ਜਥੇਬੰਦੀਆਂ ਨੇ ਸਾਥੀ ਮੁਖਤਿਆਰ ਸਿੰਘ ਨੂੰ ਕਿਸਾਨਾਂ ਅਤੇ ਪੰਜਾਬ ਦੇ ਜੜ੍ਹੀਂ ਤੇਲ ਦੇਣ ਵਾਲੇ ਤਿੰਨ ਖੇਤੀ ਆਰਡੀਨੈਂਸਾਂ ਵਿਰੋਧੀ ਸੰਘਰਸ਼ ਦਾ ਪਹਿਲਾ ਸ਼ਹੀਦ ਕਰਾਰ ਦਿੱਤਾ ਹੈ।

2 ਅਕਤੂਬਰ ਨੂੰ ਪਿੰਡ ਕਿਸ਼ਨਗੜ੍ਹ ਦੀ ਧਰਤੀ ਤੇ ਸਾਥੀ ਮੁਖਤਿਆਰ ਸਿੰਘ ਦੇ ਵਾਰਸ ਅਤੇ ਕਿਸਾਨ ਜਥੇਬੰਦੀਆਂ ਦੇ ਆਗੂ ਉਸ ਨੂੰ ਸ਼ਰਧਾਂਜਲੀਆਂ ਭੇਟ ਕਰ ਰਹੇ ਹਨ ਅਤੇ ਤਿੰਨ ਖੇਤੀ ਆਰਡੀਨੈਂਸਾਂ ਦੇ ਕਾਨੂੰਨ ਬਣ ਜਾਣ ਤੋਂ ਬਾਅਦ ਦੇ ਸੰਘਰਸ਼ ਦੇ ਰੁਖ ਦੀ ਚਰਚਾ ਕਰਨਗੇ।

# ਦਿਨੋ ਦਿਨ ਬਦਲ ਰਿਹਾ ਪਿੰਡ ਸਭਿਆਚਾਰ

*ਅੱਜ ਇੱਕੀਵੀਂ ਸਦੀ ਵਿਚ ਪੁੱਜ ਕੇ ਪੰਜਾਬ ਦੇ ਪਿੰਡ ਅਤੇ ਪਿੰਡਾਂ ਦਾ ਜੀਵਨ ਢੰਗ ਵੀ ਉਹ ਨਹੀਂ ਰਿਹਾ ਜੋ ਅੱਜ ਤੋਂ ਚਾਰ ਪੰਜ ਦਹਾਕੇ ਪਹਿਲਾਂ ਸੀ। ਸਾਡੇ ਪਿੰਡਾਂ ਦੀ ਦਿੱਖ, ਕਾਰ-ਵਿਹਾਰ, ਰਹਿਣ-ਸਹਿਣ ਢੰਗ, ਵਰਤੋਂ ਵਿਵਹਾਰ ਅਤੇ ਭਾਈਚਾਰਾ ਹੋਰ ਦਾ ਹੋਰ ਹੋ ਗਿਆ ਹੈ। ਕੁਝ ਕੁ ਅਤਿ .ਗਰੀਬ ਅਤੇ ਆਰਥਿਕ ਤੰਗੀ-ਤੁਰਸ਼ੀ ਦਾ ਸ਼ਿਕਾਰ ਘਰਾਂ ਦਾ ਰਹਿਣ-ਸਹਿਣ ਭਾਵੇਂ ਪੁਰਾਣੇ ਢੰਗ ਦਾ ਹੋਵੇ, ਪਰ ਸਮੁੱਚੇ ਰੂਪ ਵਿਚ ਪੰਜਾਬ ਦੇ ਪਿੰਡਾਂ ਵਿਚ ਵਿਕਾਸ, ਨਵੀਨਤਾ ਅਤੇ ਖ਼ੁਸ਼ਹਾਲ ਜੀਵਨ ਦੀ ਝਲਕ ਦਿਸਦੀ ਹੈ। ਦੋ-ਤਿੰਨ ਦਹਾਕੇ ਪਹਿਲਾਂ ਪਰਦੇਸ ਗਿਆ ਕੋਈ ਵਿਅਕਤੀ, ਜਿਸ ਨੇ ਪਿੰਡੋਂ ਤੁਰਨ ਵੇਲੇ ਦਾ ਆਪਣੇ ਪਿੰਡ, ਦਾ ਪੁਰਾਣਾ ਤੇ ਰੁਮਾਨੀ ਬਿੰਬ ਅਜੇ ਵੀ ਆਪਣੇ ਦਿਲ ਵਿਚ ਸਾਂਭ-ਸਾਂਭ ਰੱਖਿਆ ਹੋਵੇ, ਜਦੋਂ ਕਦੇ ਆਪਣੇ ਦੇਸ਼ ਅਤੇ ਆਪਣੇ ਪਿੰਡ ਪਰਤਦਾ ਹੈ ਤਾਂ ਹੈਰਾਨ ਰਹਿ ਜਾਂਦਾ ਹੈ।*



ਸਮੇਂ ਦੀ ਤੋਰ ਤੋਂ ਹਰ ਕੋਈ ਪ੍ਰਭਾਵਿਤ ਹੁੰਦਾ ਹੈ। ਹਰ ਸੰਸਥਾ, ਹਰ ਸਮਾਜ ਅਤੇ ਹਰ ਵਸਤੂ ਇਸ ਤੋਂ ਪ੍ਰਭਾਵਿਤ ਹੁੰਦਿਆਂ ਆਪਣਾ ਰੰਗ, ਢੰਗ ਅਤੇ ਰੂਪ ਬਦਲਦੇ ਰਹਿੰਦੇ ਹਨ। ਪੁਰਾਣੇ ਰੰਗ-ਢੰਗ ਫਿੱਕੇ ਪੈ ਜਾਂਦੇ ਹਨ। ਪੁਰਾਣੀ ਵਿਚਾਰਧਾਰਾ ਨਵੇਂ ਮਾਪਦੰਡਾਂ ਅਤੇ ਸਿਧਾਂਤਾਂ ਵਿਚ ਪਰਿਵਰਤਿਤ ਹੁੰਦੀ ਰਹਿੰਦੀ ਹੈ।

ਅੱਜ ਇੱਕੀਵੀਂ ਸਦੀ ਵਿਚ ਪੁੱਜ ਕੇ ਪੰਜਾਬ ਦੇ ਪਿੰਡ ਅਤੇ ਪਿੰਡਾਂ ਦਾ ਜੀਵਨ ਢੰਗ ਵੀ ਉਹ ਨਹੀਂ ਰਿਹਾ ਜੋ ਅੱਜ ਤੋਂ ਚਾਰ ਪੰਜ ਦਹਾਕੇ ਪਹਿਲਾਂ ਸੀ। ਸਾਡੇ ਪਿੰਡਾਂ ਦੀ ਦਿੱਖ, ਕਾਰ-

## ਡਾ. ਸੁਰਿੰਦਰ ਗਿੱਲ

ਵਿਹਾਰ, ਰਹਿਣ-ਸਹਿਣ ਢੰਗ, ਵਰਤੋਂ ਵਿਵਹਾਰ ਅਤੇ ਭਾਈਚਾਰਾ ਹੋਰ ਦਾ ਹੋਰ ਹੋ ਗਿਆ ਹੈ। ਕੁਝ ਕੁ ਅਤਿ ਗ਼ਰੀਬ ਅਤੇ ਆਰਥਿਕ ਤੰਗੀ-ਤੁਰਸ਼ੀ ਦਾ ਸ਼ਿਕਾਰ ਘਰਾਂ ਦਾ ਰਹਿਣ-ਸਹਿਣ ਭਾਵੇਂ ਪੁਰਾਣੇ ਢੰਗ ਦਾ ਹੋਵੇ, ਪਰ ਸਮੁੱਚੇ ਰੂਪ ਵਿਚ ਪੰਜਾਬ ਦੇ ਪਿੰਡਾਂ ਵਿਚ ਵਿਕਾਸ, ਨਵੀਨਤਾ ਅਤੇ ਖ਼ੁਸ਼ਹਾਲ ਜੀਵਨ ਦੀ ਝਲਕ ਦਿਸਦੀ ਹੈ।

ਦੋ-ਤਿੰਨ ਦਹਾਕੇ ਪਹਿਲਾਂ ਪਰਦੇਸ ਗਿਆ ਕੋਈ ਵਿਅਕਤੀ, ਜਿਸ ਨੇ ਪਿੰਡੋਂ ਤੁਰਨ ਵੇਲੇ ਦਾ ਆਪਣੇ ਪਿੰਡ, ਪਿੰਡ ਦੀਆਂ ਸੱਥਾਂ, ਪਿੰਡ ਵਸਦੇ ਮਿੱਤਰਾਂ, ਗੁਆਂਢੀਆਂ, ਹਾਲੀਆਂ, ਪਾਲੀਆਂ ਅਤੇ ਬਜ਼ੁਰਗਾਂ ਦਾ ਪੁਰਾਣਾ ਤੇ ਰੁਮਾਨੀ ਬਿੰਬ ਅਜੇ ਵੀ ਆਪਣੇ ਦਿਲ ਵਿਚ ਸਾਂਭ-ਸਾਂਭ ਰੱਖਿਆ ਹੋਵੇ, ਜਦੋਂ ਕਦੇ ਵਾਪਸ ਆਪਣੇ ਦੇਸ਼ ਅਤੇ ਆਪਣੇ ਪਿੰਡ ਪਰਤਦਾ ਹੈ ਤਾਂ ਹੈਰਾਨ ਰਹਿ ਜਾਂਦਾ ਹੈ। ਹੈਰਾਨ ਹੀ ਨਹੀਂ ਹੁੰਦਾ, ਉਦਾਸ ਹੋ ਜਾਂਦਾ ਹੈ।

ਵਰ੍ਹਿਆਂ ਪਿੱਛੋਂ ਆਪਣੇ ਪਿੰਡ ਪਰਤੇ ਉਸ ਪਰਵਾਸ ਨੂੰ ਆਪਣੇ ਪਿੰਡ ਦੀ ਸਿਆਣ ਨਹੀਂ ਆਉਂਦੀ। ਪਿੰਡ ਦਾ ਸਮੁੱਚਾ ਰੰਗ-ਢੰਗ ਬਦਲਿਆ ਅਤੇ ਓਪਰਾ ਜਾਪਦਾ ਹੈ। ਸਾਫ਼-ਸੁਥਰਾ, ਸੁੰਦਰ, ਨਵਾਂ-ਨਵਾਂ, ਪਰ ਨੀਰਸ ਜਿਹਾ ਤੇ ਫਿੱਕਾ-ਫਿੱਕਾ। ਕਾਗਜ਼ੀ ਫੁੱਲਾਂ ਵਰਗਾ। ਨਾ ਜਿੰਦ ਨਾ ਜਾਨ। ਨਾ ਕੋਈ ਸੁਗੰਧ ਨਾ ਸਮੀਰ। ਪਿੰਡ ਦੇ ਲੋਕ ਵੀ ਬੇਪਛਾਣੇ, ਓਪਰੇ-ਓਪਰੇ। ਪਛਾਣ ਵੀ ਲਵੇ ਤਾਂ ਕਿਸੇ ਵਿਚ ਉਹ ਪੁਰਾਣਾ ਪਿਆਰ, ਉਹ ਮੋਹ, ਉਹ ਖਿੱਚ, ਉਹ ਅਪਣੱਤ ਨਹੀਂ ਹੈ। ਨਵੀਂ ਪੀੜ੍ਹੀ ਦੀ ਤਾਂ ਗੱਲ ਹੀ ਕੀ ਕਰਨੀ!

ਆਪਣੇ ਦੇਸ਼, ਆਪਣੇ ਪਿੰਡ, ਆਪਣੀ ਮਿੱਟੀ ਦਾ ਮੋਹ ਕਰਕੇ ਬਾਹਰੋਂ ਆਏ ਪਰਵਾਸੀ ਦਾ ਸੁਪਨਾ ਚਕਨਾਚੂਰ ਹੋ ਜਾਂਦਾ ਹੈ। ਵਰ੍ਹਿਆਂਬੱਧੀ ਮਨ ਵਿਚ ਪਾਲਿਆ, ਜਿਉਂਦਾ ਰੱਖਿਆ ਯਾਦਾਂ ਦਾ ਰੰਗਲਾ ਬਿੰਬ ਟੁਕੜੇ-ਟੁਕੜੇ ਹੋ ਜਾਂਦਾ ਹੈ। ਨਿਰਾਸ਼ਾ ਤੇ ਪਛਤਾਵੇ ਦੇ ਤਿੱਖੇ ਕੰਕਰ ਮਨ ਵਿਚ ਚੁਭਣ ਲੱਗਦੇ ਹਨ।

ਇਹ ਦੁਖਾਂਤ ਕਿਸੇ ਪਰਵਾਸੀ ਪੰਜਾਬੀ ਦਾ ਹੀ ਨਹੀਂ ਸਗੋਂ ਹਰ ਸੰਵੇਦਨਸ਼ੀਲ ਪੰਜਾਬੀ ਦੀ ਕਹਾਣੀ ਹੈ। ਇਕ ਕੌੜਾ-ਕੁਸੈਲਾ ਸੱਚ ਹੈ। ਪੰਜਾਬ ਦੇ ਪਿੰਡ "ਉਹ ਨਹੀਂ ਰਹਿਗੇ ਜੀ... ਹੋਰ ਕੁਛ ਹੋ ਗੇ...।"

ਅਜੋਕੇ ਪੰਜਾਬ ਦੇ ਪਿੰਡਾਂ ਦੇ ਜ਼ਿਆਦਾਤਰ ਵਾਸੀਆਂ ਵਿਚ ਨਾ ਪਹਿਲਾਂ ਵਾਂਗ ਮੋਹ, ਪਿਆਰ ਤੇ ਸਾਂਝ ਦੀਆਂ ਤੰਦਾਂ ਹਨ, ਨਾ ਭਾਵੁਕ ਤੇ ਜਜ਼ਬਾਤੀ ਰਿਸ਼ਤੇ-ਨਾਤੇ ਅਤੇ ਨਾ ਕੋਈ ਦਰਦ ਦਾ ਰਿਸ਼ਤਾ। 'ਭਾਈਚਾਰਾ' ਸ਼ਬਦ ਅਜੋਕੇ ਪੰਜਾਬ ਦੇ ਸ਼ਬਦਕੋਸ਼ ਵਿਚੋਂ ਗਾਇਬ ਹੈ ਅਤੇ ਭਾਈਚਾਰਕ ਸਬੰਧਾਂ ਦੀ ਤਾਂ ਹੋਂਦ ਹੀ ਗਵਾਚ ਗਈ ਹੈ। ਪਿੰਡ, ਪੰਚਾਇਤ ਜਾਂ ਸਮਾਜ ਤਾਂ ਦੂਰ ਦੀ ਗੱਲ ਹੈ, ਇਕੋ-ਇਕ ਪਿੰਡ ਵਿਚ ਵਸਦੇ ਲੋਕਾਂ ਦੀਆਂ ਪਰਸਪਰ ਪਰਿਵਾਰਕ ਸਾਂਝਾਂ ਵੀ ਮਰ-ਮੁੱਕ ਰਹੀਆਂ ਹਨ।

ਕਈ ਪਰਿਵਾਰ ਤਾਂ ਅਜਿਹੇ ਹਨ ਕਿ ਇਕ ਹੀ ਘਰ ਵਿਚ, ਇਕੋ ਛੱਤ ਹੇਠ ਰਹਿੰਦਿਆਂ ਵੀ ਇਕ ਹੀ ਪਰਿਵਾਰ ਦਾ ਹਰ ਇਕ ਜੀਵ ਜਾਂ ਵਿਅਕਤੀ ਇਕ ਵਿਅਕਤੀ ਹੈ। ਇਕੱਲਾ, ਸਵੈ-ਕੇਂਦਰਿਤ ਤੇ ਆਪਣੇ ਆਪ ਵਿਚ ਮਗਨ।

ਸਮਾਜਿਕ ਦ੍ਰਿਸ਼ਟੀ ਤੋਂ ਵੀ ਬਹੁਤ ਕੁਝ ਬਦਲ ਚੁੱਕਾ ਹੈ। ਪੁਰਾਣੇ ਪੰਜਾਬ ਦੇ ਪਿੰਡਾਂ ਦੇ ਬੱਚੇ ਸਕੂਲ ਜਾਂਦੇ, ਸਬਕ ਪੜ੍ਹਦੇ, ਉੱਚੀ-ਉੱਚੀ ਗਾ ਕੇ ਸੁਣਾਉਂਦੇ ਸਨ: ਸੱਸਾ ਸਾਦਾ, ਸੱਸਾ ਸਾਫ਼, ਸੱਸਾ ਸੱਚ, ਸੱਸਾ ਸਮਾਜ ਆਦਿ। ਅਜੋਕੇ ਸਕੂਲਾਂ ਵਿਚ ਬੱਚੇ ਆਪਣਾ ਸਬਕ ਜਾਂ ਪਾਠ ਰਲ ਕੇ ਗਾਉਂਦੇ ਨਹੀਂ। ਅੱਜਕੱਲ੍ਹ ਕੇਵਲ ਪੜ੍ਹਦੇ ਹਨ: ਸੱਸਾ ਸਾਡਾ, ਸੱਸਾ ਸਾੜ੍ਹਾ, ਸੱਸਾ ਸਵਾਰਥ ਆਦਿ।

ਪਿੰਡਾਂ ਦੀਆਂ ਸੱਥਾਂ ਦੀ ਦਿੱਖ ਅਤੇ ਵਰਤਾਰਾ ਵੀ ਬਦਲ ਗਿਆ ਹੈ। ਬਹੁਗਿਣਤੀ ਪਿੰਡਾਂ ਵਿਚ ਸੱਥ ਨੂੰ ਬਣਾ ਸੰਵਾਰ ਕੇ ਨਵਾਂ ਰੂਪ ਬਖਸ਼ਿਆ ਗਿਆ ਹੈ। ਰੁੱਖਾਂ ਦੇ ਤਣਿਆਂ ਤੋਂ ਬਣੇ ਖੁੰਢਾਂ ਦੀ ਥਾਂ ਸੀਮਿੰਟ ਦੇ ਪੱਕੇ ਬੈਂਚ ਜਾਂ ਆਧੁਨਿਕ ਕੁਰਸੀਆਂ ਜਾਂ ਲੋਹੇ ਦੇ ਬੈਂਚ ਸਜ ਗਏ ਹਨ।

ਪੁਰਾਣੇ ਪੇਂਡੂ ਸਮਾਜ ਵਿਚ ਇਕਾ-ਦੁੱਕਾ ਬੁੜ੍ਹੇ ਤਾਂ ਸਦਾ ਹੀ ਸੱਥ ਦੀ ਰੌਣਕ ਬਣੇ ਰਹਿੰਦੇ ਸਨ। ਆਥਣ ਵੇਲੇ ਸੱਥ 'ਤੇ ਜੋਬਨ ਆ ਜਾਂਦਾ ਸੀ। ਸੱਥ ਪਿੰਡ ਦੀ ਸੰਸਦ ਹੁੰਦੀ ਸੀ। ਕੋਈ ਵੀ ਵਿਅਕਤੀ, ਜਿਸ ਨੂੰ ਚਾਰ ਬੰਦਿਆਂ 'ਚ ਬੈਠ ਕੇ ਗੱਲ ਕਰਨ ਦੀ ਜਾਚ ਹੁੰਦੀ, ਇਸ ਸੰਸਦ ਦਾ ਮੈਂਬਰ ਹੋਣ ਦਾ ਹੱਕਦਾਰ ਸੀ। ਪਰ ਅੱਜਕੱਲ੍ਹ ਪਿੰਡਾਂ ਦੀਆਂ ਸੱਥਾਂ ਵਿਚ ਸੁੰਨ ਵਰਤੀ ਹੁੰਦੀ ਹੈ। ਸੱਥਾਂ ਵਿਚ ਉੱਲੂ ਬੋਲਦੇ ਹਨ। ਕਿਤੇ ਕੋਈ ਟਾਂਵਾ ਟੱਲਾ 'ਕੱਲਾ ਵਿਅਕਤੀ ਬੈਠਾ ਵੀ ਦਿਸਦਾ ਹੈ ਤਾਂ ਉਹ ਕੋਈ ਉਦਾਸ, ਉਪਰਾਮ, ਨਿਕੰਮਾ, ਵਿਹਲਾ ਅਤੇ ਘਰੋਂ ਬਾਹਰ ਧੱਕਿਆ ਤ੍ਰਿਸਕਾਰਿਆ ਹੀ ਜਾਪਦਾ ਹੈ ਜਾਂ ਕੋਈ ਅਮਲੀ ਜਾਂ ਆਦਿ ਛੜਾ ਜਿਹੜਾ ਰਾਹ ਜਾਂਦੀ ਆਉਂਦੀ, ਲੰਘਦੀ ਕਿਸੇ ਮੁਟਿਆਰ ਜਾਂ ਆਪਣੇ ਹਾਣ ਦੀ ਕਿਸੇ ਤੀਵੀਂ ਦੇ ਦਰਸ਼ਨਾਂ ਦੀ ਆਸ ਵਿਚ ਬੁੱਤ ਬਣਿਆ ਬੈਠਾ ਹੋਵੇ।

ਪਿੰਡਾਂ ਵਿਚ ਵੀ ਹੁਣ ਬਹੁਗਿਣਤੀ ਲੋਕ ਕੰਮਾਂ-ਕਾਰਾਂ ਤੋਂ ਵਾਪਸ ਘਰ ਆ ਕੇ ਚਾਹ ਦਾ ਪਿਆਲਾ ਲੈ ਕੇ, ਟੈਲੀਵਿਜ਼ਨ ਅੱਗੇ ਬੈਠ ਜਾਂਦੇ ਤੇ ਆਪਣੇ ਮਨਭਾਉਂਦੇ ਪ੍ਰੋਗਰਾਮ ਦੇਖਦੇ-ਸੁਣਦੇ ਹਨ। ਬਿਜਲੀ ਜਵਾਬ ਦੇ ਜਾਵੇ ਤਾਂ ਉੱਠ ਕੇ ਵਿਹੜੇ ਜਾਂ ਵੀਹੀ ਵਿਚ ਚੱਕਰ ਲਾਉਣ ਲੱਗਦੇ ਹਨ।

ਗਰਮੀਆਂ ਦੀਆਂ ਰਾਤਾਂ ਨੂੰ ਬਾਹਰ ਖੜ੍ਹ ਕੇ ਜਾਂ ਕੋਠੇ ਚੜ੍ਹ ਕੇ ਗੁਆਂਢੀਆਂ ਨਾਲ ਗੱਪ-ਸ਼ੱਪ ਮਾਰਨ ਦਾ ਹੁਣ ਰਿਵਾਜ ਨਹੀਂ ਰਿਹਾ। ਪਹਿਲਾਂ ਗੁਆਂਢੀਆਂ ਜਾਂ ਕਹੋ ਉਨ੍ਹਾਂ ਗੁਆਂਢੀਆਂ, ਜਿਨ੍ਹਾਂ ਵਿਚ ਪਰਸਪਰ ਮੋਹ ਜਾਂ ਸਾਂਝ ਹੁੰਦੀ ਸੀ, ਦਾ ਇਕ-ਦੂਜੇ ਨਾਲ ਨਿੱਤ ਵਰਤੋਂ ਦੀਆਂ ਚੀਜ਼ਾਂ ਜਾਂ ਖਾਣ-ਪੀਣ ਸਮੱਗਰੀ ਦਾ ਅਦਾਨ-ਪ੍ਰਦਾਨ ਨਿਰੰਤਰ ਚਲਦਾ ਰਹਿੰਦਾ ਸੀ। ਵੇਲੇ-ਕੁਵੇਲੇ ਦਾਲ, ਸਾਗ, ਖੀਰ, ਸੇਵੀਆਂ ਜਾਂ ਕੜਾਹ ਦੀ ਬਾਟੀ ਜਾਂ ਕਟੋਰਾ ਦੇਣਾ ਲੈਣਾ ਚਲਦਾ ਸੀ ਜਾਂ ਕਿਸੇ ਹੋਰ ਵਸਤੂ ਵਿਸ਼ੇਸ਼ ਦਾ ਆਦਾਨ-ਪ੍ਰਦਾਨ ਹੁੰਦਾ ਸੀ। ਲੋੜ ਪੈਣ 'ਤੇ ਦੁੱਧ ਦਾ ਗਿਲਾਸ ਜਾਂ ਗੜਵੀ ਲੈ ਲੈਣੀ। ਦੁੱਧ ਨੂੰ ਜਾਗ ਲਾਉਣ ਵਾਸਤੇ ਲੱਸੀ ਜਾਂ ਦਹੀਂ ਦੀ ਛਿੱਟ ਲੈਣਾ-ਦੇਣਾ ਤਾਂ ਆਮ ਹੀ ਸੀ। ਇਕ ਨੇ ਕਹਿਣਾ, "ਨੀ ਚਾਚੀ ਥੋੜ੍ਹੀ ਦਾਲ ਹੈਗੀ ਤਾਂ ਦੇ ਦੇ! ਆਹ ਹੁਣੇ ਦੋ ਪ੍ਰਾਹੁਣੇ ਆਗੇ...।"

ਹੁਣ ਘਰ-ਘਰ ਫਰਿੱਜ ਪਏ ਨੇ। ਇਕ-ਦੂਜੇ 'ਤੇ ਨਿਰਭਰਤਾ ਘਟੀ ਹੈ। ਉਂਜ ਵੀ ਆਧੁਨਿਕ ਜੀਵ ਦ੍ਰਿਸ਼ਟੀ ਅਨੁਸਾਰ ਇਸ ਨੂੰ ਵਕਾਰ ਦਾ ਸਵਾਲ ਸਮਝਿਆ ਜਾਂਦਾ ਹੈ। ਅਜਿਹਾ ਕੋਈ ਮੌਕਾ ਆ ਵੀ ਜਾਵੇ ਤਾਂ ਘਰ ਦੀ ਸੁਆਣੀ ਗੁਆਂਢ ਮੱਥੇ ਕੁੰਡਾ ਖੜਕਾਉਣ ਤੋਂ ਝਿਜਕਦੀ ਹੈ ਅਤੇ ਪਿੰਡ ਵਿਚ ਦੂਜੀ ਪੱਤੀ ਜਾਂ ਦੂਰ ਵਸਦੇ ਕਿਸੇ ਨੇੜਲੇ ਜਾਂ ਸਹਿਕਰਮੀ ਜਾਂ ਸਹੇਲੀ ਨੂੰ ਟੈਲੀਫੋਨ ਕਰਦੀ ਹੈ, "ਹੈਲੋ ਗੁਰਮੀਤ! ਸੌਂ ਤਾਂ ਨਹੀਂ ਸੀ ਗਏ ਕਿਤੇ? ਨੀ ਕੀ ਦੱਸਾਂ ਹੁਣ ਦੇਖਿਆ ਦਹੀਂ ਜਮਾਉਣ ਵਾਸਤੇ ਖੱਟਾ ਹੈ ਨੀ।" ਅਤੇ ਅਗਲੀ ਵੱਲੋਂ 'ਹਾਂ' ਕਹਿਣ 'ਤੇ 11ਵੀਂ 'ਚ ਪੜ੍ਹਦਾ ਪੁੱਤਰ ਸਕੂਟਰ ਜਾਂ ਸਾਈਕਲ 'ਤੇ ਜਾਂਦਾ ਅਤੇ ਕਟੋਰੀ ਵਿਚ ਚਮਚ ਦਹੀਂ ਦਾ ਲੈ ਕੇ ਆਉਂਦਾ ਹੈ। ਗੁਆਂਢਣ ਤੋਂ ਦਹੀਂ ਮੰਗਣਾ ਵੀ ਵਕਾਰ ਦਾ ਬਿੰਦੂ ਹੈ। ਉਹ ਸਮੇਂ ਬੀਤ ਗਏ ਜਦੋਂ ਸਿਆਲ ਦੀ ਅੱਧੀ ਰਾਤ ਸਮੇਂ ਗੁਆਂਢੀਆਂ ਨੂੰ ਜਗਾ ਕੇ ਕਹਿ ਦਿੰਦੇ ਸੀ, "ਬਾਈ ਸੁਖਦੇਵ ਸਿੰਹਾ! ਇਕ ਖੇਚਲ ਕਰਨੀ ਪਊ। ਆਹ ਪੰਜ ਪ੍ਰਾਹੁਣੇ ਆ ਗਏ। ਦੋ ਬੰਦੇ ਤੁਹਾਡੀ ਬੈਠਕ ਵਿਚ ਸੌਣਗੇ। ਦੋ ਬਿਸਤਰੇ ਲਾ ਦਿਓ।"

ਅਜਿਹੀਆਂ ਸਾਂਝਾਂ ਹੁਣ ਮਰ-ਮੁੱਕ ਗਈਆਂ ਜਾਂ ਮਰ ਰਹੀਆਂ ਹਨ।

A BEAUTIFUL FUTURE AWAITS

# ENCLAVE

NORTH KELLYVILLE

## LAND NOW SELLING

ENQUIRE NOW
www.enclavenorthkellyville.com.au

LAURA COLEMAN
8834 3200 | 0415 032 367







OPES PROPERTY PARTNERS

Webinar Invitation

Australia India Business Council

Australia-India Business Council
Women in Business Victoria Chapter

Australia India
Women in Business
Opportunities & Challenges
during COVID-19

Wednesday, 14 October 2020
4:00pm - 5:15pm AEDT | 10:30am - 11:45am IST

Opening Address
Her Excellency the Honourable
Linda Dessau AC
Governor of Victoria Australia

Panellists

The Hon. Jaala Pulford
Minister for Employment
Minister for Innovation, Medical Research and the Digital Economy
Minister for Small Business

Jahnabi Phookan
National President of FLO, the Women's Wing of FICCI
Director, JTI Group

Meghan Speers
Partner - Deloitte
Co-Lead - Deloitte Tax & Legal Women Connect

Michelle Wade
Commissioner to South Asia
State Government of Victoria, Australia

Dr. Ritu Anand
Senior Vice President & Chief Diversity Officer - Tata Consultancy Services

Reet Phulwani
Chair, AIBC Women in Business Victoria Chapter
Director of Medisurge Pharmaceuticals

Sadhana Smiles
Chief Executive Officer - Real Estate Industry Partners (REIP)
Director Harcourts Move
Telstra Business Women Winner 2013

Mira Dsilva
Co-Founder Delivery Centric

Sum up & Vote of Thanks
Ravneet Pawha
AIBC Victoria President
Deputy Vice President - Global
CEO - South Asia
Deakin University

Moderator
Sheba Nandkeolyar
National Chair AIBC Women in Business.
Immediate Past National Chair,
Founder & CEO MultiConnexions Group

COVID-19 has had an unprecedented effect on our lives and business plans. The pandemic has created multiple challenges not only for entrepreneurs in general but also for women entrepreneurs. Some of the challenges faced by women in business include, carrying the load for home schooling, childcaring and domestic responsibilities, adapting to changes, mental health and maintaining stamina/ engagement, and balancing multiple roles. Certain sectors have faced more challenges such as Education, Health, Travel & Tourism, Trade & Investment, Cybersecurity amongst others. Our panel members will share their resilience strategies and how they continue to contribute to the Australia India bilateral initiatives.

Keen to become an AIBC member?
Contact
Wendy Farrell
AIBC National Secretariat
secretariat@aibc.org.au

Webinar Partner
National Corporate Member
Deloitte.

Register at www.aibc.org.au


# ਤਿੜਕਦੇ ਰਿਸ਼ਤਿਆਂ ਦੀ ਦਾਸਤਾਨ

ਪੁਰਾਣੇ ਸਮਿਆਂ ਵਿੱਚ ਘਰ ਕੱਚੇ ਹੁੰਦੇ ਸਨ ਅਤੇ ਰਿਸ਼ਤੇ ਪੱਕੇ ਹੁੰਦੇ ਸਨ। ਪਰੰਤੂ ਅਜੋਕੇ ਸਮੇਂ ਵਿੱਚ ਘਰ ਤਾਂ ਪੱਕੇ ਹੋ ਗਏ ਪਰ ਰਿਸ਼ਤੇ ਕੱਚੇ ਸਾਬਿਤ ਹੋ ਰਹੇ ਹਨ। ਮਨੁੱਖੀ ਰਿਸ਼ਤਿਆਂ ਵਿੱਚ ਘਟ ਰਿਹਾ ਪਿਆਰ ਅਤੇ ਪੈਸੇ ਦੀ ਦੌੜ ਨੇ ਰਿਸ਼ਤੇ ਕੰਮਜ਼ੋਰ ਕਰ ਦਿੱਤੇ ਹਨ। ਅਸੀਂ ਆਮ ਦੇਖ ਰਹੇ ਹਾਂ ਬਹੁਤੇ ਨਵੇਂ ਬਣੇ ਰਿਸ਼ਤੇ ਬਹੁਤ ਜਲਦੀ ਟੁੱਟ ਰਹੇ ਹਨ ਅਤੇ ਕਈ ਪੁਰਾਣੇ ਰਿਸ਼ਤਿਆਂ ਦੀਆਂ ਜੜਾਂ ਵੀ ਸਮੇਂ ਨਾਲ ਮਜਬੂਰੀਆਂ ਅਤੇ ਬੇਰੁਖੀਆਂ ਕਾਰਨ ਕਮਜ਼ੋਰ ਹੋ ਰਹੀਆਂ ਹਨ। ਦਿਲਾਂ ਵਿੱਚ ਵਧ ਰਹੀਆਂ ਦੂਰੀਆਂ ਅਤੇ ਬਿਨਾਂ ਸੋਚੇ ਸਮਝੇ ਕਹੀਆਂ ਗਈਆਂ ਚੁੱਭਵੀਆਂ ਗੱਲਾਂ ਇਨਸਾਨੀ ਰਿਸ਼ਤਿਆਂ ਨੂੰ ਗਿਰਾਵਟ ਵੱਲ ਲੈ ਕੇ ਜਾ ਰਹੇ ਹਨ, ਜਿਸ ਕਾਰਨ ਬਹੁਤ ਲੋਕ ਕੋਰਟ ਕੇਸਾਂ ਵਿੱਚ ਉਲਝੇ ਵੇਖੇ ਗਏ ਹਨ। ਅਜਿਹੇ ਲੋਕ ਆਪਣੀ ਜ਼ਿੰਦਗੀ ਦੇ ਹੁਸੀਨ ਪਲ ਕੋਰਟ ਕਚਿਹਰੀਆਂ ਵਿੱਚ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਖਾਤਰ ਅਜਾਈਂ ਗੁਆ ਰਹੇ ਹਨ ਤੇ ਇਸ ਬੇਤੁਕੀ ਲੜਾਈ ਵਿੱਚ ਆਪਣੇ ਪਿਆਰੇ ਬੱਚਿਆਂ ਦਾ ਬਚਪਨ ਗੁਆ ਰਹੇ ਹਨ।



ਅੱਜ ਲੋਕਾਂ ਕੋਲ ਇੱਕ ਦੂਜੇ ਲਈ ਸਮਾਂ ਨਹੀਂ ਹੈ। ਕੁਝ ਰਿਸ਼ਤੇ ਮਜਬੂਰੀਆਂ ਵੱਸ ਨਿਭਾਏ ਜਾ ਰਹੇ ਹਨ ਅਤੇ ਕੁਝ ਕਿਸੇ ਨਾ ਕਿਸੇ ਲਾਲਚ ਖਾਤਰ ਨਿਭਾਏ ਜਾ ਰਿਹੇ ਹਨ। ਅੱਜ ਦੇ ਇਸ ਤੇਜ਼ੀ ਵਾਲੇ ਯੁੱਗ ਵਿੱਚ ਕਈ ਮਨੁੱਖ ਆਪਣੀ ਵਿਆਹੁਤਾ ਜ਼ਿੰਦਗੀ ਨੂੰ ਇੱਕ ਦੌੜ ਵਾਂਗ ਜਿਊਣ ਲਈ ਮਜਬੂਰ ਹੋਏ ਪਏ ਹਨ। ਅਜੋਕਾ ਮਨੁੱਖ ਅਹੁਦਿਆਂ, ਡਾਲਰਾਂ ਅਤੇ ਫੋਕੀਆਂ ਸ਼ੋਹਰਤਾਂ ਦੀ ਦੌੜ ਵਿੱਚ ਆਪਣੇ ਰਿਸ਼ਤਿਆਂ ਨੂੰ ਭੁਲਾ ਕੇ ਆਪਣੀ ਅਸਲ ਜਿਊਣ ਯੋਗ ਜ਼ਿੰਦਗੀ ਦਾ ਖਾਤਮਾ ਕਰ ਰਿਹਾ ਹੈ।

ਕੁਝ ਦਿਨ ਪਹਿਲਾਂ ਮੈਂਨੂੰ ਇੱਕ ਅਜਿਹੇ ਹੀ ਰਿਸ਼ਤੇ ਨੂੰ ਟੁੱਟਣ ਤੋਂ ਬਾਅਦ ਅਚਾਨਕ ਬਣਦੇ ਹੋਏ ਦੇਖਿਆ। ਜੋ ਹਲਾਤ ਇਸ ਰਿਸ਼ਤੇ ਨੂੰ ਟੁੱਟਨ ਤੋਂ ਬਚਾਉਣ ਲਈ ਬਣਦੇ ਦੇਖੇ ਉਹ ਹਾਲਾਤ ਬਣਨੇ ਬਹੁਤ ਘੱਟ ਹੀ ਸੰਭਵ ਹੁੰਦੇ ਹਨ। ਮੇਰੇ ਇੱਕ ਮਿੱਤਰ ਦਾ ਆਪਣੀ ਪਤਨੀ ਨਾਲ ਹਮੇਸ਼ਾ ਹੀ ਝਗੜਾ ਚੱਲਦਾ ਰਹਿੰਦਾ ਸੀ। ਉਨ੍ਹਾਂ ਦੇ ਵਿਆਹ ਹੋਏ ਨੂੰ ਤਕਰੀਬਨ ਗਿਆਰਾਂ ਕੁ ਸਾਲ ਹੋ ਗਏ ਹਨ। ਉਹਨਾਂ ਦਾ ਦਸ ਕੁ ਸਾਲਾਂ ਦਾ ਬਹੁਤ ਪਿਆਰਾ ਬੇਟਾ ਵੀ ਹੈ। ਸ਼ੁਰੁ ਤੋਂ ਹੀ ਉਹਨਾਂ ਦੀ ਘੱਟ ਹੀ ਬਣਦੀ ਦਿਸਦੀ ਸੀ। ਛੋਟੀ ਛੋਟੀ ਗੱਲ 'ਤੇ ਆਪਸ ਵਿੱਚ ਤਕਰਾਰ ਹੋ ਜਾਂਦਾ। ਕਈ ਵਾਰੀ ਅਸੀਂ ਦੋਸਤ ਵਿੱਚ ਪੈ ਕੇ ਉਹਨਾਂ ਦਾ ਸਮਝੌਤਾ ਕਰਵਾਉਂਦੇ।

ਇਸੇ ਤਰ੍ਹਾਂ ਉਹਨਾਂ ਦੀ ਜ਼ਿੰਦਗੀ ਚੱਲ ਰਹੀ ਸੀ ਪਰ ਹੁਣ ਕੁਝ ਕੁ ਮਹੀਨਿਆਂ ਤੋਂ ਉਹਨਾਂ ਦੀ ਖਟਪਟ ਜ਼ਿਆਦਾ ਹੀ ਚੱਲ ਰਹੀ ਸੀ। ਉਹ ਦੋਵੇਂ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ। ਉਨ੍ਹਾਂ ਦੀ ਬਜ਼ੁਰਗ ਮਾਤਾ ਅਤੇ ਉਨ੍ਹਾਂ ਦਾ ਬੇਟਾ ਦੋਵਾਂ ਨੂੰ ਲੜਦੇ ਦੇਖ ਅੰਦਰੋਂ ਅੰਦਰੀ ਝੁਰਦੇ ਰਹਿੰਦੇ ਸਨ। ਪਰ ਦੋਵੇ ਪਤੀ-ਪਤਨੀ ਇਸ ਗੱਲ ਤੋਂ ਬੇਖਬਰ ਸਨ ਕਿ ਉਹਨਾਂ ਦੇ ਬੇਟੇ 'ਤੇ ਇਸ ਦਾ ਕਿੰਨਾਂ ਬੁਰਾ ਪ੍ਰਭਾਵ ਪੈ ਰਿਹਾ ਸੀ। ਤੇ ਕੁਝ ਮਹੀਨੇ ਪਹਿਲਾਂ ਉਨ੍ਹਾਂ ਦਾ ਤਕਰਾਰ ਇੰਨਾ ਵਧ ਗਿਆ ਕਿ ਦੋਵੇਂ ਇੱਕ ਦੂਜੇ ਤੋਂ ਵੱਖ ਹੋਣ ਬਾਰੇ ਸੋਚਣ ਲੱਗ ਪਏ।

ਇੱਕ ਦਿਨ ਤਕਰਾਰ ਜ਼ਿਆਦਾ ਵਧਣ ਕਾਰਨ ਭਾਬੀ ਜੀ ਗੁੱਸੇ ਹੋ ਕੇ ਆਪਣੇ ਬੇਟੇ ਨੂੰ ਨਾਲ ਲੈ ਕੇ ਆਪਣੇ ਪੇਕੇ ਪਿੰਡ ਚਲੇ ਗਏ। ਕੁਝ ਦਿਨ ਬੀਤ ਗਏ। ਇਕ ਦਿਨ ਕਾਕਾ ਆਪਣੀ ਮਾਂ ਨੂੰ ਕਹਿੰਦਾ, ਮੰਮੀ ਆਪਣੇ ਘਰ ਚੱਲੋ, ਮੇਰਾ ਪਾਪਾ ਤੋਂ ਬਿਨਾਂ ਮਨ ਨਹੀਂ ਲੱਗ ਰਿਹਾ ਹੈ। ਪਰ ਭਾਬੀ ਜੀ ਉਸਨੂੰ ਕਹਿ ਛੱਡਦੇ ਕਿ ਤੇਰਾ ਪਾਪਾ ਆਵੇਗਾ ਤੇ ਲੈ ਜਾਵੇਗਾ। ਪਰ ਮੇਰਾ ਮਿੱਤਰ ਤੇ ਭਾਬੀ ਜੀ ਦੋਵੇ ਜਿੱਦ 'ਤੇ ਅੜੇ ਰਹੇ। ਨਾ ਉਹ ਲੈਣ ਗਿਆ ਤੇ ਨਾ ਭਾਬੀ ਜੀ ਆਪ ਆਉਣ ਨੂੰ ਤਿਆਰ ਸਨ। ਅਸੀਂ ਵੀ ਕਾਫੀ ਸਮਝਾਉਣ ਦੀ ਕੋਸ਼ਿਸ ਕੀਤੀ ਪਰ ਕੋਈ ਨਤੀਜਾ ਨਹੀਂ ਨਿੱਕਲਦਾ ਦਿਸ ਰਿਹਾ ਸੀ। ਆਖਰ ਕਾਕਾ ਇੱਕ ਦਿਨ ਬਹੁਤ ਜਿੱਦ ਕਰਨ ਲੱਗਾ ਤਾਂ ਉਸਦਾ ਮਾਮਾ ਕਾਕੇ ਨੂੰ ਪਿੰਡ ਦਾਦੀ ਕੋਲ ਛੱਡ ਗਿਆ। ਸ਼ਾਮ ਨੂੰ ਜਦੋਂ ਮੇਰਾ ਮਿੱਤਰ ਘਰ ਆਇਆ ਤਾਂ ਕਾਕੇ ਨੂੰ ਦੇਖ ਕੇ ਭਾਵੁਕ ਹੋ ਗਿਆ ਤੇ ਇੰਨੇ ਦਿਨਾਂ ਬਾਅਦ ਮਿਲਣ ਤੇ ਉਸਨੇ ਪੁੱਤਰ ਨੂੰ ਰੱਜ ਕੇ ਪਿਆਰ ਕੀਤਾ। ਕਾਕੇ ਨੇ ਰੋਂਦੇ ਹੋਏ ਕਿਹਾ ਕਿ ਪਾਪਾ ਜੀ ਮੰਮੀ ਨੂੰ ਵੀ ਲਿਆਓ। ਪਰ ਮੇਰੇ ਮਿੱਤਰ ਨੇ ਓਹੀ ਜਿੱਦ ਫੜ ਰੱਖੀ ਕਿ ਆਪ ਗਈ ਹੈ, ਆਪੇ ਹੀ ਆ ਜਾਵੇ, ਮੈਂ ਨਹੀਂ ਲੈ ਕੇ ਆਉਣੀ।

ਇੱਕ ਦਿਨ ਐਤਵਾਰ ਨੂੰ ਮਿੱਤਰ ਦਾ ਬੇਟਾ ਖੇਡਦਾ ਹੋਇਆ ਆਪਣੇ ਘਰ ਦੇ ਪੁਰਾਣੇ ਬਣੇ ਚੁਬਾਰੇ ਵਿੱਚ ਵੜ ਗਿਆ ਤੇ ਉੱਥੇ ਜਾ ਕੇ ਮੰਜੇ ਜੋੜ ਕੇ ਆਪਣਾ ਘਰ ਬਣਾ ਲਿਆ। ਕਾਫੀ ਸਮਾਂ ਲੰਘਣ ਤੋਂ ਬਾਅਦ ਦਾਦੀ ਨੇ ਕਾਕੇ ਨੂੰ ਅਵਾਜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਦਾਦੀ ਵਾਰ ਵਾਰ ਕਹਿ ਰਹੀ ਸੀ, ਪੁੱਤ ਥੱਲੇ ਆ ਜਾ ਤੇ ਰੋਟੀ ਖਾ ਲੈ। ਪਰ ਕਾਕੇ ਨੇ ਇੱਕ ਨਾ ਸੁਣੀ।

ਆਖਰ ਨੂੰ ਬੁੱਢੀ ਮਾਤਾ ਹੌਲੀ ਹੌਲੀ ਚੁਬਾਰੇ ਦੀਆਂ ਪੌੜੀਆਂ ਚੜ੍ਹਦੀ ਹੋਈ ਕਾਕੇ ਕੋਲ ਚਲੀ ਗਈ। ਕੀ ਦੇਖਦੀ ਹੈ ਕਿ ਕਾਕਾ ਆਪਣੇ ਮੰਜੇ ਜੋੜ ਕੇ ਬਣਾਏ ਘਰ ਵਿੱਚ ਪਿਆ ਸੀ। ਦਾਦੀ ਨੇ ਪਿਆਰ ਨਾਲ ਉਸਨੂੰ ਕਿਹਾ ਕਿ ਥੱਲੇ ਚੱਲ ਪੁੱਤ! ਪਰ ਕਾਕੇ ਨੇ ਬਹੁਤ ਹੀ ਦਿਲ ਨੂੰ ਛੂਹ ਲੈਣ ਵਾਲੀ ਗੱਲ ਕਹਿ ਦਿੱਤੀ, ਮੈਂ ਤਾਂ ਤੁਹਾਡੇ ਤੋਂ ਅੱਡ ਹੋ ਗਿਆ ਹਾਂ, ਮੈਂ ਨਹੀਂ ਤੁਹਾਡੇ ਨਾਲ ਰਹਿਣਾ। ਬੇਬੇ ਨੇ ਕਿਹਾ - ਨਾ ਪੁੱਤ ਇਉਂ ਨਾ ਕਹਿ, ਤਾਂ ਝੱਟ ਕਾਕਾ ਕਹਿੰਦਾ - ਦਾਦੀ ਮਾਂ ਜੇ ਮੰਮੀ-ਪਾਪਾ ਇੱਕ ਦੂਜੇ ਤੋਂ ਵੱਖ ਰਹਿਣਗੇ ਤਾਂ ਮੈਂ ਵੀ ਉਨ੍ਹਾਂ ਨਾਲ ਨਹੀਂ ਰਹਾਂਗਾ। ਬੇਬੇ ਨੇ ਬਥੇਰਾ ਸਮਝਾਇਆ, ਪਰ ਕਾਕਾ ਤਾਂ ਜਿਵੇਂ ਪੱਕੀ ਧਾਰ ਬੈਠਾ ਸੀ। ਬੇਬੇ ਉਸਨੂੰ ਸਮਝਾਉਂਦੀ ਹੋਈ ਦੁਬਾਰਾ ਫੇਰ ਥੱਲੇ ਆ ਗਈ।

ਸ਼ਾਮ ਹੋਈ ਤਾਂ ਮੇਰਾ ਮਿੱਤਰ ਘਰ ਆਇਆ ਤੇ ਕਾਕੇ ਨੂੰ ਅਵਾਜਾਂ ਮਾਰਨ ਲੱਗਾ। ਕਾਕੇ ਨੇ ਅਵਾਜਾਂ ਅਣਸੁਣੀਆਂ ਕਰ ਦਿੱਤੀਆਂ। ਜਦੋ ਕਾਕਾ ਹੇਠਾਂ ਨਾ ਉੱਤਰਿਆ ਤਾਂ ਉਸਦਾ ਪਾਪਾ ਨੇ ਚੁਬਾਰੇ ਚੜ੍ਹ ਕੇ ਦੇਖਿਆ ਕਿ ਕਾਕਾ ਮੰਜੇ ਜੋੜ ਕੇ ਆਪਣਾ ਨਿੱਕਾ ਜਿਹਾ ਘਰ ਬਣਾ ਕੇ ਇਸ ਘਰ ਵਿੱਚ ਸਵੇਰ ਦਾ ਭੁੱਖਾ ਪਿਆਸਾ ਪਿਆ ਸੀ।

ਪਾਪਾ ਨੇ ਬੱਚੇ ਨੂੰ ਘੂਰਦੇ ਹੋਏ ਕਿਹਾ ਕਿ ਕਾਕੇ ਤੂੰ ਮੇਰੀਆਂ ਅਵਾਜਾਂ ਨਹੀਂ ਸੁਣੀਆਂ ? ਤਾਂ ਅੱਗਿਓਂ ਕਾਕਾ ਫੇਰ ਕਹਿੰਦਾ, ਮੈਂ ਨਹੀਂ ਤੁਹਾਡੇ ਨਾਲ ਰਹਿਣਾ, ਮੈਂ ਤਾਂ ਤੁਹਾਡੇ ਤੋਂ ਅੱਡ ਹੋ ਗਿਆ ਹਾਂ। ਪਾਪਾ ਨੇ ਪੁੱਛਿਆ, ਕਾਕੇ ਇੱਦਾਂ ਕਿਉਂ ਕਹਿ ਰਿਹਾ ਹੈਂ ? ਤਾਂ ਝੱਟ ਕਾਕਾ ਆਪਣੇ ਪਾਪਾ ਨੂੰ ਕਹਿੰਦਾ ਜੇ ਤੁਸੀਂ ਮੰਮੀ-ਪਾਪਾ ਹੋ ਕੇ ਅੱਡ ਰਹਿ ਸਕਦੇ ਹੋ ਤਾਂ ਮੈਂ ਵੀ ਤੁਹਾਡੇ ਦੋਵਾਂ ਤੋਂ ਅੱਡ ਹੋ ਕੇ ਨਹੀਂ ਰਹਿ ਸਕਦਾ ? ਕਾਕਾ ਰੋਂਦਾ ਰੋਂਦਾ ਕਹਿੰਦਾ, ਪਾਪਾ, ਮੈਂਨੂੰ ਮੰਮੀ-ਪਾਪਾ ਦੋਵੇਂ ਚਹੀਦੇ ਹਨ। ਮੈਂ ਤੁਹਾਡੇ ਦੋਵਾਂ ਤੋਂ ਬਿਨਾਂ ਨਹੀਂ ਰਹਿ ਸਕਦਾ। ਇੰਨਾ ਸੁਣਦੇ ਹੀ ਉਸਦੇ ਪਾਪਾ ਨੇ ਕਾਕੇ ਨੂੰ ਆਪਣੀਆਂ ਬਾਹਾਂ ਵਿੱਚ ਚੁੱਕ ਲਿਆ ਤੇ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ।

ਅਗਲੇ ਹੀ ਪਲ ਦੋਵੇਂ ਜਣੇ ਥੱਲੇ ਬਰਾਂਡੇ ਵਿੱਚ ਆ ਗਏ। ਫਿਰ ਮੇਰੇ ਮਿੱਤਰ ਨੇ ਮੈਂਨੂੰ ਫੋਨ ਕੀਤਾ ਅਤੇ ਕਾਰ ਲੈ ਕੇ ਆਉਣ ਲਈ ਕਿਹਾ। ਮੈਂ ਕੁਝ ਕੁ ਮਿੰਟਾਂ ਵਿੱਚ ਉਸ ਕੋਲ ਪੁੱਜ ਗਿਆ ਤੇ ਉਸਨੇ ਕਾਕੇ ਵਾਲੀ ਸਾਰੀ ਗੱਲ ਮੈਂਨੂੰ ਦੱਸੀ। ਮੇਰਾ ਮਨ ਵੀ ਕਾਕੇ ਦੀਆਂ ਗੱਲਾਂ ਸੁਣ ਕੇ ਪਸੀਜ ਗਿਆ ਸੀ। ਮੇਰੇ ਬਿਨਾਂ ਕਹੇ ਮੇਰਾ ਮਿੱਤਰ ਮੇਰੀ ਕਾਰ ਲੈ ਕੇ ਕਾਕੇ ਨੂੰ ਵਿੱਚ ਬਿਠਾ ਕੇ ਵੀਹ ਕਿਲੋਮੀਟਰ ਦੂਰ ਕਾਕੇ ਦੇ ਨਾਨਕੇ ਪਿੰਡ ਜਾ ਕੇ ਭਾਬੀ ਨੂੰ ਵਾਪਸ ਲੈ ਕੇ ਆਪਣੇ ਪਿੰਡ ਆ ਗਿਆ। ਇਸ ਤਰ੍ਹਾਂ ਖੁਸ਼ੀ ਖੁਸ਼ੀ ਸਾਰਾ ਪਰਿਵਾਰ ਫਿਰ ਤੋਂ ਇਕੱਠਾ ਰਹਿਣ ਲੱਗ ਪਿਆ।

ਕਾਕੇ ਦੀ ਇਸ ਅੱਡ ਰਹਿਣ ਵਾਲੀ ਗੱਲ ਨੇ ਮੇਰੇ ਮਿੱਤਰ ਅਤੇ ਭਾਬੀ ਦੋਵਾਂ ਦੇ ਮਨ 'ਤੇ ਬਹੁਤ ਡੂੰਘਾ ਅਸਰ ਕੀਤਾ ਅਤੇ ਫੇਰ ਉਨ੍ਹਾਂ ਦੀ ਕਦੇ ਲੜਾਈ ਨਹੀਂ ਹੋਈ। ਪਰੰਤੂ ਮੈਂ ਸੋਚਦਾ ਹਾਂ ਕਿ ਇਸ ਕੇਸ ਵਿੱਚ ਤਾਂ ਪਤੀ ਪਤਨੀ ਦੀ ਆਪਸੀ ਸਮਝ ਨੇ ਅਤੇ ਕਾਕੇ ਦੀ ਮਾਰੀ ਇੱਕ ਸੱਟ ਨੇ ਦੋਵਾਂ ਦੇ ਟੁੱਟਦੇ ਰਿਸ਼ਤੇ ਨੂੰ ਜੋੜ ਦਿੱਤਾ ਪਰ ਸਮਾਜ ਵਿੱਚ ਅਜਿਹੇ ਕਿੰਨੇ ਹੀ ਰਿਸ਼ਤੇ ਹਨ, ਜੋ ਟੁੱਟ ਰਹੇ ਹਨ। ਕੋਰਟ-ਕਚਿਹਰੀਆਂ ਵਿੱਚ ਕੇਸ ਲੜ ਰਹੇ ਮਾਪੇ ਇਹ ਕਿਉਂ ਨਹੀਂ ਸੋਚ ਰਹੇ ਕਿ ਬੱਚੇ ਨੂੰ ਇਕੱਲੀ ਮਾਂ ਜਾਂ ਇਕੱਲਾ ਬਾਪ ਨਹੀਂ ਚਾਹੀਦੇ ਹੁੰਦੇ, ਸਗੋਂ ਉਨ੍ਹਾਂ ਬੱਚਿਆਂ ਨੂੰ ਆਪਣੇ ਮਾਂ ਅਤੇ ਬਾਪ ਦੋਵਾਂ ਦਾ ਪਿਆਰ ਚਾਹੀਦਾ ਹੈ।

ਪਿਆਰ ਤੋਂ ਵਿਹੁਣੇ ਬੱਚਿਆਂ ਦੇ ਕੇਸਾਂ ਵਿੱਚ ਉਲਝੇ ਮਾਪੇ ਬੱਚਿਆਂ ਦੇ ਦਿਲ ਦੀ ਹੂਕ ਸੁਣਨ ਅਤੇ ਬੱਚਿਆਂ ਨੂੰ ਸਾਂਝਾ ਪਿਆਰ ਦੇਣ। ਇਸ ਸਮੇਂ ਲੋੜ ਹੈ ਆਪਸੀ ਰਿਸ਼ਤਿਆਂ ਨੂੰ ਤਿੜਕਣ ਤੋਂ ਬਚਾਉਣ ਦੀ।

# Reaching the Unreachable

**A short Story**

I like one taxi shift in a week as it provides me a platform for talking to some multicultural people. It also provides discipline to me--- one day before I start getting ready for it and the following day I enjoy sound sleep for covering the sleeplessness of the night which I have worked through. Preparing for, doing and then gurgitating over it are three good stages which keep me disciplined because it is all preplanned and rostered.




Last month when I was working in St. Mary's area, I had a job flashing on my computer. It was for Amanda from Colyton. I accepted it and drove to pick her up. In almost four minutes I was in front of her house. She came out and jumped into my cab.

ਅਵਤਾਰ ਐਸ. ਸੰਘਾ
Avtar S. Sangha
0437641033



"Where are you going to?" I asked her

"Westmead", she answered.

"Which way? Motorway or Highway?"

"I am in a hurry. Better to go by Motorway."

I turned around and drove towards Roper road for entering into M4. In a couple of minutes my cab was on the motorway and I was rushing towards Westmead hospital. When I crossed the Reservoir road exit of Blacktown, I noticed the traffic slowing down. In a minute or two it was a screeching traffic jam. My customer was upset. She had two reasons for going by motorway--- 1. She was in a hurry to meet her sick mother in the hospital. 2. She had the presumption that the fast speed would cost her less.

"Driver, the traffic is at a standstill. What should we do? I am in hurry to meet my mother who is in critical condition ,"the lady customer entreated.

"I agree but there is no way out now except for waiting. You know it. We cannot exit from freeway anywhere we like. This is not highway. There may be some accident ahead. The police will take time for clearing the traffic. We need to have patience. Why did you not take the Great Western Highway? That would have been better for such a short distance like Westmead."

"You did not prefer that. At the very outset I had asked you which route you would prefer to follow. You opted motorway . I followed your advice. We cab drivers always follow the route nominated by the customers."

" I agree, driver. But what about the fare? It is going up. From Colyton to Westmead normally the fare is $ 50. It is already 50 now . The way we are waiting it may go to 80 or 90 . Can't you give me some concession?"

"No, we cannot give any concession. I can give concession if something happens due to my fault. Now it is happening by chance. Exit from motorway is impossible ."

"But driver , I must meet my mother who is dying. I had got a call from the hospital that she would be no more after one hour. My other relatives have already reached there. I must talk to her before she breathes her last. Cumberland Highway exit is not far from here. Any solution please? Explore some solution please. I must say my face to face bye to my mother before she ceases responding", she was blubbering and the traffic was still not moving. I was contemplating like this, "What should I do? My profession emphatically pronounces 'always care for your customers. Keep the aircon on if customer likes. Keep slow if there is a speed hump. Pay extra care to the veterans and aged people. Solve every viable problem of the customer, otherwise he/she can complain against the driver to the enforcement officer. The driver must have problem solving skill.' How can I solve this problem? I have emotional sympathy and empathy with her but I can do nothing. I cannot exit the freeway, nor do I have some solution in my mind."

The customer had started weeping bitterly now. Her blubbers had become bit loud. I was also very earnestly gurgitating over the issue. At last a vague idea came into my mind. I explained it to her:

"You see, Great Western Highway is quite close from here. The traffic on the highway is quite visible. If I call another cab for you on the highway, will you get off from my cab and walk towards the highway through these shrubbs, small trees, small ups and downs. The fence is a bit damaged. It is barricaded for repair. I will explain everything to that cab driver on the phone . He will park his cab on highway and come forward to escort you. But you should be beware of the police. No doubt this step is wrong but it is not illegal as it is being taken for the welfare of the customer. It will be through my call. I have a fellow taxi driver who also does the Sunday shift. Otherwise, he works other five days in a chicken factory of Tongabbie. Should I try him?"

My customer nodded 'yes' and there was a glint of hope on her face. I called my fellow cab driver. He was free and was also very close i.e. on Tongabbie road, Toongabbie. I briefed him everything quickly on the phone. He came and parked his cab on the highway and came forward through the bushes to take the customer with him. I told him that the customer is paying $80/- to both of us--- 40 for me and 40 for him. She must meet her dying mother in the hospital. She is getting call after call from her relatives in the hospital. My fellow cab man came forward through the bushes.

*The customer had started weeping bitterly now. Her blubbers had become bit loud. I was also very earnestly gurgitating over the issue. At least a vague idea came into my mind. I explained it to her.*

As I was in the left lane, I drove my cab out of the traffic and parked it on the shoulder of the road with my hazard lights on. I took the fare from the customer and gave half of it to my fellow driver who escorted her towards the highway. He drove her fast to Westmead . She was in the hospital in 20 minutes. After entering the ward she sobbed, blubbered and hugged her mother & all others present there had tears in their eyes. Amanda uttered, "Mum, I have come ! Mum I have arrived! Mum! Forgive me ! I took time! Wait mum! Where are you going, mum?...............!"

Mum could only exclaim in a sigh:

"Don't worry, Amanda! May God bless you!!"

And the old lady breathed her last howling: A.....m...a...n...da! My darling A.....m.....a....n....da!!

OPENING
★ SOON ★

# My Indian Bazaar

## INDIAN SUPERMARKET

Kings Langley Shopping Centre,
Corner Ravenhill Street
and Isaac Smith Parade, Kings Langley, NSW

02 8605 3768
myindianbazaar@hotmail.com

Shop T15, The Ponds Shopping Centre
(Corner of the Pond Boulevard & Riverbank Drive)
The Ponds NSW 2769